

# ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸੰਪਾਦਕ : ਨਿਹਾਲ ਸਿੰਘ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ !!

# ਸ੍ਰੀ ਸਤਿਗੁਰੂ ਰਾਮ ਸਿੰਘ ਜੀ

( ਵਿਦਵਾਨਾਂ ਦੀਆਂ ਨਜ਼ਰਾਂ ਵਿਚ )

ਸੰਪਾਦਕ :
ਨਿਹਾਲ ਸਿੰਘ

ਪ੍ਰਕਾਸ਼ਕ :

**ਨਾਮਧਾਰੀ ਦਰਬਾਰ**

Namdhari Elibrary NamdhariElibrary@gmail.com

1985

© ਨਾਮਧਾਰੀ ਦਰਬਾਰ

ਪਹਿਲੀ ਵਾਰ : 1000 ਕਾਪੀ

ਪ੍ਰਕਾਸ਼ਕ :
ਨਾਮਧਾਰੀ ਦਰਬਾਰ
40, ਅਸ਼ੋਕ ਰੋਡ, ਨਵੀਂ ਦਿੱਲੀ-110001
ਫੋਨ : 381626

ਪ੍ਰਿੰਟਰ :
ਜਨਤਕ ਪ੍ਰੈਸ
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006
ਫੋਨ : 230822, 2522502

ਮੁੱਲ : 45 ਰੁਪਏ

Namdhari Elibrary NamdhariElibrary@gmail.com

## ਸਮਰਪਨ

' ਉਨ੍ਹਾਂ ਦੇਸ਼ ਭਗਤਾਂ, ਕੌਮੀ ਸੇਵਕਾਂ ਤੇ ਸਾਹਿਤਕਾਰਾਂ ਜਿਨ੍ਹਾਂ ਦੇਸ਼, ਕੌਮ ਤੇ ਧਰਮ ਵਾਸਤੇ ਜਾਨਾਂ ਦੀ ਬਾਜ਼ੀ ਲਾਈ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਦੋ ਸ਼ਬਦ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਧਾਰਮਿਕ, ਸਮਾਜਕ ਤੇ ਰਾਜਨੀਤਕ ਸੇਧ ਉਦੋਂ ਪ੍ਰਦਾਨ ਕੀਤੀ ਜਦੋਂ ਦੇਸ਼ ਵਿਚ ਪੂਰੀ ਤਰ੍ਹਾਂ ਅਸਥਿਰਤਾ ਸੀ ਅਤੇ ਲੋਕ ਆਚਰਨਹੀਨ ਹੁੰਦੇ ਚਲੇ ਜਾ ਰਹੇ ਸਨ। ਅੰਗਰੇਜ਼ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਸਵਰਗਵਾਸ ਹੋਣ ਤੋਂ ਦਸ ਸਾਲ ਬਾਦ ਪੰਜਾਬ ਤੇ ਵੀ ਕਾਬਜ਼ ਹੋ ਚੁਕੀ ਸੀ।

ਸਤਿਗੁਰੂ ਜੀ ਨੇ ਦੇਸ਼ ਨੂੰ ਸੁਤੰਤਰ ਕਰਾਉਣ ਵਾਸਤੇ ਇਕ ਅੰਦੋਲਨ ਸ਼ੁਰੂ ਕੀਤਾ ਜਿਸ ਨੂੰ ਇਤਿਹਾਸ ਨੇ 'ਕੂਕਾ ਅੰਦੋਲਨ' ਦਾ ਨਾਮ ਦਿਤਾ। ਇਸ ਅੰਦੋਲਨ ਦੇ ਵਿਚੋਂ ਅਸਹਿਯੋਗ, ਅਹਿੰਸਾ ਅਤੇ ਸੁਦੇਸ਼ੀ ਨੂੰ ਲੈ ਕੇ ਵੀਹਵੀਂ ਸਦੀ ਵਿਚ ਮਹਾਤਮਾ ਗਾਂਧੀ ਜੀ ਨੇ ਦੇਸ਼ ਦੀ ਆਜ਼ਾਦੀ ਪ੍ਰਾਪਤ ਕੀਤੀ। ਅੰਗਰੇਜ਼ ਸਰਕਾਰ ਨੇ ਤਾਂ ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੂੰ 1872 ਵਿਚ ਜਲਾਵਤਨ ਕਰ ਦਿਤਾ ਸੀ, ਪਰ ਸੁਤੰਤਰਤਾ ਸੰਗਰਾਮ ਦੇ ਪਾਧੀਆਂ ਨੇ ਉਹਨਾਂ ਨੂੰ ਸਦਾ ਚੇਤੇ ਰਖਿਆ ਅਤੇ ਵਖ ਵਖ ਸਮੇਂ ਆਪਣੇ ਭਾਸ਼ਨਾਂ ਤੇ ਲੇਖਾਂ ਰਾਹੀਂ ਉਹਨਾਂ ਦੀ ਪ੍ਰਸੰਸਾ ਕਰਦੇ ਰਹੇ ਤੇ ਉਹਨਾਂ ਦੇ ਪੂਰਨਿਆਂ ਤੇ ਤੁਰਨ ਦਾ ਯਤਨ ਕਰਦੇ ਰਹੇ।

ਮਾਸਟਰ ਨਿਹਾਲ ਸਿੰਘ ਜੀ, ਜੋ ਨਾਮਧਾਰੀ ਪੰਥ ਦੇ ਬਜ਼ੁਰਗ ਅਤੇ ਸਤਿਕਾਰ ਯੋਗ ਵਿਦਵਾਨ ਹਨ ਅਤੇ ਇਸ ਸਮੇਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਵਜੋਂ ਸੇਵਾ ਕਰ ਰਹੇ ਹਨ, ਨੇ ਬੜੇ ਉਚੇਚੇ ਯਤਨਾਂ ਨਾਲ ਉਹਨਾਂ ਸਾਰੀਆਂ ਲਿਖਤਾਂ ਨੂੰ ਇਕੱਤਰ ਕਰਕੇ ਪੁਸਤਕ ਦਾ ਰੂਪ ਦਿਤਾ ਹੈ, ਜੋ ਆਉਣ ਵਾਲੇ ਸਮੇਂ ਵਿਚ ਵਿਦਵਾਨਾਂ, ਖੋਜੀਆਂ ਅਤੇ ਦੇਸ਼ ਪ੍ਰੇਮੀਆਂ ਵਾਸਤੇ ਅਤੀ ਲਾਭਕਾਰੀ ਸਿੱਧ ਹੋਵੇਗੀ।

ਮਾਸਟਰ ਨਿਹਾਲ ਸਿੰਘ ਜੀ ਦੇ ਦਰਸ਼ਨ ਹੀ ਨਾਮਧਾਰੀ ਨੌਜਵਾਨਾਂ ਵਾਸਤੇ ਇਕ ਬਹੁਤ ਵਡੀ ਪ੍ਰੇਰਨਾ ਹਨ। ਉਹਨਾਂ ਨੇ ਸਾਰੀ ਉਮਰ ਸਮਾਜ ਦੀ ਨਿਸ਼ਕਾਮ ਸੇਵਾ ਕੀਤੀ ਹੈ। ਅਜ ਵੀ 75 ਸਾਲ ਤੋਂ ਵੱਧ ਆਯੂ ਹੋਣ ਦੇ ਬਾਵਜੂਦ ਕਿਸੇ ਨਾ ਕਿਸੇ ਉਸਾਰੂ ਕੰਮ ਵਿਚ ਜੁਟੇ ਰਹਿੰਦੇ ਹਨ, ਜਿਸ ਕਰਕੇ ਇਹਨਾਂ ਨਾਲ ਕੰਮ ਕਰਨ ਵਾਲਿਆਂ ਨੂੰ ਵੀ ਨਵਾਂ ਜਜ਼ਬਾ ਤੇ ਉਤਸ਼ਾਹ ਮਿਲਦਾ ਹੈ। ਆਪ ਇਤਨੇ ਵਿਦਵਾਨ ਹੋਣ ਦੇ ਬਾਵਜੂਦ ਵੀ ਨਿਮਰਤਾ ਦੀ ਮੂਰਤੀ ਹਨ।

Namdhari Elibrary NamdhariElibrary@gmail.com

ਮੇਰੀ ਅਰਦਾਸ ਹੈ ਕਿ ਸਤਿਗੁਰੂ ਇਹਨਾਂ ਨੂੰ ਲੰਮਾ ਤੇ ਅਰੋਗ ਜੀਵਨ ਬਖਸ਼ਣ ਤਾਂ ਜੋ ਇਹ ਹੋਰ ਦੇਸ਼-ਕੌਮ ਦੀ ਸੇਵਾ ਕਰ ਸਕਣ ਅਤੇ ਅਸੀਂ ਇਹਨਾਂ ਦੀ ਵਿਦਵਤਾ ਤੇ ਲਗਨ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕੀਏ।

ਮੈਂ ਇਹਨਾਂ ਨੂੰ ਇਸ ਪੁਸਤਕ ਦੀ ਸੰਪਾਦਨਾ ਕਰਨ ਤੇ ਹਾਰਦਿਕ ਵਧਾਈ ਤੇ ਸ਼ੁਭ ਇਛਾਵਾਂ ਭੇਂਟ ਕਰਦਾ ਹਾਂ।

—ਹਰਵਿੰਦਰ ਸਿੰਘ ਹੰਸਪਾਲ
ਮੈਂਬਰ ਪਾਰਲੀਮੈਂਟ, ਰਾਜ ਸਭਾ

4-3-85

Namdhari Elibrary NamdhariElibrary@gmail.com

# ਆਪਣੇ ਵਲੋਂ

ਸੱਤ ਫਕੀਰ ਇਕ ਗੋਦੜੀ ਵਿਚ ਸਮਾਂ ਗੁਜਾਰ ਸਕਦੇ ਹਨ, ਪਰ ਦੋ ਬਾਦਸ਼ਾਹ, ਇਕ ਰਾਜ ਵਿਚ ਨਹੀਂ ਰਹਿ ਸਕਦੇ। ਅੰਗਰੇਜ਼ ਸਤਿਗੁਰੂ ਰਾਮ ਸਿੰਘ ਜੀ ਤੋਂ ਉਸ ਵੇਲੇ ਭੈ ਭੀਤ ਹੋਇਆ, ਜਦ ਉਸਨੂੰ ਇਹ ਸੋ ਕੰਨੀ ਪਈ ਕਿ ਉਸਦੇ ਪੈਰੋਕਾਰ, ਉਨ੍ਹਾਂ ਨੂੰ **ਸੱਚੇ ਪਾਤਸ਼ਾਹ** ਕਹਿ ਸਤਿਕਾਰਦੇ ਹਨ। ਇਸ ਰਪੋਟ ਨੇ ਅੰਗਰੇਜ਼ ਦੀ ਨੀਂਦ ਹਰਾਮ ਕਰ ਦਿੱਤੀ। ਇਹ ਰਪਟ ਹੈ ਵੀ ਗ਼ਲਤ ਨਹੀਂ ਸੀ, ਕਿਉਂਕਿ ਸਤਿਗੁਰ ਲੱਖਾਂ ਦਿਲਾਂ ਤੇ ਰਾਜ ਕਰਦੇ ਸਨ। ਸੱਚੇ ਪਾਤਸ਼ਾਹ ਦੇ ਮੋਟੇ ਨੇਤਰ, ਖੰਡੇ ਦੀ ਤੇਜ਼ ਧਾਰ ਵਾਲਾ ਨੱਕ, ਦਮਕਦਾ ਚਿਹਰਾ, ਲੰਮੀ ਗਰਦਨ, ਹਾਥੀ ਦੇ ਸੁੰਢ ਵਰਗੀਆਂ ਗੋਡਿਆਂ ਤੀਕ ਬਾਹੀਂ ਦਰਸ਼ਕਾਂ ਨੂੰ ਅਕਰਸ਼ਤ ਕੀਤੇ ਬਿਨਾ ਨਹੀਂ ਰਹਿੰਦੇ ਸਨ। ਇਸਦੇ ਨਾਲ ਜਦ ਉਹ ਸੁਨਹਿਰੀ ਤਿੱਲੇਦਾਰ ਕਾਠੀ ਪਾ ਚੀਨੀ ਦੀ ਸਵਾਰੀ ਕਰਦੇ ਤਾਂ ਅਗੇ ਪਿੱਛੇ ਦਰਸ਼ਨੀ ਸੂਬੇ ਹੁੰਦੇ। ਉਨ੍ਹਾਂ ਦੇ ਨਾਲ ਹਜ਼ਾਰਾਂ ਸਿਖ ਜੈਕਾਰੇ ਛਡਦੇ। ਫਿਰ ਉਨ੍ਹਾਂ ਦਾ ਨਿਸ਼ਾਨਾ ਵੀ ਗੋਰ ਨੂੰ ਦੇਸ਼ੋਂ ਕਢ ਖਾਲਸਾ ਰਾਜ ਸਥਾਪਨਾ ਸੀ। ਜਿਸਦਾ ਮੁੱਢ ਵੀ ਉਨ੍ਹਾਂ ਬੰਨ੍ਹ ਦਿੱਤਾ ਸੀ। ਉਨ੍ਹਾਂ ਪਾਸ ਫਰਿਆਦੀ ਆਉਂਦੇ, ਦਰਬਾਰ ਲਗਦੇ ਜਿਥੇ ਦੂਧ ਦਾ ਦੂਧ ਤੇ ਪਾਣੀ ਦਾ ਪਾਣੀ ਨਿਖੜਦਾ ਸੀ। ਦੋਸ਼ੀ ਆਪਣੇ ਦੋਸ਼ ਆਪ ਕਬੂਲ ਕਰਦੇ ਸਨ। ਕਿਸੇ ਸ਼ਹਾਦਤ ਦੀ ਲੋੜ ਨਹੀਂ ਸੀ ਪੈਂਦੀ! ਨ ਕੋਈ ਵਕੀਲ ਨ ਮੁਨਸ਼ੀ। ਜੋ ਡੰਡ ਲੱਗੇ ਖਿੜੇ ਮੱਥੇ। ਆਮ ਤੌਰ ਤੇ ਬਖਸ਼ਿਸ਼ ਹੋ ਜਾਂਦੀ ਸੀ। ਮੁਦੱਈ ਤੇ ਮੁਦੇਅਲਹਿ ਇਕ ਦੂਏ ਦੇ ਚਰਨੀਂ ਹੱਥ ਲਾ ਕੇ ਘਰਾਂ ਨੂੰ ਖੁਸ਼ੀਆਂ ਲੈ ਮੁੜਦੇ ਸਨ। ਇੱਥੇ ਹੀ ਬਸ ਨਹੀਂ ਉਨ੍ਹਾਂ ਦੀ ਪ੍ਰਸ਼ਾਸਨਵੀ ਪ੍ਰਣਾਲੀ ਬੜੀ ਨਿਯਮ ਬੱਧ ਸੀ। ਉਨ੍ਹਾਂ ਦੇ ਹੁਕਮਾਨੁਸਾਰ ਪੰਜਾਂ ਪਾਣੀਆਂ ਦੀ ਧਰਤੀ ਤੇ ਥਾਂ ਥਾਂ ਪਾਠਸ਼ਾਲਾਵਾਂ ਤੇ ਆਪਣੀਆਂ ਅਦਾਲਤਾਂ ਕਾਇਮ ਹੋ ਗਈਆਂ। ਆਪਣੀ ਕਪਾਹ ਤੇ ਆਪਣੀ ਰੂਈਂ, ਆਪਣੇ ਖੱਦਰ ਤੇ ਆਪਣੀਆਂ ਚੋਸੀਆਂ ਪੈਂਸੀਆਂ, ਆਪਣੇ ਜੁਲਾਹੇ ਤੇ ਆਪਣੇ ਪੇਂਜੇ। ਬਦੇਸ਼ੀਆਂ ਦੇ ਮਿਲਾਂ ਦੀ ਖੰਡ ਨ ਚੀਨੀ। ਕੂਕੇ ਕੇਵਲ ਘਰਾਂ ਦੇ ਗੁੜ, ਸ਼ੱਕਰ, ਦੁਧ, ਦਹੀਂ, ਲੱਸੀ ਮੱਖਣ ਖਾ ਡਕਾਰਦੇ ਤੇ ਦੁੜੰਗੇ ਲਾਂਦੇ। ਨ ਭੂਤਨੀ ਦੀ ਸਵਾਰੀ, ਪੈਂਡਾ ਕੱਟਣ ਵਾਸਤੇ ਆਪਣੀ ਟੰਗਾਂ ਤੋਂ ਸੇਵਾ ਲੈਂਦੇ ਗੋਰਿਆਂ ਰਾਹੀਂ ਬਣੀਆਂ ਸੜਕਾਂ ਤੇ ਲਗੇ ਰੁੱਖਾਂ ਦੀ ਛਾਵੇਂ ਤੱਕ ਨਾ ਬਹਿੰਦੇ। ਪੰਜਾਬੀਆਂ ਦਾ ਇਹ ਵਤੀਰਾ ਵੇਖ ਗੋਰੇ ਨੂੰ ਪਿਸੂ



Namdhari Elibrary NamdhariElibrary@gmail.com

ਪੈਣ ਲਗੇ। ਇਸੇ ਕਰਕੇ ਉਸ ਨੇ ਇਸ ਲਹਿਰ ਦਾ ਭੋਗ ਪਾਣ ਲਈ ਠਾਨ ਲਈ।

ਸੱਚੇ ਪਾਤਸ਼ਾਹ ਦੇ ਪ੍ਰਸ਼ਾਸਨ ਵਿਚ ਇਹ ਵਿਸ਼ੇਸ਼ਤਾ ਸੀ ਕਿ ਜਿਥੇ ਉਹ ਆਮ ਸ਼ਹਿਰੀਆਂ ਨੂੰ ਆਰਥਿਕ ਤੇ ਸਮਾਜਕ ਪਾਠ ਪੜ੍ਹਾਂਦੇ ਉਸਦੇ ਨਾਲ ਨਾਲ ਸਤਿ ਮਾਰਗ ਦਾ ਉਪਦੇਸ਼ ਦੇਂਦੇ। ਦਸਾਂ ਨਵਾਂ ਦੀ ਕਿਰਤ ਵਲ ਪ੍ਰੇਰਦੇ। ਇਨ੍ਹਾਂ ਸੱਤੋ ਗੁਣੀ ਉਪਦੇਸਾਂ ਦਾ ਫਲ ਇਹ ਪ੍ਰਾਪਤ ਹੋਇਆ ਕਿ ਵਡੇ ਵਡੇ ਕੁਕਰਮੀ ਦੇਵਤੇ ਬਣ ਗਏ। ਦਿਨ ਬਦਿਨ ਆਮ ਲੋਕ ਸਤਿਗੁਰਾਂ ਦੇ ਚਰਨਾਂ ਨਾਲ ਜੁੜ ਰਹੇ ਸਨ। ਭਲਾ ਇਹ ਕਿਉਂ ? ਕਿਉਂਕਿ ਦੁਨੀਆਵੀ ਪਾਤਸ਼ਾਹਾਂ ਤੋਂ ਸੰਸਾਰਕ ਪਦਾਰਥ ਮਿਲਦੇ ਹਨ, ਪਰ ਸੱਚੀ ਸਰਕਾਰ ਤੋਂ ਪ੍ਰਾਪਤ ਹੁੰਦੇ ਹਨ, ਧਰਮ, ਅਰਥ ਤੇ ਕਾਮ, ਮੋਖ। ਸਿਖ ਪੰਥ ਦੇ ਵਿਦਵਾਨ ਭਾਈ ਗੁਰਦਾਸ ਨੇ ਸਤਿਗੁਰ ਦੇ ਇਉਂ ਗੁਣ ਗਾਏ ਹਨ :-

ਸਤਿਗੁਰ ਸੱਚਾ ਪਾਤਸ਼ਾਹ, ਕੂੜੇ ਬਾਦਸ਼ਾਹ ਦੁਨੀਆਵੇ।
ਸਤਿਗੁਰ ਨਾਥਾਂ ਨਾਥ ਹੈ, ਹੁਦਿ ਨਾਉਂ ਨਾਥ ਅਨਾਥ ਨਿਥਾਵੇ।
ਸਤਿਗੁਰ ਕਰਤਾ ਪੁਰਖ ਹੈ, ਕਰਿ ਕਰਿਤੂਤ ਨਿਨਾਵ, ਨਿਵਾਵੇ।
ਸਤਿਗੁਰ ਸੱਚਾ ਸ਼ਾਹ ਹੈ, ਹੋਰ ਸਾਹ ਵੇਸਾਹ ਉਚਾਵੇ।
ਸਤਿਗੁਰ ਸੱਚਾ ਵੈਦ ਹੈ, ਹੋਰ ਸਭ ਵੈਦ ਕੈਦ ਕੂੜਾਵੇ।
ਵਿਣ ਸਤਿਗੁਰ ਸਭ ਨਿਗੋ ਸਾਵੇਂ

(ਵਾਰ ੧੫, ਪਉੜੀ ੧)

ਭਾਵੇਂ ਸੱਚੇ ਪਾਤਸ਼ਾਹ ਦਾ ਸਿਖੀ ਤੇ ਪ੍ਰਸਿੱਧੀ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਸੀ। ਪਰ ਉਹ ਅੰਗਰੇਜ਼ ਦਾ ਬੁਰਾ ਨਹੀਂ ਸਨ ਮੰਗਦੇ, ਮਗਰ ਅੰਗਰੇਜ਼ ਦੀ ਨੀਤੀ ਉਨ੍ਹਾਂ ਨੂੰ ਉੱਕਾ ਪਸੰਦ ਨਹੀਂ ਸੀ। ਉਹ ਚਾਹੁੰਦੇ ਸਨ ਕਿ ਗੋਰਾ ਆਪਣੇ ਘਰ ਵੱਸੇ। ਅਸੀਂ ਆਪਣੇ ਘਰ ਵੱਸੀਏ। ਇਸ ਤਰ੍ਹਾਂ ਹੋਰ ਦੇਸ਼ ਆਪਣੇ ਘਰੀਂ ਜਿਵੇਂ ਚਾਹੁਣ ਛੱਜ ਵਜਾਣ ਜਾਂ ਛਾਨਣੀ। ਕਿਸੇ ਨੂੰ ਕਿਸੇ ਨਾਲ ਕੀ ? ਪਰ ਗੋਰਾ ਵੇਖਣ ਨੂੰ ਚਿੱਟਾ ਸੀ, ਅੰਦਰੋਂ ਕਾਲਾ ਸੀ। ਜਿਸ ਦੇਸ਼ ਨੂੰ ਵੀ ਧੋਖੇ ਫਰੇਬ ਨਾਲ ਕਾਬੂ ਕਰ ਲੈਂਦਾ ਸੀ ਉਸ ਤੇ ਸਦਾ ਵਾਸਤੇ Union Jack ਨੂੰ ਫਰਾਟੇ ਭਰਦਾ ਵੇਖਣ ਦਾ ਚਾਹਵਾਨ ਸੀ। ਇਸਦੀ ਨੀਤੀ ਅਜੇਹੀ ਸੀ ਕਿ ਜਿਸ ਧਰਤੀ ਤੇ ਪੈਰ ਰਖਦਾ ਉਸਦੀ ਸਭਿਅਤਾ ਪੂਰਨ ਰੂਪ ਵਿਚ ਨਸ਼ਟ ਕਰ ਦਿਨ ਦੀਵੀਂ ਲੁਟਦਾ। ਧਰਮ, ਕਰਮ ਤੇ ਹੋਰ ਰਹਿਣੀ ਬਹਿਣੀ ਨੂੰ ਦੇਸ਼ ਨਿਕਾਲਾ ਦੇ ਦਿੰਦਾ ਤੇ ਆਪਣਾ ਐਸਾ ਜਾਦੂ ਵਿਖਾਂਦਾ ਕਿ ਭੋਲੇ ਭਾਲੇ ਲੋਕ ਉਸ ਨੂੰ ਰੱਬੀ ਰਹਿਮਤ ਜਾਣਦੇ। ਉਹ ਉਸ ਦੇਸ਼ ਦੇ ਵਸਨੀਕਾਂ ਵਿਚੋਂ ਕੁਝ ਸਿਆਣੇ ਬੰਦੇ ਖਰੀਦ ਲੈਂਦਾ। ਜਿਹੜੇ ਉਸਦੀ ਹਾਂ ਵਿਚ ਹਾਂ ਮਿਲਾਂਦੇ। ਇਹੋ ਨੀਤੀ ਭਾਰਤ ਵਿਚ ਅਪਣਾਈ ਤੇ ਸਤਿਗੁਰੂ ਰਾਮ ਸਿੰਘ ਨੂੰ ਦੁਸ਼ਮਣ ਨੰ: 1 ਜਾਣ ਕੇ ਸਭ ਤੋਪਾਂ ਦੇ ਮੂੰਹ ਕੂਕਿਆਂ ਵਲ ਖੋਲ੍ਹ ਦਿਤੇ। ਭਾਰਤੀਆਂ ਵਿਚੋਂ ਵੀ ਕੁਝ ਹਿੰਦੂ ਮੁਸਲਮਾਨ ਖਰੀਦ ਲਏ। ਬਦ ਕਿਸਮਤੀ ਨਾਲ ਕਹਿਣਾ ਪੈਂਦਾ ਹੈ ਕਿ ਸਿਖਾਂ ਵਿਚੋਂ ਕੁਝ ਸਵਾਰਥੀ ਮਿਲ ਗਏ ਜਿਹੜੇ ਉਨ੍ਹਾਂ ਦੇ ਇਸ਼ਾਰਿਆਂ ਤੇ ਨਚਦੇ। ਉਨ੍ਹਾਂ ਖੁਲ੍ਹੇ ਭਾਤੇ ਖਾਣ ਵਾਲਿਆਂ, ਆਪਣੇ ਆਕਾ ਦੇ ਇਸ਼ਾਰੇ ਅਨੁਸਾਰ ਭਾਰਤ ਦਾ ਸਾਹਿਤ



Namdhari Elibrary NamdhariElibrary@gmail.com

ਭੰਨਿਆ। ਇਤਿਹਾਸ ਵਿਚ ਮਨ ਮਰਜ਼ੀ ਅਨੁਸਾਰ ਵਾਧਾ ਘਾਟਾ ਕੀਤਾ ਤੇ ਗੁਰੂ ਰਾਮ ਸਿੰਘ ਵਿਰੁਧ ਚੰਗਾ ਭੰਡੀ ਪ੍ਰਚਾਰ ਕਰਾਇਆ। ਪਰ ਸੂਰਜ ਆਕਾਸ਼ ਵਿਚ ਕਿਰਨਾਂ ਪਸਾਰ ਚਕਾ ਚੌਂਦ ਕਰ ਰਿਹਾ ਹੈ। ਇਸ ਅੰਧਾ ਧੁੰਦ ਵਿਰੋਧੀ ਪ੍ਰਚਾਰ ਸ਼ਾਹੀ ਰੁਅਬ ਦਾਬ ਤੇ ਉਨ੍ਹਾਂ ਦੇ ਹਵਾਰੀਆਂ ਵਲੋਂ ਹਰ ਪ੍ਰਕਾਰ ਦੇ ਲੋਭ ਲਾਲਚ ਦੇ ਬਾਵਜੂਦ ਅਨੇਕ ਕਰਨੀ ਵਾਲਿਆਂ ਨੂੰ ਸਤਿਗੁਰੂ ਰਾਮ ਜੀ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਗੁਣਾਂ ਦੇ ਝਲਕਾਰ ਵੱਜੇ। ਕੂਕਿਆਂ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਰ੍ਹਵੀਂ ਥਾਏ ਜਗਮਗ ਜੋਤ ਨਜ਼ਰ ਆਈ, ਇਨ੍ਹਾਂ ਵਿਚੋਂ ਗੁਰੂ ਹਰਿਗੋਬਿੰਦ ਵਾਲੀ ਮੀਰੀ ਪੀਰੀ ਦੇ ਲਿਸ਼ਕਾਰੇ ਪ੍ਰਾਪਤ ਹੋਏ। ਇਨ੍ਹਾਂ ਚੋਂ ਹੀ ਗੁਰੂ ਗੋਬਿੰਦ ਸਿੰਘ ਵਾਲੀ ਚੜ੍ਹਤਲ ਪ੍ਰਤੀਤ ਹੋਈ। ਪਰ ਹੋਰ ਕਈ ਭਾਗਵਾਨਾਂ ਤੇ ਸੱਚੇ ਪਾਤਸ਼ਾਹ ਦੀ ਕਰਨੀ ਦਾ ਸਦਕਾ ਪ੍ਰਭਾਵ ਫੁੱਟ-2 ਪਇਆ। ਉਨ੍ਹਾਂ ਗੋਰੇ ਦੇ ਕਲੋਰੋਫਾਰਮ ਦੇ ਅਸਰ ਹੇਠਾਂ ਹੁੰਦਿਆਂ ਹੋਇਆਂ ਵੀ ਆਤਮਿਕ ਅਤੇ ਸਾਰਥਿਕ ਗੁਣਾਂ ਨੂੰ ਅਨੁਭਵ ਕੀਤਾ। ਮੈਂ ਉਨ੍ਹਾਂ ਖਿਆਲਾਂ ਨੂੰ ਦਰਸਾਣ ਦਾ ਯਤਨ ਕੀਤਾ ਹੈ, ਕਿਸੇ ਮਹਾਰਾਜ ਕਹਿ ਕੇ ਸਤਿਕਾਰਿਆ ਹੈ ਇਹ ਉਨ੍ਹਾਂ ਵਾਸਤੇ ਮੁਬਾਰਕ ਹਨ। ਉਨ੍ਹਾਂ ਪ੍ਰਤੀ ਸ਼ਰਧਾ ਅਰਪਨ ਕਰਦਿਆਂ "ਸਿਖੀ ਨੂੰ ਸੁਰਜੀਤ ਕਰਨਾ" "ਸਮਾਜ ਸੁਧਾਰਿਕ" "ਨਾਮ ਦਾ ਰਸੀਆ" "ਬਾਣੀ ਦਾ ਪ੍ਰੇਮੀ" ਅਥਵਾ "ਦੇਸ਼ ਭਗਤ" ਕਹਿ ਸਤਿਕਾਰਿਆ ਹੈ।

ਇਹ ਖਿਆਲਾਂ ਦਾ ਗੁਲਦਸਤਾ 'ਸਤਿਜੁਗ ਦੇ ਅੰਕ', 'ਨਿਰੀਖਕ', 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' 'ਗੁਰਿਤਨਾਮਾਂ' 'ਨਾਮਧਾਰੀ ਸੰਗਰਾਮ ਪ੍ਰਦੀਪਾਂ' ਤੇ ਸਰਕਾਰੀ ਰਿਕਾ-ਰਡਾਂ ਵਿਚੋਂ ਸਾਹਿਤ ਸਮੱਗਰੀ ਪ੍ਰਾਪਤ ਹੋਈ ਹੈ,ਉਨ੍ਹਾਂ ਸਭ ਪਬਲੀਸ਼ਰਾਂ ਦਾ ਕਿਰਤੱਗ ਹਾਂ। ਸਤਿਗੁਰ ਜਗਜੀਤ ਸਿੰਘ ਜੀ ਦਾ ਕੋਟਾਨਾ ਕੋਟ ਵਾਰੀ ਧੰਨਵਾਦ ਹੈ; ਇਹ ਸਮੱਗਰੀ ਇਕੱਤਰ ਕਰਨ ਦੀ ਸਮਰੱਥਾ ਬਖਸ਼ੀ ਹੈ। ਮਹਾਰਾਜ ਬੀਰ ਸਿੰਘ ਜੀ ਦੀ ਸੁਚੱਜੀ ਅਗਵਾਈ ਵੀ ਧੰਨਤਾ ਯੋਗ ਹੈ। ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਦਾ ਧੰਨਵਾਦੀ ਹਾਂ, ਜਿਨ੍ਹਾਂ ਇਹ ਖਰੜਾ ਪੜ੍ਹ ਸੁਣ ਭੂਮਿਕਾ ਲਿਖ ਕੇ ਪ੍ਰਕਾਸ਼ਤ ਕਰਨ ਦਾ ਉਸਾਰੂ ਯੋਗ ਕੰਮ ਕੀਤਾ ਹੈ। ਦਿਲੀ ਦੀ ਹੋਲਾ ਪ੍ਰਬੰਧਕ ਕਮੇਟੀ ਦਾ ਵੀ ਰਿਣੀ ਹਾਂ, ਜਿਨ੍ਹਾਂ ਇਸ ਗੁਲਦਸਤੇ ਨੂੰ ਪ੍ਰਕਾਸ਼ਿਤ ਕਰਾ ਕੇ ਸੰਗਤਾਂ ਤੱਕ ਪਹੁੰਚਾਣ ਦਾ ਪਰਉਪਕਾਰ ਕੀਤਾ ਹੈ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਕ੍ਰਿਤੱਗ ਹਾਂ, ਜਿਨ੍ਹਾਂ ਮੋਹਰ ਲਾ ਕੇ ਇਸ ਸੰਕਲਨ ਨੂੰ ਵਿਸ਼ੇਸ਼ ਥਾਂ ਤੇ ਲਿਆ ਖੜਾ ਕੀਤਾ ਹੈ।

—ਨਿਹਾਲ ਸਿੰਘ

8 ਮਾਘ 2041 ਮੁਤਾਬਿਕ — 199, ਰਾਮ ਨਗਰ ਐਕਸਟੈਨਸ਼ਨ,
19 ਜਨਵਰੀ 1985 — ਦਿੱਲੀ-110051

ਨੋਟ:-ਇਹ ਖਰੜਾ ਪ੍ਰਕਾਸਤ ਕਰਨ ਉਪਰੰਤ ਮੈਂ ਸਮੂਹ ਸੱਜਣਾਂ ਨੂੰ ਸੂਚਿਤ ਕਰਦਾ ਹਾਂ, ਕਿ ਮੇਰੀਆਂ ਸਭ ਛਪੀਆਂ ਜਾਂ ਛਪਣ ਵਾਲੀਆਂ ਪੁਸਤਕਾਂ ਦਾ ਕਾਪੀ ਰਾਈਟ ਨਾਮਧਾਰੀ ਦਰਬਾਰ ਨੂੰ ਹੈ, ਉਸ ਨੂੰ ਇਨ੍ਹਾਂ ਵਿਚ ਹਰ ਪ੍ਰਕਾਰ ਦਾ ਘਾਟ ਵਾਧ ਕਰਨ ਦਾ ਪੂਰਾ ਅਖਤਿਆਰ ਹੈ। —ਸੰਪਾਦਕ



Namdhari Elibrary NamdhariElibrary@gmail.com

# ਕੌਣ ਕਿਥੇ


| ਨੰ: | ਵਿਦਵਾਨ | ਪੰਨਾ |
|---|---|---|
| 1. | ਡਾ: ਫੌਜਾ ਸਿੰਘ | 11 |
| 2. | ਪੰਡਤ ਜਵਾਹਰ ਲਾਲ ਨਹਿਰੂ | 22 |
| 3. | ਸ੍ਰੀ ਸੁਭਾਸ਼ ਚੰਦਰ ਬੋਸ | 22 |
| 4. | ਡਾ: ਕਰਮ ਸਿੰਘ ਕਪੂਰ | 23 |
| 5. | ਮੀਆਂ ਫਜ਼ਲ ਹੁਸੈਨ | 24 |
| 6. | ਮਿਸਟਰ ਜੇ. ਡਬਲਯੂ | 25 |
| 7. | ਸੱਯਦ ਮੁਹੰਮਦ ਲਤੀਫ | 26 |
| 8. | ਰਾਜਾ ਫਜ਼ਲਦਾਦ | 26 |
| 9. | ਭਾਈ ਸਾਹਿਬ ਭਾਈ ਕਾਨ੍ਹ ਸਿੰਘ | 27 |
| 10. | ਸ: ਸ਼ਮਸ਼ੇਰ ਸਿੰਘ ਅਸ਼ੋਕ | 28 |
| 11. | ਸ੍ਰੀ ਰਾਮ ਨਾਰਾਇਣ | 36 |
| 12. | ਪੰਡਤ ਸੁੰਦਰ ਲਾਲ | 36 |
| 13. | ਬਾਬੂ ਰਾਜਿੰਦਰ ਪ੍ਰਸ਼ਾਦ | 37 |
| 14. | ਬਾਵਾ ਨਿਹਾਲ ਸਿੰਘ | 38 |
| 15. | ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ | 38 |
| 16. | ਗਿਆਨੀ ਗਿਆਨ ਸਿੰਘ | 39 |
| 17. | ਮਾ: ਤਾਰਾ ਸਿੰਘ | 40 |
| 18. | ਸ: ਨਾਹਰ ਸਿੰਘ | 41 |
| 19. | ਸ: ਕਪੂਰ ਸਿੰਘ | 42 |
| 20. | ਮਿਸਟਰ ਮੈਕ ਐਂਡੋਰਊਂ | 42 |
| 21. | ਗਿਆਨੀ ਕਰਤਾਰ ਸਿੰਘ | 43 |
| 22. | ਮਾਸਟਰ ਮੋਤਾ ਸਿੰਘ | 45 |
| 23. | ਸ: ਗੁਰਮੁਖ ਨਿਹਾਲ ਸਿੰਘ | 46 |




Namdhari Elibrary NamdhariElibrary@gmail.com

24. ਕਾਮਰੇਡ ਸੋਹਣ ਸਿੰਘ ਜੋਸ਼ 47
25. ਸ੍ਰ: ਹੀਰਾ ਸਿੰਘ ਦਰਦ 54
26. ਗਿ: ਰਾਜਿੰਦਰ ਸਿੰਘ 55
27. ਐਸ. ਐਸ. ਲਾਹੌਰਾ ਸਿੰਘ 55
28. ਭਾਈ ਸਾਹਿਬ ਭਾਈ ਵੀਰ ਸਿੰਘ 56
29. ਭਾਈ ਸੇਵਾ ਸਿੰਘ 57
30. ਸ੍ਰ: ਲਾਲ ਸਿੰਘ ਕਮਲਾ ਅਕਾਲੀ 59
31. ਸ੍ਰ: ਹਜ਼ਾਰਾ ਸਿੰਘ ਆਸੀ 60
32. ਸ੍ਰ: ਅਵਤਾਰ ਸਿੰਘ ਅਜ਼ਾਦ 62
33. ਡਾ: ਪ੍ਰਦੁਮਨ ਸਿੰਘ 63
34. ਸ੍ਰ: ਗੁਰਬਖਸ਼ ਸਿੰਘ ਪ੍ਰੀਤ ਲੜੀ 64
35. ਸ੍ਰ: ਮਦਨ ਸਿੰਘ ਗਾਗਾ 65
36. ਪ੍ਰੋ: ਗੰਗਾ ਸਿੰਘ 66
37. ਸ੍ਰ: ਸਰਦੂਲ ਸਿੰਘ ਕਵੀਸ਼ਰ 67
38. ਸ੍ਰ: ਖੁਸ਼ਵੰਤ ਸਿੰਘ 68
39. ਪ੍ਰੋ: ਅਬਦੁਲ ਮਜੀਦ 70
40. ਸ੍ਰ: ਕਰਮ ਸਿੰਘ ਐਡਵੋਕੇਟ 71
41. ਸ੍ਰੀ ਛਬੀਲ ਦਾਸ 72
42. ਡਾ: ਕਾਲਾ ਸਿੰਘ ਬੇਦੀ 73
43. ਸ੍ਰੀ ਦੀਵਾਨ ਬਹਾਦਰ ਰਾਜਾ ਨਰਿੰਦਰ ਨਾਥ 77
44. ਸ੍ਰ:ਸੁਰਤ ਸਿੰਘ ਬੀ. ਏ. ਬੀ. ਟੀ. 78
45. ਸ੍ਰੀ ਮਹਾਸ਼ਾ ਕ੍ਰਿਸ਼ਨ ਜੀ (ਪ੍ਰਤਾਪ) 79
46. ਸ੍ਰੀ ਹਰਸਾ ਸਿੰਘ ਚਾਤਰ 81
47. ਸ੍ਰੀ ਭਾਈ ਪਰਮਾਨੰਦ 82
48. ਸ੍ਰੀ ਲਾਲਾ ਧਨੀ ਰਾਮ ਚਾਤ੍ਰਿਕ 83
49. ਸ੍ਰੀ ਵੀ. ਐਸ. ਸੂਰੀ 84
50. ਸ੍ਰ: ਅਮਰ ਸਿੰਘ ਦੁਸਾਂਝ 85
51. ਸ੍ਰ: ਰਾਜਿੰਦਰ ਸਿੰਘ 87
52. ਸ੍ਰੀ ਰਣਬੀਰ ਜੀ ਮਿਲਾਪ 89
53. ਡਾ: ਐਮ. ਐਮ. ਆਹਲੂਵਾਲੀਆ 91
54. ਮੌਲਵੀ ਗੁਲਾਮ ਭੀਖ ਜਲੰਧਰੀ 94
55. ਸ੍ਰੀ ਐਸ. ਐਸ. ਚਰਨ ਸਿੰਘ 95



Namdhari Elibrary NamdhariElibrary@gmail.com

| | |
|---|---|
| 56. ਵੈਦ ਨੌਰੰਗ ਸਿੰਘ ਤਾਗੀ | 97 |
| 57. ਸ੍ਰੀ ਜੀ. ਕੇ ਵੈਨਕੇਤੇਸਾ ਮੂਰਥੀ | 99 |
| 58. ਪੰਡਿਤ ਤਿਲਕ ਰਾਮ ਵੈਦ | 102 |
| 59. ਸ੍ਰ: ਲਾਲ ਸਿੰਘ ਕੰਵਰ | 103 |
| 60. ਸ੍ਵਾਮੀ ਸੁਤੰਤਰਤਾ ਨੰਦ | 104 |
| 61. ਮਹਿਤਾ ਭੋਲਾ ਨਾਥ | 105 |
| 62. ਸ੍ਰ: ਦਵਿੰਦਰ ਸਿੰਘ ਦੁੱਗਲ | 106 |
| 63. ਸ੍ਰੀ ਰਾਮ ਕਿਸ਼ਨ | 107 |
| 64. ਸ੍ਰ: ਈਸ਼ਰ ਸਿੰਘ ਪ੍ਰਾਸ਼ਰ | 109 |
| 65. ਸ੍ਰ: ਪਿਆਰਾ ਸਿੰਘ ਸਹਿਰਾਈ | 112 |
| 66. ਡਾ: ਬਲਬੀਰ ਸਿੰਘ ਦਿਲ | 113 |
| 67. ਸ੍ਰੀ ਲਾਲਾ ਫਰੋਜ਼ ਚੰਦ | 120 |
| 68. ਡਾ: ਸ਼ੇਰ ਸਿੰਘ | 122 |
| 69. ਸ੍ਰ: ਗੁਰਚਰਨ ਸਿੰਘ ਮਰਗਿੰਦਪੁਰੀ | 123 |
| 70. ਸ੍ਰ: ਮੋਹਨ ਸਿੰਘ ਮਤਵਾਲਾ | 125 |
| 71. ਡਾ: ਹਰਭਜਨ ਸਿੰਘ | 127 |




Namdhari Elibrary NamdhariElibrary@gmail.com

## ਸ੍ਰੀ ਗੁਰੂ ਨਾਨਕ ਦੇਵ ਜੀ

.. ਬੱਚਾ ਅਜਿਤਿਆ ! ਹੁਣ ਕਲਿਜੁਗ ਆਇਆ ਹੈ। ਇਸ ਵਿਚ ਮਹਾਂ ਧੂੰਦ ਰਹੇਗਾ। ਕਿਸੇ ਕੀ ਰਹਿਣ ਨਹੀਂ ਦੇਵੇਗਾ। ਇਸ ਕਲਿਜੁਗ ਵਿਚ ਕਈ ਜਾਮੇ ਗੁਰੂ ਹੋਵਨਗੇ। ਚੌਦਾਂ ਜਾਮੇ ਗੁਰੂ ਜ਼ਾਹਰ ਹੋਵਣਗੇ। ਅਰ ਸਤਿਗੁਰ ਸਾਧ ਕਹੀਅਗੇ। ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲ ਪੁਰਖ ਕਾ ਭਾਣਾ ਮੰਨੇਗਾ। ਜੋ ਭਾਵੇਂ ਸੋ ਕਰੇ, ਅਤੇ ਸੁਣ ਭਾਈ ਅਜਿਤਿਆ ! ਹੁਣ ਵਰਤਾਰਾ ਵੇਖ ਜੋ ਗੁਰੂ ਸਾਂਗ ਕਰੇਗਾ, ਤਾਂ ਸਿਖ ਸਭ ਨਾਲ ਭੁਲ ਜਾਣਗੇ। ਤੇ ਸਤਿਗੁਰੂ ਨੂੰ ਦੋਸ਼ ਰਖਣਗੇ। ਨਿੰਦਾ ਕਰਨਗੇ ਤਿਤ ਕਰਕੇ ਬੇਮੁਖ ਹੋਣਗੇ।

...ਭਾਈ ਅਜਿਤਿਆ। ਬਾਰਵ੍ਹਾ ਜਾਮਾ ਜਦ ਗੁਰੂ ਹੋਵੇਗਾ ਨਿਰਲੇਭ ਸਭ ਦੁਨੀਆਂ ਤੋਂ ਨਿਆਰਾ ਰਹੇਗਾ। ਅਤੇ ਆਪ ਕਉ ਜਨਾਵੇਗਾ ਨਹੀਂ। ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇੱਕ ਅਕਾਲ ਪੁਰਖ ਕਾ ਲਏਗਾ। ਸੂਲੀ ਸ਼ਬਦ ਉਚਰੇਗਾ। ਅਰ ਜੋ ਸਿੱਖ ਹੋਣਗੇ ਤਿੰਨਕੇ ਸਬਦ ਹੀ ਦਸੇਗਾ। ਇਸ ਕਰਕੇ ਜਗਤ ਵਿਖੇ ਜੈਕਾਰ ਹੋਵੇਗਾ। ਅਤੇ ਉਸਤਤ ਹੋਵੇਗੀ...ਅਤੇ ਗੁਰੂ ਘਰ ਕੇ ਬਚਨ ਇਹ ਹਨ ! ਚੋਰ, ਜ਼ੁਲਮ, ਚੌਲੀ, ਜ਼ਾਰੀ, ਪਰ ਨਿੰਦਯਾ ਜੇ ਮੇਰਾ ਸਿਖ ਹੋਵੇ ਤਾਂ ਇਹ ਬਾਤਾਂ ਨ ਕਰੇ... ਭਾਈ ਅਜਿਤਿਆ ! ਬਾਰ੍ਹਵਾ ਜਾਮਾ ਕਰੜਾ ਰਾਹ ਦਸੇਗਾ।...ਭਾਈ ! ਕਲੀਕਾਲ ਵਿਚ ਬਾਰ੍ਹਵਾਂ ਗੁਰੂ ਭਾਰੀ ਅਵਤਾਰ ਹੋਵੇਗਾ।

ਬਚਾ ਅਜਿਤਿਆ ! ਬਾਰ੍ਹਵਾਂ ਜਾਮਾ ਗੁਰੂ ਅਜਿਹਾ ਪਹਿਰੇਗਾ। ਸਭ ਤੋਂ ਨਿਆਰਾ, ਆਪ ਕਉ ਜਨਾਵੇਗਾ ਨਾ ਹੀ, ਨਿਰਲੇਪ ਹੀ ਰਹੇਗਾ। ਅਤੇ ਸੂਲੀ ਸ਼ਬਦ ਉਚਰੇਗਾ। ਅਰ ਜੋ ਉਸ ਕੇ ਹੋਵਣਗੇ ਤਿਨ ਕਉਂ ਭੀ ਇਹ ਮਾਰਗ ਦਸੇਗਾ।...

ਬੱਚਾ ! ਬਾਰ੍ਹਵਾਂ ਮਹਿਲਾਂ ਖਰੇ ਕਰੜਾ ਮਾਰਗ ਦਸੇਗਾ ! ਜੋ ਕੋਈ ਸਾਰੇ ਸੰਸਾਰ ਕੀ ਫਕੜੀ ਸਿਰ ਤੇ ਝਲੇਗਾ, ਸੋਈ ਉਸ ਮਹਿਲ ਕਉ ਮਿਲੇਗਾ। ਅਤੇ ਸੰਸਾਰ ਬਹੁਤ ਨਿੰਦਿਆ ਕਰੇਗਾ। ਗੁਰੂ ਦੇ ਚਲਣ ਦੇਖ ਕਰ। ਦੁਨੀਆਂ ਨਜ਼ੀਕ ਆਵਨ ਨ ਮਿਲੈਗੀ। ਅਤੇ ਜੋ ਕੋਈ ਗੁਰੂ ਨੂੰ ਮਿਲਣਾ ਚਾਹੇਗਾ, ਸੋ ਸੰਸਾਰ ਦੀ ਫਕੜੀ ਸਿਰ ਲਵੇਗਾ।

Namdhari Elibrary NamdhariElibrary@gmail.com

...ਨਵੇਂ ਸਿਰੇ ਤੇ ਸਿਖ ਹੋਣਗੇ ਅਤੇ ਉਨ੍ਹਾਂ ਕੋ ਬਖਸ਼ ਕਰ ਗੁਰੂ ਬੋਹਿਥ ਹੋਵੇਗਾ। ਅਤੇ ਸਿਖ ਜੋ ਹੋਵੇਗਾ ਉਸ ਜਹਾਜ਼ ਪਰ ਚੜ੍ਹ ਕੇ ਪਾਰ ਹੋਵੇਗਾ।...

ਅਤੇ ਜਿਨ੍ਹਾਂ ਪਾਸੋਂ ਰਹਿਤਾਂ ਤੇ ਉਹ ਕਰਮ ਨ ਹੋਣਗੇ, ਅਤੇ ਸੰਸਾਰ ਦੀ ਲਾਜ ਵਿਚ ਮਰਨਗੇ ਤਾਂ ਭਾਈ ਉਨ੍ਹਾਂ ਕੋ ਗੁਰੂ ਕਦੀਨ ਮਿਲੇਗਾ ਜੋ ਗੁਰੂ ਜੀ ਦੇ ਬਚਨਾਂ ਤੋਂ ਬੇਮੁਖ ਹੋਣਗੇ ਉਨ੍ਹਾਂ ਨੂੰ ਗੁਰੂ ਮੂਹ ਨ ਲਾਵੇਗਾ।...

## ਭਵਿਸ਼ਬਾਣੀ ਸਾਖੀਆਂ 'ਚ ਗ੍ਰਿੰਥਨਾਮਾ

ਦੁਵਾਦਸ ਪੁਰਖ ਹੈਂ ਆਦਿ ਸੇ।
ਸਭਹਨ ਕੇ ਸਿਰ ਮੌਰ।
ਸ਼ਕਤਿ ਅਨੰਤੀ ਆਦਿ ਹੈਂ।
ਆਦਿ ਇਹੇ ਨਹੀਂ ਔਰ।

## ਭਵਿਸ਼ਬਾਣੀ ਸਾਖੀਆਂ ਵਿਚੋਂ

ਰਿਲਪੁਰ ਬੀਚ ਬਾਢੀ ਸੁਤ ਹੋਈ।
ਬਲੂਆ ਰਾਜ ਕਰੇਗਾ ਸੋਈ।

— — —

ਰਾਮ ਸਿੰਘ ਮੇਰੋ ਹੋਇ ਨਾਮਾ।
ਬਾਢੀ ਸੁਤ ਭੇਲੀ ਕੋ ਧਾਮਾ।

— — —

ਰਾਮ ਸਿੰਘ ਊੱਚ ਨੀਚਤ ਧਰੇ।
ਅਵਨੀ ਏਕ ਰਸੇਂਦੀ ਕਰੇ।

## ਸ੍ਰੀ ਗੁਰੂ ਬਾਲਕ ਸਿੰਘ ਜੀ

...ਆਓ ਠਾਕਰੋ ਅਸੀਂ ਤੁਹਾਡੀ ਬੜੀ ਦੇਰ ਤੋਂ ਉਡੀਕ ਕਰ ਰਹੇ ਹਾਂ, ਆਪਣੀ ਅਮਾਨਤ ਸੰਭਾਲੋ। ਸੰਸਾਰ ਤੇ ਨਾਮ ਦਾ ਕੜਛਾ ਵਰਤਾਓ। ਜੇ ਤੁਸੀਂ ਪਥਰ ਤੇ ਵੀ ਨਾਮ ਬੀਜੋਗੇ ਤਾਂ ਉਗੇਗਾ।



Namdhari Elibrary NamdhariElibrary@gmail.com

## ਡਾ: ਫੌਜਾ ਸਿੰਘ ਜੀ
ਪੀ. ਐਚ. ਡੀ.
ਪੰਜਾਬ ਯੂਨੀਵਰਸਿਟੀ, ਪਟਿਆਲਾ

ਪੰਜਾਬ ਵਿਚ ਬਰਤਾਨਵੀ ਸਮਰਾਜ ਦੇ ਵਿਰੁਧ ਸਭ ਤੋਂ ਪਹਿਲਾਂ ਅਵਾਜ਼ ਉਠਾਉਣ ਵਾਲੇ ਨਾਮਧਾਰੀ ਸਨ। ਜਿਨ੍ਹਾਂ ਨੇ ਆਪਣੇ ਰਹਿਬਰ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਜਿਥੇ ਸਮਾਜ ਵਿਚੋਂ ਧਾਰਮਕ ਤੇ ਸਮਾਜਕ ਬੁਰਾਈਆਂ ਕਢਣ ਲਈ ਯਤਨ ਕੀਤੇ ਉਥੇ ਨਾਲ ਬਦੇਸ਼ੀ ਸ਼ਾਸ਼ਨ ਦੀ ਕਰੜੀ ਅਲੋਚਨਾ ਵੀ ਕੀਤੀ ਅਤੇ ਜਨਤਾ ਵਿਚ ਇਸਦੀ ਵਿਰੋਧਤਾ ਦਾ ਸਾਹਸ ਭਰਿਆ। ਅੰਗਰੇਜ਼ਾਂ ਨੇ ਸੰਨ 1849 ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਸੀ। ਉਦੋਂ ਤੋਂ ਹੀ ਈਸਾਈ ਪਾਦਰੀਆਂ ਨੇ ਆਪਣੇ ਮਤ ਦੇ ਪ੍ਰਚਾਰ ਦੀ ਤਾਬੜਤੋੜ ਮੁਹਿੰਮ ਸ਼ੁਰੂ ਕਰ ਦਿਤੀ ਸੀ। ਇਹ ਪ੍ਰਚਾਰਕ ਭਾਰਤੀ ਧਰਮਾਂ ਨੂੰ ਹਰੇ ਬਾਗ਼ ਵਿਖਾਉਂਦੇ ਸਨ। ਵਿਦਿਅਕ ਸੰਸਥਾਵਾਂ ਤੇ ਹਸਪਤਾਲ, ਭਾਵੇਂ ਈਸਾਈ ਮਿਸ਼ਨਾਂ ਦੇ ਹੋਣ, ਭਾਵੇਂ ਸਰਕਾਰ ਦੇ, ਸਭ ਦੇ ਸਭ ਈਸਾਈ ਮਤ ਦੇ ਪ੍ਰਚਾਰ ਦੇ ਅਡੇ ਬਣੇ ਹੋਏ ਸਨ। ਥਾਂ ਪਰ ਥਾਂ ਗਊ ਹਤਿਆ ਲਈ ਬੁਚੜਖਾਨੇ ਖੋਲੇ ਜਾ ਰਹੇ ਸਨ। ਕਈ ਬੁਚੜਖਾਨੇ ਤਾਂ ਉਚੇਚੇ ਤੌਰ ਤੇ ਸਿਖ ਧਰਮ ਅਸਥਾਨਾਂ ਦੇ ਨੇੜੇ ਬਣਾਏ ਸਨ, ਜਿਸ ਦਾ ਭਾਵ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੀ ਹੋ ਸਕਦਾ ਸੀ। ਲੋਕਾਂ ਦੇ ਸਦੀਆਂ ਤੋਂ ਚਲੇ ਆ ਰਹੇ ਰਿਵਾਜਾਂ ਵਿਚ ਵੀ ਦਖਲ ਦਿਤਾ ਜਾ ਰਿਹਾ ਸੀ ਅਤੇ ਉਹਨਾਂ ਦੀ ਬਿਨਾਂ ਰੋਕ ਟੋਕ ਕੜੀ ਆਲੋਚਨਾ ਕੀਤੀ ਜਾ ਰਹੀ ਸੀ। ਕਿਸੇ ਨੂੰ ਸਵੈ-ਰਖਿਆ ਲਈ ਵੀ ਕੋਈ ਹਥਿਆਰ ਬਨਾਉਣ ਜਾਂ ਰਖਣ ਦੀ ਆਗਿਆ ਨਹੀਂ ਸੀ। ਫਿਰ ਨਸਲੀ ਵਿਤਕਰਾ ਬਹੁਤ ਜ਼ਿਆਦਾ ਸੀ। ਅੰਗਰੇਜ਼ ਆਪਣੇ ਆਪ ਨੂੰ ਵੱਡਾ ਤੇ ਭਾਰਤੀਆਂ ਨੂੰ ਨੀਵਾਂ ਸਮਝਦੇ ਸਨ ਅਤੇ ਉਹਨਾਂ ਨਾਲ ਵਿਵਹਾਰ ਵੀ ਇਸੇ ਤਰ੍ਹਾਂ ਕੀਤਾ ਜਾਂਦਾ ਸੀ। ਨਾਮਧਾਰੀ ਗੁਰੂ ਰਾਮ ਸਿੰਘ ਤੇ ਉਹਨਾਂ ਦੇ ਅਨੁਯਾਈਆਂ ਨੂੰ ਮਹਿਸੂਸ ਹੋਇਆ ਕਿ ਨਾ ਕੇਵਲ ਉਹਨਾਂ ਦਾ ਧਰਮ ਹੀ ਖਤਰੇ ਵਿਚ ਹੈ ਸਗੋਂ ਉਹ ਸਾਰੀਆਂ ਕਦਰਾਂ ਕੀਮਤਾਂ ਤੇ ਉਹ ਸਾਰੇ ਰਸਮੋਂ ਰਿਵਾਜ ਜੋ ਉਹਨਾਂ ਦੀ ਸੰਸਕ੍ਰਿਤੀ ਦੀ ਬੁਨਿਆਦ ਸਨ, ਜੜ੍ਹਾਂ ਤੋਂ ਪੁਟੇ ਜਾ ਰਹੇ ਸਨ। ਇਸ ਘੋਰ ਸਮਸਿਆ ਦਾ ਇਕੋ ਇਕ ਇਲਾਜ ਜੋ ਉਹਨਾਂ ਦੇ ਮਨ ਵਿਚ ਆਇਆ, ਉਹ ਅੰਗਰੇਜ਼ੀ ਰਾਜ ਨੂੰ ਖਤਮ ਕਰਕੇ ਮੁੜ ਪੰਜਾਬ ਵਿਚ ਆਜ਼ਾਦ ਖਾਲਸਾ ਰਾਜ ਸਥਾਪਿਤ ਕਰਨਾ ਸੀ। ਉਸ ਵਿਚ ਕੁਝ ਊਣਤਾਈਆਂ ਭਲੇ ਹੀ ਹੋਣ ਪਰ ਆਜ਼ਾਦੀ ਦੀਆਂ ਊਣਤਾਈਆਂ



Namdhari Elibrary NamdhariElibrary@gmail.com

ਗੁਲਾਮੀ ਦੇ ਅਨਰਥਾਂ ਨਾਲੋਂ ਹਰ ਹਾਲਤ ਵਿਚ ਚੰਗੀਆਂ ਹਨ । ਦੂਜੇ ਪਾਸੇ 1857 ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਦੀ ਦਸ਼ਾ ਉਸ ਸਹਿਮੇ ਹੋਏ ਮਨੁਖ ਵਰਗੀ ਬਣ ਗਈ ਸੀ ਜੋ ਸਪ ਤੋਂ ਡਰਿਆ ਹੋਇਆ ਰਸੀ ਤੋਂ ਵੀ ਡਰਨ ਲਗ ਪੈਂਦਾ ਹੈ ਅਤੇ ਡਰ, ਜਿਵੇਂ ਕਿ ਸਭ ਮੰਨਦੇ ਹਨ ਸਭ ਬੁਰਾਈਆਂ ਦੀ ਮਾਂ ਹੈ। ਇਸ ਕਾਰਨ ਅੰਗਰੇਜ਼ੀ ਸਰਕਾਰ ਨੇ ਨਾ ਆਉ ਦੇਖਿਆ ਨਾ ਤਾਉ ਨਿਰਦੈਤਾ ਤੇ ਸਖਤੀ ਨਾਲ ਨਾਮਧਾਰੀ ਲਹਿਰ, ਜੋ ਉਸ ਸਮੇਂ ਕੂਕਾ ਲਹਿਰ ਦੇ ਨਾਲ ਪ੍ਰਸਿਧ ਸੀ, ਨੂੰ ਦਬਾਉਣ ਲਈ ਕੋਈ ਕਸਰ ਨਾ ਛਡੀ । ਸਮੂਚੀ ਨਾਮਧਾਰੀ ਜਥੇਬੰਦੀ ਨੂੰ ਗੈਰ ਕਾਨੂੰਨੀ ਕਰਾਰ ਦੇ ਦਿਤਾ ਗਿਆ । ਭੈਣੀ ਸਾਹਿਬ ਵਿਚ ਪੋਲੀਸ ਦੀ ਚੌਂਕੀ ਬਿਠਾ ਦਿਤੀ ਗਈ । ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਨੂੰ ਜਲਾ ਵਤਨ ਕਰ ਦਿਤਾ ਗਿਆ । ਲਗ ਪਗ 66 ਨਾਮਧਾਰੀ ਸਿੰਘਾਂ ਨੂੰ ਮਲੇਰ ਕੋਟਲੇ ਵਿਚ ਤੋਪਾਂ ਨਾਲ ਉੜਾ ਦਿਤਾ ਗਿਆ ।

ਪਰ ਸਰਕਾਰ ਦੀਆਂ ਸਖਤੀਆਂ ਨਾਮਧਾਰੀ ਜਥੇਬੰਦੀ ਨੂੰ ਖਤਮ ਨਾ ਸਕੀਆਂ । ਬਾਬਾ ਰਾਮ ਸਿੰਘ ਜੀ ਦਾ ਆਰੰਭਿਆ ਕੰਮ ਬਾਬਾ ਬੁਧ ਸਿੰਘ ਜੀ ਨੇ ਚਾਲੂ ਰਖਿਆ । ਅੰਤਰ ਕੇਵਲ ਇੰਨਾ ਸੀ ਕਿ ਜੋ ਕੰਮ ਪਹਿਲਾਂ ਖੁਲੇ ਬਾਜ਼ਾਰ ਹੁੰਦਾ ਸੀ, ਉਹ ਸਰਕਾਰ ਦੀ ਚੋਕਸੀ ਦੇ ਕਾਰਨ ਖੁਫੀਆ ਤੋਰ ਤੇ ਕੀਤਾ ਜਾਣ ਲਗਾ । ਸੂਰਬੀਰ ਨਾਮਧਾਰੀ ਸਿੰਘ ਹਥੇਲੀ ਤੇ ਜਾਨ ਟਿਕਾ ਕੇ ਬਰਮਾ ਜਾਂਦੇ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਮੁੜ ਘਰ ਆ ਜਾਂਦੇ । ਉਸ ਜ਼ਮਾਨੇ ਵਿਚ ਰੂਸ ਤੇ ਬਰਤਾਨੀਆਂ ਦੀ ਆਪਸ ਵਿਚ ਬੜੀ ਦੁਸ਼ਮਣੀ ਸੀ। ਇਸ ਲਈ ਬਰਤਾਨਵੀ ਸਰਕਾਰ ਦੇ ਵਿਰੁਧ ਰੂਸੀ ਸਹਾਇਤਾ ਦੀ ਆਸ ਵਿਚ ਸੂਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਵਰਗੇ ਬੁਲੰਦ-ਹਿੰਮਤ ਵਿਅਕਤੀਆਂ ਨੇ ਰੂਸੀ ਅਧਿਕਾਰੀਆਂ ਨਾਲ ਸੰਪਰਕ ਪੈਦਾ ਕੀਤਾ ।

ਅਜਿਹੇ ਹਾਲਾਤ ਵਿਚ ਹੀ ਹਿੰਦੁਸਤਾਨ ਵਿਚ ਖਬਰ ਪੁਜੀ ਕਿ ਪੰਜਾਬ ਦਾ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਬਰਤਾਨੀਆ ਦੀ ਸਰਕਾਰ ਤੋਂ ਨਿਰਾਸ ਹੋ ਕੇ ਵਾਪਸ ਆਪਣੇ ਦੇਸ਼ ਵਿਚ ਆ ਰਿਹਾ ਹੈ। ਇਹ ਗਲ ਸੰਨ 1886 ਦੀ ਹੈ। ਦਲੀਪ ਸਿੰਘ ਦੀ ਵਾਪਸੀ ਦੀ ਖਬਰ ਸੁਣਕੇ ਨਾਮਧਾਰੀਆਂ ਵਿਚ ਖੁਸ਼ੀ ਦੀ ਲਹਿਰ ਦੋੜ ਗਈ ਅਤੇ ਉਹ ਤੀਬਰਤਾ ਨਾਲ ਮਹਾਰਾਜਾ ਸਾਹਿਬ ਦੀ ਉਡੀਕ ਕਰਨ ਲਗੇ । ਉਹਨਾਂ ਦੇ ਉਤਸ਼ਾਹ ਦਾ ਇਥੋਂ ਅਨੁਮਾਨ ਲਗ ਸਕਦਾ ਹੈ ਕਿ ਤੁਰੰਤ ਚਾਰ ਆਦਮੀਆਂ ਦੀ ਇਕ ਟੋਲੀ ਮਹਾਰਾਜਾ ਦੇ ਸਵਾਗਤ ਲਈ ਬੰਬਈ ਲਈ ਰਵਾਨਾ ਹੋ ਪਈ । ਇਸ ਸਮੇਂ ਇਕ ਉਰਦੂ ਪੁਸਤਕ ਖੁਰਸ਼ੀਦ ਖਾਲਸਾ ਨਾਮੀ ਲਾਹੌਰ ਵਿਚ ਛਾਪੀ ਗਈ। ਉਸਦਾ ਕਰਤਾ ਬਾਵਾ ਨਿਹਾਲ ਸਿੰਘ ਤੇ ਉਸਦਾ ਭਾਈ ਸਰਮੁਖ ਸਿੰਘ ਦੋਵੇਂ ਨਾਮਧਾਰੀ ਲਹਿਰ ਦੇ ਹਮਦਰਦ ਸਨ । ਜਿਸ ਛਾਪੇਖਾਨੇ ਵਿਚ ਇਹ ਛਪੀ ਉਸਦਾ ਮਾਲਿਕ ਦੀਵਾਨ ਬੂਟਾ ਸਿੰਘ ਵੀ ਨਾਮਧਾਰੀ ਵਿਚਾਰਾਂ ਦਾ ਸੀ। ਇਸ ਪੁਸਤਕ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਪ੍ਰੋਗਰਾਮ ਦੀ ਬੜੀ ਉਸਤਤ ਕੀਤੀ ਗਈ ਸੀ । ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਖਾਲਸਾ ਰਾਜ ਦੀ ਬਹਾਲੀ ਦਾ ਜ਼ਿਕਰ



Namdhari Elibrary NamdhariElibrary@gmail.com

ਵੀ ਸੀ। ਫਰੰਗੀ ਸਰਕਾਰ ਨੂੰ ਇਹ ਪੁਸਤਕ ਗੋਲੀ ਵਾਂਗੂ ਲਗੀ ਅਤੇ ਉਸਨੇ ਤੁਰੰਤ ਇਸਨੂੰ ਜ਼ਬਤ ਕਰਨ ਦਾ ਹੁਕਮ ਜਾਰੀ ਕਰ ਦਿਤਾ।

ਉਪਰੋਕਤ ਘਟਨਾਵਾਂ ਤੋਂ ਸਰਕਾਰ ਨੂੰ ਡਰ ਹੋ ਗਿਆ ਕਿ ਕਿਤੇ ਮਹਾਰਾਜ ਦਲੀਪ ਸਿੰਘ ਦੀ ਵਾਪਸੀ ਤੇ ਪੰਜਾਬ ਵਿਚ ਗੜ ਬੜ ਨਾ ਹੋ ਜਾਏ। ਇਸ ਲਈ ਮਹਾਰਾਜ ਸਾਹਿਬ ਨੂੰ ਅਦਨ ਦੀ ਬੰਦਰਗਾਹ ਤੋਂ ਹੀ ਵਾਪਸ ਮੋੜ ਦਿਤਾ ਗਿਆ। ਪਰ ਉਹਨਾਂ ਦਾ ਇਰਾਦਾ ਪਕਾ ਸੀ। ਉਹਨਾਂ ਦੇ ਇੰਗਲੈਂਡ ਵਾਪਸ ਜਾਣ ਦਾ ਸੁਆਲ ਹੀ ਨਹੀਂ ਸੀ। ਉਹ ਫਰਾਂਸ ਤੇ ਜਰਮਨੀ ਹੁੰਦੇ ਹੋਏ ਰੂਸ ਪਹੁੰਚ ਗਏ। ਉਹਨਾਂ ਨੂੰ ਉਮੀਦ ਸੀ ਕਿ ਰੂਸ ਉਹਨਾਂ ਦੀ ਭਾਰਤ ਤੇ ਚੜ੍ਹਾਈ ਕਰਨ ਵਿਚ ਮਦਦ ਕਰੇਗਾ। ਇਹ ਖਬਰ ਸੁਣ ਕੇ ਇਕ ਵਾਰ ਫਿਰ ਨਾਮਧਾਰੀ ਹਲਕਿਆਂ ਵਿਚ ਖੁਸ਼ੀ ਦੇ ਸ਼ਾਦਿਆਨੇ ਵਜਣੇ ਸ਼ੁਰੂ ਹੋਏ। ਹੁਸ਼ਿਆਰ ਪੁਰ ਜ਼ਿਲੇ ਦੇ ਪਿੰਡ ਚੂਰਾ ਵਿਖੇ 23 ਜੁਲਾਈ 1887 ਨੂੰ ਇਕ ਮੇਲਾ ਕੀਤਾ ਗਿਆ। ਉਸ ਮੇਲੇ ਵਿਚ ਦਸਿਆ ਗਿਆ ਕਿ ਸੂਬਾ ਬਿਸ਼ਨ ਸਿੰਘ ਰੂਸ ਵਿਚ ਇਕਠੇ ਹੋ ਗਏ ਹਨ। ਇਸ ਨਾਲ ਉਹਨਾਂ ਦੇ ਦਿਲ ਉਤਸ਼ਾਹ ਨਾਲ ਭਰ ਗਏ ਕਿਉਂਕਿ ਹੁਣ ਉਹਨਾਂ ਨੂੰ ਪੂਰਾ ਯਕੀਨ ਸੀ ਕਿ ਰੂਸ ਜ਼ਰੂਰ ਹੀ ਭਾਰਤ ਉਤੇ ਹਮਲਾ ਕਰਕੇ ਇਥੋਂ ਅੰਗਰੇਜ਼ਾਂ ਦਾ ਬੋਰੀਆ ਬਿਸਤਰਾ ਚੁਕਵਾ ਦੇਵੇਗਾ। ਇਸ ਖੁਸ਼ੀ ਵਿਚ ਹਵਨ ਕਰਕੇ ਚੰਡੀ ਦਾ ਪਾਠ ਕੀਤਾ ਗਿਆ।

ਛੇਤੀ ਹੀ ਮਗਰੋਂ ਕੁਝ ਨਾਮਧਾਰੀ ਸਿੰਘਾਂ ਨੂੰ ਚਿੱਠੀਆਂ ਤੇ ਸੁਗਾਤਾਂ ਦੇ ਕੇ ਰੂਸ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਲਈ ਤੋਰਿਆ ਗਿਆ। ਜਦੋਂ ਇਹ ਈਰਾਨ ਦੇ ਸ਼ਹਿਰ ਮਸ਼ਹਦ ਵਿਚੋਂ ਦੀ ਗੁਜ਼ਰ ਰਹੇ ਸਨ, ਇਕ ਅੰਗਰੇਜ਼ ਜਨਰਲ ਮੇਕਲੀਨ ਨਾਮੀ ਨੇ ਉਹਨਾਂ ਨੂੰ ਵੇਖ ਲਿਆ ਅਤੇ ਇਸ ਬਾਰੇ ਸੂਚਨਾ ਹਿੰਦੁਸਤਾਨ ਸਰਕਾਰ ਨੂੰ ਭੇਜ ਦਿਤੀ। ਇਸ ਪਰ ਸਰਕਾਰ ਨੇ ਇਕ ਜਸੂਸ ਏ. ਐਸ. ਨੂੰ ਹੁਕਮ ਦਿਤਾ ਕਿ ਉਹ ਪਿਛਾ ਕਰਕੇ ਇਹਨਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰੇ। ਉਹ ਇਹਨਾਂ ਬਾਰੇ ਕੁਝ ਨਾ ਕਰ ਸਕਿਆ। ਪਰ ਸੂਬਾ ਗੁਰਚਰਨ ਸਿੰਘ ਨੂੰ ਪਕੜਾਉਣ ਵਿਚ ਜ਼ਰੂਰ ਕਾਮਯਾਬ ਹੋ ਗਿਆ।

ਮਹਾਰਾਜਾ ਦਲੀਪ ਸਿੰਘ ਰੂਸ ਵਿਚ ਨਵੰਬਰ 1888 ਤਕ ਠਹਿਰੇ। ਉਥੋਂ ਉਹਨਾਂ ਨੇ ਪੰਜਾਬ ਦੇ ਸਿੱਖਾਂ, ਵਿਸ਼ੇਸ਼ ਕਰਕੇ ਨਾਮਧਾਰੀਆਂ ਨਾਲ ਸੰਪਰਕ ਪੈਦਾ ਕੀਤਾ ਅਤੇ ਹਿੰਦੁਸਤਾਨੀਆਂ ਦੇ ਨਾਂ ਇਕ ਅਪੀਲ ਜਾਰੀ ਕੀਤੀ ਕਿ ਪੰਜਾਬ ਵਿਚ ਰਹਿਣ ਵਾਲੇ ਇਕ ਆਨਾ ਪ੍ਰਤੀ ਜੀਅ ਪ੍ਰਤੀ ਮਹੀਨਾ ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਇਕ ਪੈਸਾ ਪ੍ਰਤੀ ਜੀਅ ਮਹੀਨਾ ਚੰਦੇ ਦੇ ਤੌਰ ਤੇ ਇਕਠਾ ਕਰਕੇ ਦੇਣ ਤਾਂ ਜੁ ਉਸ ਰੁਪਏ ਨਾਲ ਫੌਜ ਭਰਤੀ ਕਰਕੇ ਭਾਰਤ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਰਿਹਾ ਕਰ ਸਕੇ। ਉਸ ਅਪੀਲ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਰੋਸਾ ਦਵਾਇਆ ਕਿ ਜੇ ਉਹ ਆਪਣੇ ਮਨੋਰਥ ਵਿਚ ਕਾਮਯਾਬ ਹੋ ਗਏ, ਜਨਤਕ ਲਾਭ ਹਿਤ ਟੈਕਸ ਮਾਫ ਕਰ ਦਿਤੇ ਜਾਣਗੇ, ਗਊ-ਹਤਿਆ ਦਾ ਖਾਤਮਾ ਕਰ ਦਿਤਾ ਜਾਏਗਾ, ਕੈਦੀ ਛੱਡ ਦਿਤੇ ਜਾਣਗੇ ਅਤੇ ਜਿਨ੍ਹਾਂ ਲੋਕਾਂ ਨੂੰ ਅੰਗਰੇਜ਼ ਦੇ ਹਥੋਂ ਜ਼ੁਲਮ ਅਤੇ ਬੇਇਨਸਾਫੀ ਦਾ ਸਾਹਮਣਾ ਕਰਨਾ ਪਿਆ ਹੈ, ਉਹਨਾਂ



Namdhari Elibrary NamdhariElibrary@gmail.com

ਸਭ ਲੋਕਾਂ ਦੇ ਨੁਕਸਾਨ ਦੀ ਤਲਾਫੀ ਕੀਤੀ ਜਾਵੇਗੀ। ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੂੰ ਰੂਸ ਨੇ ਕੋਈ ਸਹਾਇਤਾ ਨਾ ਦਿਤੀ। ਨਾ ਹੀ ਉਹਨਾਂ ਦੀ ਅਪੀਲ ਦਾ ਕੋਈ ਠੋਸ ਸਿਟਾ ਨਿਕਲਿਆ। ਅੰਤ ਵਿਚ ਉਹਨਾਂ ਨੂੰ ਨਿਰਾਸ਼ ਰੂਸ ਛਡ ਕੇ ਮੁੜ ਫਰਾਂਸ ਆਉਣਾ ਪਿਆ।

ਇਸ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਦੇ ਸਾਰੇ ਯਤਨ ਨਿਸਫਲ ਰਹੇ ਅਤੇ ਨਾਮਧਾਰੀਆਂ ਨੇ ਜੋ ਉਸ ਸਮੇਂ ਆਜ਼ਾਦੀ ਦੇ ਸੁਪਨੇ ਲਏ ਸਨ, ਉਹ ਪੂਰੇ ਨਾ ਹੋ ਸਕੇ। ਪਰ ਇਸ ਸਬੰਧ ਵਿਚ ਇਕ ਖਾਸ ਗਲ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਹ ਹੈ ਪੰਜਾਬ ਦੀ ਸਮੁਚੀ ਸਿਖ ਵਸੋਂ ਵਿਚੋਂ ਕੇਵਲ ਨਾਮਧਾਰੀ ਹੀ ਸਨ, ਜਿਨ੍ਹਾਂ ਨੇ ਸ਼ਰੇਆਮ ਆਪਣੇ ਆਪ ਨੂੰ ਮਹਾਰਾਜਾ ਦਲੀਪ ਸਿੰਘ ਦੇ ਹਿਤਾਂ ਨਾਲ ਜੋੜਿਆ ਅਤੇ ਉਹਨਾਂ ਦੇ ਮਿਸ਼ਨ ਦੀ ਸਫਲਤਾ ਲਈ ਕੇਵਲ ਕਾਮਨਾ ਹੀ ਨਹੀਂ ਕੀਤੀ ਸਗੋਂ ਨਿਗਰ ਯਤਨ ਵੀ ਕੀਤੇ।

ਸਾਡੇ ਕੁਝ ਲੇਖਕ ਵਿਦਵਾਨ ਅਜੇ ਤਕ ਕੂਕਾ ਲਹਿਰ ਦੇ ਸੰਬੰਧ ਵਿਚ ਸਿੰਘ ਸਭਾ ਲਹਿਰ ਦੁਆਰਾ ਪਾਏ ਭੁਲੇਖਿਆਂ ਤੋਂ ਮੁਕਤ ਨਹੀਂ ਹੋ ਸਕੇ ਅਤੇ ਕੂਕਾ ਲਹਿਰ ਨੂੰ ਉਸ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਜੋ ਮਹਤਤਾ ਮਿਲਣੀ ਚਾਹੀਦੀ ਹੈ, ਉਹ ਨਹੀਂ ਦੇ ਰਹੇ। ਇਹ ਕੇਵਲ ਕੂਕਾ ਲਹਿਰ ਨਾਲ ਹੀ ਬੇ-ਇਨਸਾਫੀ ਨਹੀਂ ਸਗੋਂ ਸਿਖ ਇਤਿਹਾਸ ਨਾਲ ਵੀ ਅਨਿਆਇ ਹੈ।

ਸਿੰਘ ਸਭਾ ਲਹਿਰ ਦੀ ਮਹੱਤਤਾ ਤੋਂ ਮੈਂ ਇਨਕਾਰੀ ਨਹੀਂ ਹਾਂ—ਕੋਈ ਵੀ ਸਮਝਦਾਰ ਮਨੁਖ ਇਸ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦਾ। ਸਿੱਖ ਕੌਮ ਉਤੇ ਇਸ ਦੀ ਛਾਪ ਅਮਿਟ ਹੈ। ਪਰ ਇਹ ਭੂਲਣਾਂ ਨਹੀਂ ਚਾਹੀਦਾ ਕਿ ਇਹ ਲਹਿਰ ਅੰਗਰੇਜ਼ਾਂ ਦੀ ਹਮਾਇਤ ਨਾਲ ਸ਼ੁਰੂ ਹੋਈ ਸੀ ਅਤੇ ਇਸ ਵਿਚ ਉਨ੍ਹਾਂ ਦਾ ਉਦੇਸ਼ ਸਿਖਾਂ ਦੇ ਮਨਾਂ ਨੂੰ ਕੂਕਾ ਪ੍ਰਭਾਵਾਂ ਤੋਂ ਪਰੇ ਖੜਨਾ ਸੀ। ਇਸ ਦੇ ਸਿਟੇ ਵਜੋਂ ਕੂਕਿਆਂ ਦੀ ਨੁਕਤਾਚੀਨੀ, ਉਨ੍ਹਾਂ ਦੀ ਵਿਰੋਧਤਾ, ਹਰ ਉਸ ਸਿਖ ਲਈ ਇਕ ਪ੍ਰਕਾਰ ਦਾ ਫੈਸ਼ਨ ਬਣ ਗਿਆ, ਜਿਸ ਨੂੰ ਫਰੰਗੀ ਸਰਕਾਰ ਦੀ ਖੁਸ਼ਨੂਦੀ ਦਰਕਾਰ ਸੀ।

ਪ੍ਰੰਤੂ ਇਸ ਸਬੰਧ ਵਿਚ ਅੰਤਰ ਜ਼ਰੂਰ ਆ ਗਿਆ ਹੈ। ਉਨੀਵੀਂ ਸਦੀ ਦੇ ਅਖੀਰ ਵਿਚ ਜਦ ਕਿ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਸੀ, ਕੂਕਾ ਲਹਿਰ ਨੂੰ ਅੰਗਰੇਜ਼ ਵਿਰੋਧੀ, ਸਰਕਾਰ ਵਿਰੋਧੀ ਤੇ ਰਾਜਸੀ ਪਖੋਂ ਖਤਰਨਾਕ ਲਹਿਰ ਕਰਕੇ ਭੰਡਿਆ ਜਾਂਦਾ ਸੀ। ਹੁਣ ਜਦ ਸਮੇਂ ਦੇ ਗੇੜ ਨਾਲ ਅੰਗਰੇਜ਼ ਵਿਰੋਧਤਾ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਉਤਮ ਭਾਗ ਮੰਨਿਆ ਜਾਣ ਲਗ ਪਿਆ ਹੈ ਤਾਂ ਇਸ ਲਹਿਰ ਦੇ ਵਿਰੋਧੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ "ਇਹ ਤਾਂ ਕੇਵਲ ਧਾਰਮਕ ਤੇ ਸਮਾਜ ਸੁਧਾਰ ਲਹਿਰ ਹੀ ਸੀ, ਇਸਨੂੰ ਰਾਜਸੀ ਲਹਿਰ ਕਹਿਣਾ ਭੁਲ ਹੈ। 1857 ਦੇ ਵਿਦ੍ਰੋਹ ਤੋਂ ਸਹਿਮੇ ਹੋਏ ਅੰਗਰੇਜ਼ਾਂ ਨੇ ਖਾਹ ਮਖਾਹ ਬਗੈਰ ਕਿਸੇ ਕਾਰਨ ਦੇ ਕੂਕਿਆਂ ਨੂੰ ਹਕੂਮਤ ਦੇ ਵਿਰੋਧੀ ਸਿਆਸੀ ਬਾਗੀ ਕਰਾਰ ਦੇ ਦਿਤਾ, ਜਿਹੜਾ ਕਿ ਹਕੀਕਤ ਤੋਂ ਬਹੁਤ ਦੂਰ ਹੈ। ਅਵਸ਼ ਹੀ ਇਹਨਾਂ ਲੋਕਾਂ ਦਾ ਨਾਂ ਪਹਿਲਾਂ ਪੈਂਤੜਾ ਠੀਕ ਸੀ, ਨਾ



Namdhari Elibrary NamdhariElibrary@gmail.com

ਹੂਣ ਵਾਲਾ ਪੈਂਤੜਾ ਠੀਕ ਹੈ। ਇਤਿਹਾਸਕ ਖੋਜ ਦੇ ਹਿਤ ਵਿਚ ਇਸ ਸਮਸਿਆ ਦਾ ਨਿਰਣਾ ਵਿਗਿਆਨਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਤੇ ਮਨਾਂ ਅੰਦਰ ਬਹਿ ਗਏ ਭਰਮਾਂ ਭੁਲੇਖਿਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਇਸ ਵਿਸ਼ੇ ਦੇ ਸੰਬੰਧ ਵਿਚ ਮੈਂ ਕੁਝ ਤੱਥ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ ਜਿਹੜੇ ਮੇਰੇ ਮਤ ਅਨੁਸਾਰ ਇਸ ਗੁਥੀ ਦੇ ਸੁਲਝਾਉਣ ਵਿਚ ਸਹਾਈ ਹੋ ਸਕਦੇ ਹਨ।

1857 ਵਿਖੇ ਜਦ ਅਜੇ ਵਿਦ੍ਰੋਹ ਦਾ ਆਰੰਭ ਹੋਣਾ ਸੀ, ਬਾਬਾ ਰਾਮ ਸਿੰਘ ਜੀ ਨੇ ਜੋ ਪ੍ਰੋਗਰਾਮ ਤਿਆਰ ਕੀਤਾ ਸੀ ਤੇ ਆਪਣੇ ਕੁਝ ਨਿਕਟਵਰਤੀਆਂ ਸਾਹਮਣੇ ਰਖਿਆ, ਉਸ ਵਿਚ ਕਈ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਦੀ ਮਹੱਤਤਾ ਨਿਰੇ ਧਾਰਮਕ ਤੇ ਸਮਾਜਕ ਸੁਧਾਰ ਤੋਂ ਬਹੁਤ ਅਗੇ ਚਲੀ ਜਾਂਦੀ ਹੈ।

ਇਨਾ ਵਿਚੋਂ ਮੇਰੇ ਵਿਚਾਰ ਅਨੁਸਾਰ ਇਕ ਨੰਬਰ ਤੇ ਬਾਬਾ ਜੀ ਦਾ ਉਹ ਮਹਾਨ ਉਦਮ ਸੀ ਜੋ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰਹਿਤ ਮਰਿਯਾਦਾ ਦੀ ਬਹਾਲੀ ਵਾਸਤੇ ਕੀਤਾ। ਅੰਮ੍ਰਿਤਪਾਨ ਦੀ ਮਹੱਤਤਾ ਜੋ ਖਾਲਸਾ ਰਾਜ ਦੇ ਸਮੇਂ ਤਾਕਤ ਤੇ ਦੌਲਤ ਪ੍ਰਭਾਵ ਹੇਠ ਪਿਛਵਾੜੇ ਚਲੀ ਗਈ ਸੀ, ਉਸ ਉਤੇ ਉਨਾਂ ਨੇ ਮੁੜ ਤੋਂ ਜ਼ੋਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੇ ਅੰਮ੍ਰਿਤ ਦੁਆਰਾ ਕੌਮਾਂ ਜਾਂ ਪੰਥਾਂ ਵਿਚ ਨਵੀਂ ਤਾਕਤ ਲਿਆਂਦੀ, ਨਵਾਂ ਸਾਹਸ ਭਰਿਆ, ਨਵਾਂ ਸੰਗਠਨ ਕਾਇਮ ਕੀਤਾ। ਜੇ ਗੁਰੂ ਸਾਹਿਬ ਦੇ ਰਚੇ ਸਾਹਿਤਕ ਗ੍ਰੰਥਾਂ ਨੂੰ ਜਿਨ੍ਹਾਂ ਵਿਚ ਚੰਡੀ ਦੀ ਵਾਰ, ਆਤਮ ਕਥਾ, ਸਵੱਯੇ, ਆਦਿ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ ਅਤੇ ਉਨ੍ਹਾਂ ਦੇ ਖਾਲਸਾ ਸਿਰਜਨ ਤੋਂ ਪਹਿਲੋਂ ਦੇ ਜੀਵਨ ਦਾ ਧਿਆਨ ਪੂਰਵਕ ਅਧਿਅਨ ਕੀਤਾ ਜਾਵੇ, ਤਾਂ ਬਿਲਕੁਲ ਸਿਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਸਾਹਮਣੇ ਸਭ ਤੋਂ ਵਡੀ ਵੰਗਾਰ ਮੁਗ਼ਲ ਹਾਕਮਾਂ ਦੇ ਅਤਿਆਚਾਰਾਂ ਤੇ ਜਨਤਾ ਵਿਰੋਧੀ ਵਤੀਰਿਆਂ ਦਾ ਟਾਕਰਾ ਕਰਨਾ ਸੀ। ਇਸ ਕਾਰਜ ਸਿਧੀ ਲਈ ਉਨ੍ਹਾਂ ਨੇ ਅਵਸ਼ ਸਮਝਿਆ ਕਿ ਇਕ ਅਜਿਹੀ ਜਥੇਬੰਦੀ ਦਾ ਨਿਰਮਾਣ ਕੀਤਾ ਜਾਏ ਜੋ ਇਕ ਨਵੇਂ ਨਰੋਏ, ਅਤਿਆਚਾਰ ਤੋਂ ਮੁਕਤ, ਉਤਮ ਧਾਰਮਕ ਤੇ ਸਮਾਜਕ ਕਦਰਾਂ ਕੀਮਤਾਂ ਤੇ ਆਧਾਰਤ ਸਮਾਜ ਕਾਇਮ ਕਰੇ ਅਤੇ ਜੋ ਜਥੇਬੰਦੀ ਉਨ੍ਹਾਂ ਨੇ ਇਸ ਮਨੋਰਥ ਲਈ ਸਥਾਪਤ ਕੀਤੀ, ਉਹ ਖਾਲਸਾ ਸੀ। ਖਾਲਸੇ ਦਾ ਸਬੰਧ ਸਮੁਚੇ ਜੀਵਨ ਘੋਲ ਨਾਲ ਜੋੜਿਆ ਗਿਆ ਜਿਸ ਵਿਚ ਸਾਰੇ ਪੱਖ, ਧਾਰਮਕ, ਸਮਾਜਕ, ਆਰਥਕ, ਸਦਾਚਾਰਕ, ਰਾਜਨੀਤਕ ਆਦਿ ਸ਼ਾਮਲ ਹੁੰਦੇ ਹਨ। ਜ਼ਾਲਮ ਨਾਲ ਲੋਹਾ ਤੇ ਉਸ ਦਾ ਸਤਿਆਨਾਸ ਕਰ ਕੇ ਨਵੇਂ ਸਮਾਜ ਦੀ ਰੂਪ ਰੇਖਾ ਉਲੀਕਣਾ ਖਾਲਸੇ ਦੇ ਉਦੇਸ਼ ਦਾ ਜ਼ਰੂਰੀ ਅੰਗ ਸੀ। ਬਾਬਾ ਰਾਮ ਸਿੰਘ ਜੀ ਦੇ ਸਾਹਮਣੇ ਵੀ ਇਕ ਕਰੜੀ ਵੰਗਾਰ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਵੰਗਾਰ ਨਾਲ ਮਿਲਦੀ ਜੁਲਦੀ ਹੈ। ਇਸ ਲਈ ਬਾਬਾ ਜੀ ਦਾ ਵਿਸ਼ਵਾਸ਼ ਸੀ ਕਿ ਇਸ ਵੰਗਾਰ ਦਾ ਮੁਕਾਬਲਾ ਕਰਨ ਲਈ ਸਭ ਤੋਂ ਵਧੀਆ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਬਹਾਲੀ ਹੈ।



Namdhari Elibrary NamdhariElibrary@gmail.com

ਇਸ ਪ੍ਰੋਗਰਾਮ ਦੀ ਪੂਰਤੀ ਦੇ ਵਿਚ ਇਕ ਵਡੀ ਰੁਕਾਵਟ ਇਹ ਸੀ ਕਿ ਇੰਡੀਅਨ ਆਰਮਜ਼ ਐਕਟ ਦੇ ਅਧੀਨ ਕਿਰਪਾਨ ਸਜਾਉਣਾ ਕਾਨੂੰਨ ਦੇ ਵਿਰੁਧ ਸੀ। ਬਾਬਾ ਜੀ ਨੇ ਇਸ ਮੁਸ਼ਕਲ ਦਾ ਹਲ ਲਭਿਆ ਕਿ ਉਹਨਾਂ ਦੇ ਨਵੇਂ ਸਜੇ ਅੰਮ੍ਰਿਤਧਾਰੀ ਸਿਖ ਕਿਰਪਾਨ ਦੀ ਥਾਂ ਲਾਠੀ ਰਖਣ। ਲਾਠੀ ਰਹਿਤ ਮਰਿਯਾਦਾ ਵਿਚ ਕਿਰਪਾਨ ਦਾ ਠੀਕ ਬਦਲ ਤਾਂ ਨਹੀਂ ਸੀ ਹੋ ਸਕਦੀ ਕਿਉਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹਾ ਪਹਿਨਣ ਅਤੇ ਲੋਹੇ ਦੇ ਸ਼ਸ਼ਤਰ ਰਖਣ ਉਤੇ ਜ਼ੋਰ ਦਿਤਾ ਸੀ ਨਾ ਕਿ ਲਕੜੀ ਦੇ ਹਥਿਆਰ ਰਖਣ ਤੇ। ਫਿਰ ਵੀ ਸਮੇਂ ਅਨੁਸਾਰ ਕਿਰਪਾਨ ਨਾ ਰਖਣ ਨਾਲੋਂ ਲਾਠੀ ਰਖਣਾ ਕਿਤੇ ਚੰਗਾ ਸੀ। ਇਸ ਸਬੰਧ ਵਿਚ ਇਹ ਵੀ ਨਹੀਂ ਭੁਲਣਾਂ ਚਾਹੀਦਾ ਕਿ ਲਾਠੀਆਂ ਦੇ ਨਾਲ ਘਵਾੜੀਆਂ, ਟਕੂਏ ਤੇ ਗੰਡਾਸੇ ਵੀ ਰਖੇ ਜਾਂਦੇ ਸਨ, ਜਿਹੜੇ ਲੋਹਾ ਰਖਣ ਦੀ ਲੋੜ ਨੂੰ ਕੁਝ ਹਦ ਤਕ ਜ਼ਰੂਰ ਪੂਰ ਕਰ ਦੇਂਦੇ ਸਨ।

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਦੇ ਦਿਲਾਂ ਵਿਚ ਸੂਰਮਗਤੀ ਦੀ ਭਾਵਨਾ ਭਰਨ ਲਈ ਸੈਨਿਕ ਸਿਖਲਾਈ ਦਾ ਪ੍ਰੋਗਰਾਮ ਆਰੰਭ ਕੀਤਾ ਸੀ, ਇੰਜ ਹੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਉਘੇ ਸੂਬਿਆਂ ਨੇ ਆਪਣੇ ਅਨੁਯਾਈਆਂ ਨੂੰ ਸੈਨਿਕ ਕਸਬ ਵਿਚ ਸਿਖਲਾਈ ਦੇਣ ਲਈ ਕਵਾਇਦ ਸ਼ੁਰੂ ਕੀਤੀ। ਚੂੰਕਿ ਇਹ ਕੰਮ ਖੁਲਮ ਖੁਲਮ ਨਹੀਂ ਸੀ ਹੋ ਸਕਦਾ। ਇਸ ਲਈ ਇਹ ਆਮ ਤੌਰ ਤੇ ਰਾਤੀਂ ਕੀਤਾ ਜਾਂਦਾ ਸੀ। ਸਾਡੇ ਪਾਸ ਅਜੇ ਤਕ ਕਈ ਸਰਕਾਰੀ ਜਸੂਸਾਂ ਦੀਆਂ ਖੁਫੀਆ ਰਿਪੋਰਟਾਂ ਮੌਜੂਦ ਹਨ ਜੋ ਇਸ ਵਿਸ਼ੇ ਤੇ ਚੋਖੀ ਰੋਸ਼ਨੀ ਪਾਉਂਦੀਆਂ ਹਨ।

ਬਾਬਾ ਜੀ ਦੇ ਪ੍ਰੋਗਰਾਮ- ਦਾ ਇਕ ਹੋਰ ਜ਼ਰੂਰੀ ਅੰਗ ਚੰਡੀ ਦਾ ਪਾਠ ਸੀ। ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਐਸੀ ਰਚਨਾ ਹੈ ਜਿਸ ਦੇ ਪਾਠ ਨਾਲ ਸਰੀਰ ਦੇ ਲੂੰ ਲੂੰ ਵਿਚ ਬਹਾਦਰੀ ਦਾ ਜਜ਼ਬਾ ਸਮਾ ਜਾਂਦਾ ਹੈ। ਇਸ ਵਾਰ ਵਿਚ ਦੇਵਤਿਆਂ ਤੇ ਰਾਖਸ਼ਾਂ ਦੀ ਲੜਾਈ ਦਾ ਵਰਨਣ ਹੈ। ਕਹਾਣੀ ਪੌਰਾਣਕ ਹੈ ਪ੍ਰੰਤੂ ਗੁਰੂ ਜੀ ਨੇ ਇਸ ਦਾ ਕੇਵਲ ਲੜਾਈ ਨਾਲ ਸੰਬੰਧਤ ਭਾਗ ਹੀ ਲਿਆ ਹੈ। ਇਸ ਵਾਰ ਦੀ ਰਚਨਾ ਵਿਚ ਗੁਰੂ ਜੀ ਦਾ ਪ੍ਰਮੁਖ ਉਦੇਸ਼ ਬਹਾਦਰੀ ਜਾਂ ਵੀਰਤਾ ਦੀ ਭਾਵਨਾ ਪੈਦਾ ਕਰਨਾ ਸੀ। ਇਸ ਲਈ ਬਾਬਾ ਰਾਮ ਸਿੰਘ ਜੀ ਦਾ ਇਸ ਵਾਰ ਦੇ ਪਾਠ ਨੂੰ ਆਪਣੇ ਸਮੁਚੇ ਕਾਰਜਕ੍ਰਮ ਵਿਚ ਸ਼ਾਮਲ ਕਰਨਾ ਤੇ ਉਸ ਨੂੰ ਸਰੇਸ਼ਟ ਦਰਜਾ ਦੇਣਾ ਸਪਸ਼ਟ ਕਰਦਾ ਹੈ ਕਿ ਬਾਬਾ ਜੀ ਵੀ ਇਸ ਦੁਆਰ ਵੀਰਤਾ ਦੀ ਭਾਵਨਾ ਉਤਪੰਨ ਕਰਨਾ ਚਾਹੁੰਦੇ ਸਨ। ਜਿਸ ਢੰਗ ਨਾਲ ਇਹ ਪਾਠ ਕੀਤਾ ਜਾਂਦਾ ਸੀ, ਉਹ ਉਹਨਾਂ ਦੇ ਅੰਦਰਲੇ ਮਨੋਰਥਾਂ ਨੂੰ ਹੋਰ ਵੀ ਸਾਫ ਕਰ ਦਿੰਦਾ ਹੈ। ਇਹ ਪਾਠ ਹਵਨ ਦੁਆਲੇ ਕੀਤਾ ਜਾਂਦਾ ਸੀ। ਹਵਨ ਦੀ ਅਗ ਦਾ ਸੇਕ, ਹਵਨ ਵਿਚ ਪੈ ਰਹੀ ਸੁਗੰਧੀ ਦੀ ਵਿਸ਼ੇਸ਼ ਸੁਗੰਧੀ ਤੇ ਚੰਡੀ ਦੀ ਵਾਰ ਦਾ ਵੀਰ ਰਸ—ਇਹਨਾਂ ਸਭਨਾਂ ਦਾ ਕੀ ਅਸਰ ਹੋ ਸਕਦਾ ਸੀ ਸਿਵਾਇ ਇਸ ਦੇ ਕਿ ਵੀਰਤਾ ਤੇ ਕੁਰਬਾਨੀ ਦੀ ਸਪਿਰਟ ਨਾਲ ਸਾਰਾ ਤਨ ਮਨ ਭਰਪੂਰ ਹੋ ਜਾਏ ?

ਕੂਕਾ ਪ੍ਰੋਗਰਾਮ ਦਾ ਇਕ ਹੋਰ ਵਡਾ ਤੇ ਮਹੱਤਵਪੂਰਨ ਭਾਗ ਗਊ ਦੀ ਵਿਰੋਧਤਾ



Namdhari Elibrary NamdhariElibrary@gmail.com

ਸੀ । ਇਸ ਸਬੰਧ ਵਿਚ ਸਾਡੇ ਕਈ ਵਿਦਵਾਨਾਂ ਨੂੰ ਬੜਾ ਭੁਲੇਖਾ ਲਗਾ ਹੈ । ਇਕ ਵਿਦਵਾਨ ਨੇ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਕੂਕਿਆਂ ਉਤੇ ਬ੍ਰਾਹਮਣਾਂ ਦਾ ਅਸਰ ਬਹੁਤ ਸੀ ਤੇ ਇਸੇ ਲਈ ਉਹ ਗਊ ਹਤਿਆ ਦਾ ਵਿਰੋਧ ਕਰਦੇ ਸਨ । ਇਸ ਤੋਂ ਵਧੇਰੇ ਗਲਤ ਗਲ ਸ਼ਾਇਦ ਹੀ ਕੋਈ ਹੋਵੇਗੀ । ਬਾਬਾ ਰਾਮ ਸਿੰਘ ਜੀ ਦਾ ਹਮੇਸ਼ਾਂ ਇਹ ਯਤਨ ਰਹਿੰਦਾ ਸੀ ਕਿ ਸਿਖੀ ਨੂੰ ਬ੍ਰਾਹਮਣੀ ਪ੍ਰਭਾਵਾਂ ਤੋਂ ਬਚਾਇਆ ਜਾਵੇ । ਉਨ੍ਹਾਂ ਨੇ ਦੇਵੀ, ਦੇਵਤਿਆਂ, ਮੂਰਤੀਆਂ, ਮੜ੍ਹੀਆਂ, ਸਮਾਜਾਂ ਆਦਿ ਦੀ ਪੂਜਾ ਦਾ ਕਰੜਾ ਵਿਰੋਧ ਕੀਤਾ ਤੇ ਕੇਵਲ ਗੁਰਬਾਣੀ ਗਾਇਨ ਕਰਨ ਅਤੇ ਇਕ ਨਿਰੰਕਾਰ ਦੀ ਉਪਾਸ਼ਨਾ ਤੇ ਜ਼ੋਰ ਦਿਤਾ । ਇਸ ਲਈ ਇਹ ਕਹਿਣਾ ਕਿ ਉਹ ਬ੍ਰਾਹਮਣਾਂ ਦੇ ਅਸਰ ਹੇਠ ਸਨ; ਬਿਲਕੁਲ ਨਿਰਮੂਲ ਗੱਲ ਹੈ ।

ਇਹ ਸਮਝਣ ਲਈ ਕਿ ਕੂਕੇ ਗਊ ਹਤਿਆ ਦੇ ਕਿਉਂ ਵਿਰੋਧੀ ਸਨ, ਸਾਨੂੰ ਆਪਣੇ ਇਤਿਹਾਸ ਦੀ ਪਿੱਠ-ਭੂਮੀ ਵਲ ਧਿਆਨ ਦੇਣਾ ਪਏਗਾ । ਸਿੱਖਾਂ ਦੇ ਤਾਕਤ ਵਿਚ ਆਉਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਮੁਗਲਾਂ ਦਾ ਰਾਜ ਸੀ । ਉਸ ਵੇਲੇ ਗਊ ਹਤਿਆ ਦੀ ਸਰਕਾਰ ਵਲੋਂ ਖੁਲ੍ਹ ਹੋਣ ਕਰਕੇ ਥਾਂ ਥਾਂ ਬੁਚੜਖਾਨੇ ਬਣੇ ਹੋਏ ਸਨ । ਸਿਖਾਂ ਨੂੰ ਸ਼ੁਰੂ ਤੋਂ ਹੀ ਇਹ ਗਲ ਪਸੰਦ ਨਹੀਂ ਸੀ । ਇਸ ਗੱਲ ਦਾ ਸੰਕੇਤ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਸਪਸ਼ਟ ਮਿਲਦਾ ਹੈ । ਪਰੰਤੂ ਜਿੰਨਾਂ ਚਿਰ ਤੀਕਰ ਉਨ੍ਹਾਂ ਨੂੰ ਤਾਕਤ ਹਾਸਲ ਨਹੀਂ ਸੀ ਉਹ ਕੀ ਕਰ ਸਕਦੇ ਸਨ ? ਅਠਾਰ੍ਹਵੀਂ ਸਦੀ ਵਿਚ ਜਦੋਂ ਇਕ ਲੰਬੇ ਆਜ਼ਾਦੀ ਦੇ ਘੋਲ ਮਗਰੋਂ ਸਿਖ ਮਿਸਲਾਂ ਦਾ ਰਾਜ ਸਥਾਪਤ ਹੋਇਆ ਤਾਂ ਉਨ੍ਹਾਂ ਨੂੰ ਫੌਰਨ ਗਊ ਹਤਿਆ ਦੀ ਮਨਾਹੀ ਕਰ ਦਿਤੀ । ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਲੀਸੀ ਨੂੰ ਹੋਰ ਵੀ ਦ੍ਰਿੜ੍ਹਤਾ ਨਾਲ ਜਾਰੀ ਰਖਿਆ । ਰਣਜੀਤ ਸਿੰਘ ਦੇ ਵਿਚਾਰਾਂ ਬਾਰੇ ਕੁਝ ਉਦਾਹਰਣਾਂ ਤੋਂ ਪੂਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ । 1808 ਵਿਚ ਜਦੋਂ ਸਰ ਚਾਰਲਸ ਮੇਟਕਾਫ ਆਪਣੀ ਸਰਕਾਰ ਦਾ ਏਲਚੀ ਬਣ ਕੇ ਮਹਾਰਾਜਾ ਸਾਹਿਬ ਨੂੰ ਕਸੂਰ ਵਿਚ ਮਿਲਿਆ ਤੇ ਦੋਸਤੀ ਦੇ ਅਹਿਦਨਾਮੇ ਲਈ ਅੰਗਰੇਜ਼ਾਂ ਦੀ ਖਾਹਸ਼ ਪ੍ਰਗਟ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਤੁਰੰਤ ਹੀ ਆਪਣੇ ਵਲੋਂ ਕੁਝ ਧਾਰਾਵਾਂ ਪੇਸ਼ ਕੀਤੀਆਂ । ਇਨ੍ਹਾਂ ਵਿਚ ਇਕ ਉਘੀ ਧਾਰਾ ਇਹ ਸੀ ਕਿ ਜਦੋਂ ਅੰਗਰੇਜ਼ ਸੈਨਾ ਉਸ ਦੇ ਮੁਲਕ ਵਿਚ ਹੋਵੇ ਜਾਂ ਉਥੋਂ ਦੀ ਗੁਜ਼ਰੇ, ਉਹ ਕੋਈ ਡੰਗਰਾਂ ਦੀ ਹਤਿਆ ਨਾ ਕਰਨ । ਇਕ ਹੋਰ ਉਦਾਹਰਣ 1833 ਦੇ ਮਹਾਰਾਜਾ ਸਾਹਿਬ ਤੇ ਸ਼ਾਹ ਸੁਜਾਹ ਵਿਚਕਾਰ ਹੋਈ ਸੰਧੀ ਤੋਂ ਮਿਲਦੀ ਹੈ ਕਿ ਸ਼ਾਹ ਸੁਜਾਹ ਉਤੇ ਮਹਾਰਾਜੇ ਵਲੋਂ ਇਕ ਸ਼ਰਤ ਇਹ ਹੋਵੇਗੀ ਕਿ ਉਹ ਜਦੋਂ ਆਪਣੇ ਮੁਲਕ ਅਫਗਾਨਿਸਤਾਨ ਦਾ ਰਾਜਾ ਮੁੜ ਕੇ ਬਣ ਜਾਏ, ਆਪਣੇ ਮੁਲਕ ਵਿਚ ਸਿੱਖਾਂ ਦ ਜਜ਼ਬਾਤ ਦੀ ਕਦਰਦਾਨੀ ਵਜੋਂ ਡੰਗਰ ਮਾਰਨ ਦੀ ਮਨਾਹੀ ਕਰ ਦੇਵੇ ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839) ਪਿਛੋਂ ਪੰਜਾਬ ਵਿਚ ਖਲਬਲੀ ਮਚ ਗਈ ਜਿਸ ਦਾ ਲਾਭ ਉਠਾ ਕੇ ਅੰਗਰੇਜ਼ਾਂ ਨੇ 1845 ਦੇ ਅਖੀਰ ਤੇ ਪੰਜਾਬ ਤੇ ਹਮਲਾ ਕਰ ਦਿਤਾ । ਸਿੱਖਾਂ ਦੀ ਘਰ ਦੀ ਫੁਟ ਉਨ੍ਹਾਂ ਦੀ ਹਾਰ ਦਾ ਕਾਰਨ ਬਣੀ ਤੇ



Namdhari Elibrary NamdhariElibrary@gmail.com

ਇਸ ਤਰ੍ਹਾਂ ਅੰਗਰੇਜ਼ਾਂ ਦਾ ਪੰਜਾਬ ਵਿਚ ਪੈਰ ਜਮਾਉਣ ਦਾ ਰਾਹ ਖੁਲ੍ਹ ਗਿਆ। ਕੁਝ ਹੀ ਸਾਲ ਮਗਰੋਂ ਅੰਗਰੇਜ਼ਾਂ ਦੀ ਕੂਟਲਨੀਤੀ ਦੇ ਕਾਰਣ ਪੰਜਾਬੀਆਂ ਵਿਚ, ਵਿਸ਼ੇਸ਼ ਕਰਕੇ ਸਿਖਾਂ ਵਿਚ ਆਜ਼ਾਦੀ ਦਾ ਜੋਸ਼ ਉਠਿਆ ਤੇ ਉਹਨਾਂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦਿਤੀ। ਇਸ ਵੇਲੇ ਰਾਜਾ ਸ਼ੇਰ ਅਟਾਰੀ ਸਿੰਘ ਵਾਲਾ ਨੇ ਜੋ ਐਲਾਨ ਕੀਤਾ ਉਸ ਵਿਚ ਇਸ ਗਲ ਦਾ ਸਪਸ਼ਟ ਜ਼ਿਕਰ ਸੀ ਕਿ ਉਨ੍ਹਾਂ ਦਾ ਵਿਦ੍ਰੋਹ ਗਊ ਦੀ ਰਖਿਆ ਵਾਸਤੇ ਹੈ। ਇਸ ਦਾ ਪਿਛੋਕੜ ਇਸ ਪ੍ਰਕਾਰ ਹੈ ਕਿ ਪੰਜਾਬ ਵਿਚ ਜਦੋਂ ਤੋਂ (1846) ਅੰਗਰੇਜ਼ਾਂ ਦੇ ਪੈਰ ਪਏ ਸਨ, ਇਥੇ ਅੰਮ੍ਰਿਤਸਰ ਲਾਹੌਰ ਤੇ ਹੋਰ ਕਈ ਥਾਵਾਂ ਤੇ ਬੁਚੜਖਾਨੇ ਖੁਲ੍ਹ ਗਏ ਸਨ ਜੋ ਸਿਖਾਂ ਨੂੰ ਆਪਣੇ ਧਰਮ ਤੇ ਹਮਲੇ ਦੀ ਨਿਆਈ ਲਗਦੇ ਸਨ।

1849 ਵਿਚ ਸਿਖ ਇਕ ਵਾਰ ਫਿਰ ਅੰਗਰੇਜ਼ਾਂ ਕੋਲੋਂ ਹਾਰ ਗਏ। ਇਸ ਦੇ ਸਿਟੇ ਵਜੋਂ ਉਨ੍ਹਾਂ ਦਾ ਪਿਆਰਾ ਮੁਲਕ, ਪੰਜਾਬ ਤੇ ਉਸ ਵਿਚ ਉਨ੍ਹਾਂ ਦਾ ਸੁਤੰਤਰ ਖਾਲਸਾ ਰਾਜ ਉਨ੍ਹਾਂ ਦੇ ਹਥਾਂ ਵਿਚੋਂ ਨਿਕਲ ਗਿਆ। ਹੁਣ ਅੰਗਰੇਜ਼ਾਂ ਨੂੰ ਪੂਰਾ ਪੂਰਾ ਅਧਿਕਾਰ ਮਿਲ ਗਿਆ ਜਿਸ ਦਾ ਫਾਇਦਾ ਉਠਾ ਕੇ ਉਨ੍ਹਾਂ ਨੇ ਕਈ ਹੋਰ ਥਾਵਾਂ ਉਤੇ ਗਊਆਂ ਦੇ ਬੁਚੜਖਾਨੇ ਸਥਾਪਤ ਕਰ ਲਏ। ਇਸ ਦੇ ਨਾਲ ਸਿਖਾਂ ਦੇ ਧਰਮ ਅਸਥਾਨਾਂ ਦੀ ਵਿਗ਼ਤ ਨੂੰ ਵੀ ਸਟ ਵਜੀ ਕਿਉਂਕਿ ਦਰਬਾਰ ਸਾਹਿਬ ਵਰਗੇ ਪਵਿਤਰ ਅਸਥਾਨ ਵਿਚ ਵੀ ਅੰਗਰੇਜ਼ ਜੁਤੀਆਂ ਖੜਣੋਂ ਸੰਕੋਚ ਨਹੀਂ ਕਰਦੇ ਸਨ। ਉਸ ਸਮੇਂ ਸਿਖਾਂ ਨੂੰ ਇਉਂ ਮਹਿਸੂਸ ਹੋਣ ਲਗਾ ਕਿ ਆਪਣਾ ਰਾਜ ਜਾਣ ਨਾਲ ਉਨ੍ਹਾਂ ਦਾ ਧਰਮ ਵੀ ਜਾ ਰਿਹਾ ਹੈ। ਇਹੋ ਕਾਰਨ ਸੀ ਕਿ ਜਦੋਂ 1857 ਵਿਚ ਬਗਾਵਤ ਹੋਈ ਤਾਂ ਰੋਪੜ ਸ਼ਹਿਰ ਵਿਚ ਵੀ ਕੁਝ ਸਿਖ ਨੇਤਾਵਾਂ ਨੇ ਬਗਾਵਤ ਦਾ ਝੰਡਾ ਉਚਾ ਕੀਤਾ, ਅਤੇ ਉਸ ਵੇਲੇ ਨਾਲ ਹੀ ਇਹ ਐਲਾਨ ਕੀਤਾ ਕਿ ਅਸੀਂ ਹੁਣ ਆਜ਼ਾਦ ਹੋ ਗਏ ਹਾਂ, ਖਾਲਸਾ ਰਾਜ ਮੁੜ ਤੋਂ ਸਥਾਪਤ ਹੋ ਗਿਆ ਹੈ। ਗਊ ਹਤਿਆ ਖਤਮ ਹੋ ਗਈ ਹੈ, ਇਤਆਦਿ। ਇਹ ਬਗਾਵਤ ਛੇਤੀ ਹੀ ਦਬਾ ਦਿਤੀ ਗਈ ਤੇ ਮੋਹਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇ ਦਿਤੀ ਗਈ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕੂਕਿਆਂ ਦਾ ਇਸ ਸਬੰਧ ਵਿਚ ਪ੍ਰਤੀਕਰਮ ਵੀ ਬਿਲਕੁਲ ਇੰਜ ਦਾ ਹੀ ਸੀ। ਉਹ ਅੰਗਰੇਜ਼ ਰਾਜ ਨੂੰ ਇਕ ਵਡੀ ਲਾਹਨਤ ਸਮਝਦੇ ਹਨ ਤੇ ਅੰਗਰੇਜ਼ਾਂ ਨੂੰ ਬਿਲੇ ਫਰੰਗੀ ਕਹਿ ਕੇ ਆਪਣੇ ਰਵਈਏ ਦਾ ਪ੍ਰਗਟਾਵਾ ਕਰਦੇ ਸਨ। ਗਊ ਹਤਿਆ ਦਾ ਦਿਨੋ ਦਿਨ ਵਧ ਰਿਹਾ ਕੋੜ੍ਹ ਉਨ੍ਹਾਂ ਨੂੰ ਆਪਣੇ ਸੁਤੰਤਰ ਖਾਲਸਾ ਰਾਜ ਦੀ ਯਾਦ ਮੁੜ ਮੁੜ ਦਵਾਉਂਦਾ ਸੀ। ਉਨ੍ਹਾਂ ਨੂੰ ਇਉਂ ਲਗਦਾ ਸੀ ਕਿ ਗਊ ਹਤਿਆ ਤੇ ਗੁਲਾਮੀ ਇਕੋ ਰੋਗ ਦੀਆਂ ਦੋ ਜੜ੍ਹਾਂ ਹਨ ਅਤੇ ਗਊ ਹਤਿਆ ਤਾਂ ਹੀ ਦੂਰ ਹੋ ਸਕਦੀ ਹੈ ਜੇ ਗੁਲਾਮੀ ਨੂੰ ਦੂਰ ਕੀਤਾ ਜਾਏ। ਗਊ ਹਤਿਆ ਦੀ ਵਿਰੋਧਤਾ ਨੇ ਇਸ ਪ੍ਰਕਾਰ ਇਕ ਸਿਆਸੀ ਚਿੰਨ੍ਹ ਦਾ ਰੂਪ ਧਾਰਨ ਕਰ ਲਿਆ। ਇਸ ਪਿਛੇ ਧਾਰਮਿਕ ਜਜ਼ਬਾ ਤਾਂ ਹੈ ਹੀ ਪਰ ਕੇਵਲ ਧਾਰਮਿਕ ਜਜ਼ਬਾ ਹੀ ਨਹੀਂ ਸੀ। ਇਹ ਦੋਵੇਂ ਧਾਰਮਕ ਤੇ ਸਿਆਸੀ ਜਜ਼ਬੇ ਘੁਲੇ ਮਿਲੇ ਹੋਏ ਸਨ। ਇਸ ਲਈ ਕੂਕਾ



Namdhari Elibrary NamdhariElibrary@gmail.com

ਦ੍ਰਿਸ਼ਟੀਕੋਣ ਨੂੰ ਕਿਸੇ ਧਾਰਮਿਕ ਕਟੜਤਾ ਦਾ ਪ੍ਰਤੀਕ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਉਨ੍ਹਾਂ ਦੀ ਆਪਣੇ ਰਾਜ ਦੀ ਬਹਾਲੀ ਦੀ ਤਾਂਘ ਦਾ ਇਕ ਪ੍ਰਤੀਕ ਮੰਨਣਾ ਵਧੇਰੇ ਠੀਕ ਹੋਵੇਗਾ।

ਕੁਝ ਸਿਖ ਵਿਦਵਾਨਾਂ ਨੇ ਇਸ ਦ੍ਰਿਸ਼ਟੀਕੋਣ ਨੂੰ ਨਾ ਸਮਝਦੇ ਹੋਏ ਲਿਖਿਆ ਹੈ ਕਿ ਕੂਕਿਆਂ ਨੇ ਬੁਚੜਾਂ ਨਾਲ ਖਾਹ ਮਖਾਹ ਉਲਝ ਕੇ ਗਲਤੀ ਕੀਤੀ ਤੇ ਇਸ ਕਾਰਨ ਕੂਕਾ ਅੰਦੋਲਨ ਦੇ ਰਾਹ ਵਿਚ ਵਡੀ ਰੁਕਾਵਟ ਪੈ ਗਈ। ਕਿਉਂ ਜੋ ਅੰਗਰੇਜ਼ੀ ਸਰਕਾਰ ਨੇ ਇਸ ਗਲ ਦੀ ਆੜ ਲੈ ਕੇ ਅੰਦੋਲਨ ਨੂੰ ਸਖਤੀ ਨਾਲ ਦਬਾਉਣ ਦੇ ਜਤਨ ਆਰੰਭੇ ਇਹ ਮਤ ਦਰੁਸਤ ਨਹੀਂ ਜਾਪਦਾ। ਇਹ ਗੱਲ ਉਸ ਵੇਲੇ ਦੀ ਸਰਕਾਰ ਨੇ ਵੀ ਮੰਨੀ ਹੈ ਕਿ ਗਊ ਹਤਿਆ ਦਾ ਸਵਾਲ ਬੜਾ ਨਾਜ਼ਕ ਸਵਾਲ ਸੀ ਜੋ ਗੈਰ ਮੁਸਲਮਾਨਾਂ ਅਰਥਾਤ ਹਿੰਦੂਆਂ ਤੇ ਸਿਖਾਂ ਦੇ ਦਿਲਾਂ ਨੂੰ ਸਦਾ ਹੀ ਟੁੰਬਦਾ ਰਹਿੰਦਾ ਸੀ। ਅਜਿਹੇ ਸਵਾਲ ਨੂੰ ਅਗੇ ਲਿਆਉਣਾ ਤੇ ਮੋਰਚੇ ਦਾ ਵਿਸ਼ਾ ਬਨਾਉਣਾ ਕੂਕਿਆਂ ਦੀ ਸਿਆਸੀ ਸੂਝ ਬੂਝ ਜ਼ਾਹਿਰ ਕਰਦਾ ਹੈ ਨਾ ਕਿ ਉਨ੍ਹਾਂ ਦਾ ਕੋਈ ਕੱਚਾਪਨ। ਜੇ ਉਨ੍ਹਾਂ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਵਿਚ ਕਾਮਯਾਬੀ ਨਾ ਹੋਈ ਤਾਂ ਇਸ ਦਾ ਕਾਰਣ ਇਹ ਨਹੀਂ ਸੀ ਕਿ ਉਨ੍ਹਾਂ ਦੀ ਵਿਸ਼ੇ ਦੀ ਚੋਣ ਠੀਕ ਨਹੀਂ ਸੀ। ਇਸ ਦੇ ਕਾਰਨ ਹੋਰ ਹੀ ਸਨ, ਜਿਵੇਂ ਕਿ ਅੰਗਰੇਜ਼ਾਂ ਦੀ ਮਹਾਨ ਤਾਕਤ ਤੇ ਸਮਾਜ ਵਿਚ ਸਰਕਾਰ ਪਖੀਆਂ ਦੀ ਬਹੁਲਤਾ।

ਅਜੇ ਬੁਚੜਾਂ ਉਤੇ ਕੂਕਿਆਂ ਦੇ ਹਮਲੇ ਸ਼ੁਰੂ ਨਹੀਂ ਸੀ ਹੋਏ ਜਦੋਂ ਉਨ੍ਹਾਂ ਨੇ ਨਿਪਾਲ ਤੇ ਜੰਮੂ ਕਸ਼ਮੀਰ ਦੇ ਰਾਜਿਆਂ ਨਾਲ ਸਬੰਧ ਜੋੜਨ ਦੇ ਜਤਨ ਸ਼ੁਰੂ ਕੀਤੇ। ਦੋਵੇਂ ਰਾਜੇ ਅੰਗਰੇਜ਼ਾਂ ਤੋਂ ਦੁਖੀ ਸਨ। ਤੇ ਅੰਦਰੋਂ ਉਨ੍ਹਾਂ ਵਿਰੁਧ ਜਤਨ ਕਰਦੇ ਰਹਿੰਦੇ ਸਨ। ਨਿਪਾਲ ਵਿਚ ਇਕ ਕੂਕਾ ਵਫਦ ਭੇਜਿਆ ਗਿਆ ਜਿਸ ਰਾਹੀਂ ਉਸ ਰਾਜ ਨਾਲ ਗੁਪਤ ਗਲਬਾਤ ਕੀਤੀ ਗਈ। ਜੰਮੂ ਕਸ਼ਮੀਰ ਦੀ ਸੈਨਾ ਵਿਚ ਇਕ ਕੂਕਾ ਸੂਬਾ ਕਰਨਲ ਹੀਰਾ ਸਿੰਘ ਕਈ ਵਰੇ ਨੌਕਰੀ ਕਰਦਾ ਰਿਹਾ ਜਿਸਨੇ ਇਕ ਕੂਕਾ ਕੰਪਨੀ ਤਿਆਰ ਕੀਤੀ। ਪਰ ਰਿਆਸਤਾਂ ਦੇ ਰਾਜਿਆਂ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹ ਨਿਤਰ ਕੇ ਸਰਕਾਰ ਦੀ ਵਿਰੋਧਤਾ ਕਰਦੇ। ਜਦੋਂ ਹੀ ਸਰਕਾਰ ਨੂੰ ਉਨ੍ਹਾਂ ਤੇ ਸ਼ਕ ਪਿਆ, ਉਨ੍ਹਾਂ ਨੇ ਕੂਕਿਆਂ ਨੂੰ ਪਿਠ ਵਿਖਾ ਦਿਤੀ।

ਮੇਰੇ ਇਸ ਵਿਸ਼ੇ ਦੇ ਸਬੰਧ ਵਿਚ ਕੂਕਿਆਂ ਦੇ ਉਨ੍ਹਾਂ ਯਤਨਾਂ ਦੀ ਬੜੀ ਮਹਾਨਤਾ ਹੈ ਜੋ ਉਨ੍ਹਾਂ ਨੇ ਰੂਸ ਨਾਲ ਮਿਤਰਤਾ ਪੈਦਾ ਕਰਨ ਲਈ ਕੀਤੇ। ਉਨ੍ਹਾਂ ਨੂੰ ਪਤਾ ਸੀ ਕਿ ਰੂਸ ਤੇ ਬਰਤਾਨੀਆਂ ਵਿਚਕਾਰ ਸਖਤ ਦੁਸ਼ਮਣੀ ਹੈ। ਇਸ ਲਈ ਉਨ੍ਹਾਂ ਨੇ ਵਿਚਾਰ ਕੀਤਾ ਕਿ ਜੇ ਰੂਸ ਨੂੰ ਹਿੰਦੁਸਤਾਨ ਦੇ ਹਮਲੇ ਲਈ ਤਿਆਰ ਕਰ ਲਿਆ ਜਾਏ ਤਾਂ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕਢ ਦੇਣਗੇ। ਕੂਕਾ ਸੂਬਾ ਗੁਰਚਰਨ ਸਿੰਘ ਨੇ ਇਸ ਮਤਲਬ ਲਈ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚਕਾਰ ਕਈ ਗੁਪਤ ਚਕਰ ਕਟੇ। ਉਸ ਨੇ ਬਾਬਾ ਰਾਮ ਸਿੰਘ ਜੀ ਦੀ ਇਕ ਚਿੱਠੀ ਤੇ ਬਾਬਾ ਹਰੀ ਸਿੰਘ ਜੀ ਦੀ ਇਕ ਚਿੱਠੀ ਰੂਸੀ ਹਾਕਮਾਂ ਪਾਸ ਪਹੁੰਚਾਈ ਤੇ ਇਸੇ ਤਰ੍ਹਾਂ ਰੂਸੀ ਹਾਕਮਾਂ ਦੀਆਂ



Namdhari Elibrary NamdhariElibrary@gmail.com

ਚਿੱਠੀਆਂ ਹਿੰਦੁਸਤਾਨ ਲਿਆਂਦੀਆਂ। ਇਨ੍ਹਾਂ ਵਿਚੋਂ ਕੁਝ ਚਿੱਠੀਆਂ ਨੈਸ਼ਨਲ ਆਰਕਾ-ਈਵਜ਼, ਨਿਊ ਦਿੱਲੀ, ਵਿਚ ਸੁਰਖਿਅਤ ਪਈਆਂ ਹਨ। ਸੂਬਾ ਗੁਰਚਰਨ ਸਿੰਘ ਨੂੰ ਕੁਝ ਸਰਕਾਰੀ ਜਾਸੂਸਾਂ ਨੇ ਫੜਾ ਦਿਤਾ ਤੇ ਉਹ ਕਈ ਵਰ੍ਹੇ ਜੇਲ੍ਹ ਵਿਚ ਰਿਹਾ। ਇਸ ਦੌਰਾਨ ਕੂਕਿਆਂ ਵਿਚ ਇਹ ਭਵਿਸ਼ਬਾਣੀ ਆਮ ਪ੍ਰਚਲਤ ਸੀ ਕਿ ਰੂਸ ਹਿੰਦੁਸਤਾਨ ਤੇ ਹਮਲਾ ਕਰੇਗਾ ਤੇ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਏਗਾ।

ਜਦੋਂ ਮਹਾਰਾਜਾ ਦਲੀਪ ਸਿੰਘ ਆਪਣੇ ਵਜ਼ੀਫੇ ਨੂੰ ਲੱਤ ਮਾਰ ਕੇ ਅਤੇ ਅੰਗਰੇਜ਼ਾਂ ਦਾ ਵਿਰੋਧੀ ਬਣ ਕੇ ਮਾਸਕੋ ਅਪੜਿਆ ਤਾਂ ਉਸ ਦੇ ਕੁਝ ਬੰਦਿਆਂ ਨੇ ਹਿੰਦੁਸਤਾਨ ਆ ਕੇ ਲੋਕਾਂ ਨੂੰ ਵਿਸ਼ੇਸ਼ ਕਰ ਕੇ ਸਿਖਾਂ ਤੇ ਦੇਸੀ ਰਿਆਸਤਾ ਦੇ ਰਾਜਿਆਂ ਨੂੰ ਅਪੀਲ ਕੀਤੀ ਕਿ ਉਹ ਰੂਸ ਦਾ ਹਮਲਾ ਹੋਣ ਦੀ ਸੂਰਤ ਵਿਚ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦੇਣ। ਉਸ ਵੇਲੇ ਸਿਖਾਂ ਵਿਚ ਕੇਵਲ ਕੂਕਿਆਂ ਨੇ ਇਸ ਗਲ ਦਾ ਸਵਾਗਤ ਕੀਤਾ ਤੇ ਉਨ੍ਹਾਂ ਦਾ ਇਕ ਵਫਦ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਲਈ ਮਾਸਕੋ ਚਲ ਪਿਆ। ਇਸ ਵਫਦ ਬਾਰੇ ਪਾਸ ਪ੍ਰਮਾਣਿਕ ਇਤਿਹਾਸਕ ਗਵਾਹੀ ਮੌਜੂਦਾ ਹੈ। ਇਸ ਮੌਕੇ ਤੇ ਕੂਕਿਆਂ ਵਿਚ ਫਿਰ ਤੋਂ ਜੋਸ਼ ਉਠ ਪਿਆ ਤੇ ਉਨ੍ਹਾਂ ਨੇ ਕਈ ਖੁਫੀਆ ਸਮਾਗਮ ਕੀਤੇ। ਇਸ ਸੰਬੰਧੀ ਵੀ ਚੋਖੀ ਇਤਿਹਾਸਕ ਗਵਾਹੀ ਮਿਲਦੀ ਹੈ।

ਬਾਬਾ ਰਾਮ ਸਿੰਘ ਜੀ ਨੇ ਕੂਕਾ ਜਥੇਬੰਦੀ ਦਾ ਜੋ ਢਾਂਚਾ ਹੋਂਦ ਵਿਚ ਲਿਆਂਦਾ ਉਸ ਤੋਂ ਇਕ ਮੁਤਵਾਜ਼ੀ ਸਰਕਾਰ ਦਾ ਭੁਲੇਖਾ ਪੈਂਦਾ ਸੀ। ਉਨ੍ਹਾਂ ਨੇ ਆਪਣੇ ਸੂਬਿਆਂ ਨੂੰ ਮੁਗਲ ਜਾਂ ਸਿਖ ਸੂਬੇਦਾਰਾਂ ਵਾਂਗੂ ਵਖ ਵਖ ਇਲਾਕਿਆਂ ਦੀ ਜ਼ਿੰਮੇਂਵਾਰੀ ਸੌਂਪੀ। ਆਪਣੇ ਆਪਣੇ ਇਲਾਕੇ ਵਿਚ ਇਹ ਸੂਬੇ ਕੂਕਾ ਲਹਿਰ ਦਾ ਪ੍ਰਚਾਰ ਕਰਦੇ ਸਨ। ਕੂਕਿਆਂ ਦਾ ਡਾਕ ਦਾ ਪ੍ਰਬੰਧ ਵੀ ਆਪਣਾ ਸੀ ਤੇ ਉਹ ਸਰਕਾਰੀ ਅਦਾਲਤਾਂ ਵਿਚ ਆਪਣੇ ਮੁਆ-ਮਲੇ ਲੈ ਕੇ ਨਹੀਂ ਜਾਂਦੇ ਸਨ। ਉਨ੍ਹਾਂ ਅੰਗਰੇਜ਼ਾਂ ਦੇ ਚਲਾਏ ਸਕੂਲ ਤੇ ਕਾਲਜਾਂ ਦੇ ਵੀ ਕੂਕਿਆਂ ਦੇ ਰਾਜਸੀ ਉਦੇਸ਼ ਸਬੰਧੀ ਸ਼ਕ ਹੋਰ ਪਕੇ ਕਰ ਦਿਤੇ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੂਕਿਆਂ ਦਾ ਕੋਈ ਰਾਜਸੀ ਮਨੋਰਥ ਨਹੀਂ ਤਾਂ ਇਨ੍ਹਾਂ ਨੇ ਅਜਿਹੀ ਜਥੇਬੰਦੀ ਕਿਉਂ ਬਣਾਈ ਹੋਈ ਹੈ ?

ਅੰਗਰੇਜ਼ਾਂ ਨੇ ਕੂਕਾ ਅੰਦੋਲਨ ਨੂੰ ਕੁਚਲਣ ਲਈ ਪੂਰਾ ਵਾਹ ਲਾਇਆ। ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲਗ ਪਗ ਸਾਰੇ ਪ੍ਰਸਿਧ ਸੂਬਿਆਂ ਨੂੰ ਪਕੜ ਕੇ ਪ੍ਰਦੇਸ ਭੇਜ ਦਿਤਾ। ਭੈਣੀ ਸਾਹਿਬ ਵਿਚ ਜੋ ਕੂਕਾ ਅੰਦੋਲਨ ਦਾ ਹੈਡਕਵਾਟਰਜ਼ ਸੀ ਪੁਲਿਸ ਦੀ ਚੌਕੀ ਬਿਠਾ ਦਿਤੀ ਗਈ। ਕੂਕਾ ਜਥੇਬੰਦੀ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ ਗਿਆ ਤੇ ਉਸ ਦੀਆਂ ਕਾਰਵਾਈਆਂ ਤੇ ਕਰੜੀ ਨਜ਼ਰ ਰਖੀ ਜਾਣ ਲਗ ਪਈ। ਪਰੰਤੂ ਇਸ ਦਮਨ ਨੀਤੀ ਦੇ ਬਾਵਜੂਦ ਕੂਕ ਕੁਚਲੀ ਨਾ ਜਾ ਸਕੀ। ਅਤੇ ਜੋ ਵੀਰਤਾ ਦੀ ਸ਼ਾਨਦਾਰ ਰਵਾਇਤ ਇਸ ਨੇ ਸਥਾਪਿਤ ਕੀਤੀ ਸੀ ਉਹ ਚਲਦੀ ਰਹੀ। ਬਾਬਾ ਸੋਹਣ ਸਿੰਘ ਭਕਨਾਂ ਦੀ ਰਚਿਤ "ਆਤਮ ਕਹਾਣੀ" ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦਾ ਗਦਰੀ ਬਾਬਿਆਂ ਉਤੇ ਚੋਖਾ ਅਸਰ ਸੀ। ਬਾਬਾ ਸੋਹਣ ਸਿੰਘ ਨੇ ਲਿਖਿਆ ਹੈ ਕਿ



Namdhari Elibrary NamdhariElibrary@gmail.com

ਉਸ ਨੂੰ ਦੇਸ਼ ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕਾ ਬਾਬਾ ਕੇਸਰ ਸਿੰਘ ਨੇ ਲਾਈ ਸੀ।

ਅੰਤ ਵਿਚ ਮੈਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਸਮਝਦਾ ਕਿ ਕੂਕਾ ਅੰਦੋਲਨ ਦਾ ਸਾਡੇ ਦੇਸ਼ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਪੰਜਾਬ ਦੇ ਤੇ ਸਿਖ ਕੌਮ ਦੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਸਥਾਨ ਹੈ। ਇਸ ਸਮੇਂ ਅੰਗਰੇਜ਼ ਸਰਕਾਰਾਂ ਨੂੰ ਦਮਨ ਜਾਂ ਜਾਗੀਰਾਂ ਦੁਆਰਾ ਸਾਸਹੀਣ ਬਣਾ ਦਿਤਾ ਸੀ ਤੇ ਰਾਜਸੀ ਤਾਕਤ ਖੁਸਣ ਉਪਰੰਤ ਸਿਖਾ ਦੀ ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਸੀ। ਉਸ ਔਖੇ ਸਮੇਂ ਬਾਬਾ ਰਾਮ ਸਿੰਘ ਜੀ ਦੀ ਸੁਚਜੀ ਤੇ ਸਿਆਣੀ ਅਗਵਾਈ ਨੇ ਦਰਮਿਆਨੀ ਸ਼ਰੇਣੀ ਦੇ ਹੇਠਲੇ ਤਬਕੇ ਵਿਚੋਂ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਜਿਸਨੇ ਸਾਬਤ ਕੀਤਾ ਕਿ ਸਿੱਖ ਦਬਾਈ ਜਾਣ ਵਾਲੀ ਕੌਮ ਨਹੀਂ ਹੈ। ਜੇ ਅੰਗਰੇਜ਼ਾਂ ਨੇ ਇਹ ਸਬਕ ਕੂਕਾ ਲਹਿਰ ਤੋਂ ਨਾ ਸਿਖਿਆ ਹੁੰਦਾ ਤਾਂ ਉਹ ਕਦੇ ਵੀ ਸਿੰਘ ਸਭਾ ਲਹਿਰ ਵਿਚ ਇੰਨੀ ਦਿਲਚਸਪੀ ਨਾ ਵਿਖਾਉਂਦੇ।

ਕੂਕਾ ਲਹਿਰ ਦੀ ਇਕ ਹੋਰ ਮਹੱਤਤਾ ਇਹ ਹੈ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਸਿਖਾਂ ਤੇ ਦੋਸ਼ ਲਗਾਉਂਦੇ ਹਨ ਕਿ ਉਨ੍ਹਾਂ ਨੇ 1857 ਦੇ ਵਿਦ੍ਰੋਹ ਵਿਚ ਹਿਦੁਸਤਾਨੀ ਬਾਗੀਆਂ ਦੇ ਵਿਰੁਧ ਅੰਗਰੇਜ਼ਾਂ ਦਾ ਸਾਥ ਦਿਤਾ, ਉਹ ਗਲਤ ਹਨ। 1857 ਵਿਚ ਜੋ ਮਦਦ ਸਿਖਾਂ ਵਲੋਂ ਅੰਗਰੇਜ਼ਾਂ ਨੂੰ ਦਿਤੀ ਗਈ ਉਹ ਸਿਖ ਰਾਜਿਆਂ ਤੇ ਵਡੇ ਵਡੇ ਜਗੀਰਦਾਰਾਂ ਜਾਂ ਰਈਸਾਂ ਵਲੋਂ ਸੀ। ਆਮ ਲੋਕ ਉਸ ਵੇਲੇ ਵੀ ਅੰਗਰੇਜ਼ਾਂ ਦੇ ਵਿਰੁਧ ਸਨ ਤੇ ਕਈ ਥਾਵਾਂ ਤੇ ਉਨ੍ਹਾਂ ਨੇ ਰੌਲਾ ਮਚਾਇਆ। ਉਹ ਅਜੇ ਢੁਕਵੇਂ ਸਮੇਂ ਦੀ ਇੰਤਜ਼ਾਰ ਹੀ ਕਰ ਰਹੇ ਸਨ ਕਿ ਦਿੱਲੀ ਮੁੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਦਿਲੀ ਦੀ ਇਸ ਫਤਹ ਨੇ ਉਨ੍ਹਾਂ ਦੇ ਹੌਸਲੇ ਢਾਹ ਦਿਤੇ ਤੇ ਉਨ੍ਹਾਂ ਦੇ ਦਿਲਾਂ ਦੀਆਂ ਦਿਲਾਂ ਵਿਚ ਰਹਿ ਗਈਆਂ। ਉਸੇ ਸਾਲ ਹੀ ਕੂਕਾ ਲਹਿਰ ਨੇ ਜਨਮ ਲਿਆ ਅਤੇ ਥੋੜ੍ਹੇ ਚਿਰ ਵਿਚ ਹੀ ਇਹ ਆਮ ਜਨਤਾ ਵਿਚ ਫੈਲ ਗਈ। ਇਹ ਸਫਲਤਾ ਕਦੀ ਵੀ ਸੰਭਵ ਨਹੀਂ ਸੀ ਹੋ ਸਕਦੀ ਜੇ ਆਮ ਸਿਖ ਜਨਤਾ ਵਿਚ ਸਰਕਾਰ ਦੀ ਵਿਰੋਧਤਾ ਦੀ ਭਾਵਨਾ ਨਾ ਹੁੰਦੀ। ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। ਇਸ ਲਈ ਉਨ੍ਹਾਂ ਦੀ ਦੇਣ ਸਦਾ ਸ਼ੁਕਰੀਏ ਸਹਿਤ ਯਾਦ ਰਖੀ ਜਾਏਗੀ।



Namdhari Elibrary NamdhariElibrary@gmail.com

## ਪੰਡਿਤ ਜਵਾਹਰ ਲਾਲ ਨਹਿਰੂ ਜੀ

ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਅਤੇ ਦੇਸ਼ ਲਈ ਕੁਰਬਾਨੀ ਦੀ ਲਹਿਰ ਚਲਾ ਕੇ ਦੇਸ਼ ਭਗਤਾਂ ਨੂੰ ਜੋ ਰਾਹ ਦਿਖਲਾਇਆ ਹੈ, ਜੇ ਸਾਰਾ ਦੇਸ ਉਸਨੂੰ ਸਮਝ ਲਵੇ ਤਾਂ ਥੋੜ੍ਹੇ ਦਿਨਾਂ ਵਿਚ ਹੀ ਆਪਣੀ ਗਿਣਤੀ ਅਜ਼ਾਦ ਦੇਸ਼ਾਂ ਵਿਚ ਕਰਾ ਸਕਦਾ ਹੈ। ਗੁਲਾਮ ਤਾਂ ਇਸ ਨੂੰ ਕੋਈ ਰੱਖ ਨਹੀਂ ਸਕਦਾ। ਉਸ ਲਹਿਰ ਨੂੰ ਚੰਗੀ ਤਰ੍ਹਾਂ ਸਮਝਣ ਦਾ ਫਲ ਏਹੀ ਹੈ ਕਿ ਹਰ ਇਕ ਹਿੰਦੁਸਤਾਨੀ ਦੇਸ਼ ਦੀ ਸਾਂਝੀ ਜਥੇਬੰਦੀ ਕਾਂਗ੍ਰਸ ਵਿਚ ਸ਼ਾਮਲ ਹੋ ਜਾਵੇ ਤੇ ਆਪਣੀ ਸੇਵਾ ਉਸਦੇ ਸਪੁਰਦ ਕਰਕੇ ਜਥੇਬੰਦੀ ਦੀ ਤਾਕਤ ਵਧਾਵੇ। ਸਤਰ ਸਾਲ ਪਹਿਲੋ ਦੇਸ਼ ਦੀ ਅਜ਼ਾਦੀ ਲਈ ਸ਼ਾਂਤਮਈ ਅੰਦੋਲਨ ਜਿਤਨਾ ਪ੍ਰਭਾਵਸ਼ਾਲੀ ਸੀ, ਅੱਜ ਭੀ ਉਤਨਾ ਹੀ ਨਵਾਂ ਤੇ ਬਲਵਾਨ ਹੈ।

## ਸ੍ਰੀ ਸੁਭਾਸ਼ ਚੰਦਰ ਬੋਸ

ਗੁਰੂ ਰਾਮ ਸਿੰਘ ਜੀ ਦੇ ਝੁਲਾਏ ਹੋਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਉਹਨਾਂ ਦਾ ਦੇਸ਼ ਨੂੰ ਸਦਾ ਮਾਣ ਰਹੇਗਾ ਹੁਣ ਫੇਰ ਭਾਰਤ ਵਾਸੀਆਂ ਦੇ ਦੇਸ਼ ਪਰੇਮ ਦੀ ਪਰੀਖਿਆ ਹੋਣ ਵਾਲੀ ਹੈ। ਪੌਣੀ ਸਦੀ ਤੋਂ ਸ਼ਾਂਤਮਈ ਅਸਰਯੋਗ ਅੰਦੋਲਨ ਦਾ ਅਨੁਭਵ ਰਖਣ ਵਾਲੇ ਨਾਮਧਾਰੀ ਸਿੱਖਾਂ ਤੋਂ ਏਹ ਆਸ ਹੋਵੇਗੀ ਹੀ ਕਿ ਉਹ ਆਜ਼ਾਦੀ ਦਾ ਝੰਡਾ ਉਠਾ ਕੇ ਸਾਰੇ ਦੇਸ਼ ਦੇ ਅੱਗੇ ਚਲਦੇ ਦਿਸਣ ਤੇ ਦੂਸਰੇ ਦੇਸ਼ ਵਾਸੀਆਂ ਨੂੰ ਭੀ ਕੁਰਬਾਨੀ ਲਈ ਉਤਸ਼ਾਹਿਤ ਕਰਨ।



Namdhari Elibrary NamdhariElibrary@gmail.com

ਡਾ: ਕਰਮ ਸਿੰਘ ਕਪੂਰ
ਐਮ. ਏ. ਪੀ. ਐਚ. ਡੀ.

ਸਿਖ ਰਾਜ ਦੀਆਂ ਸ਼ਾਮਾਂ ਢਲਣ ਤੇ, ਅੰਗਰੇਜ਼ ਸਾਮਰਾਜ ਦਾ ਸੂਰਜ ਉਦੇ ਹੋਇਆ। ਉਸ ਦੀ ਅੱਖ ਚੁੰਧਿਆਊ ਰੌਸ਼ਨੀ ਨੇ ਮਨੁਖਤਾ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਭਾਰਤ ਦਾ ਅਜ਼ਾਦ ਪੰਛੀ ਹੁਣ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਬੇਬਸ ਫੜਕ ਰਿਹਾ ਸੀ। ਸਿਖ ਜਜ਼ਬਾਂ ਜੇ ਪੂਰੀ ਤਰ੍ਹਾਂ ਨਹੀਂ ਸੀ ਮਰਿਆ ਤਾਂ ਆਖਰੀ ਸਾਹਾਂ ਤੇ ਸੀ। ਹੌਲੀ ਹੌਲੀ ਟੱਕਰ ਲੈਣ ਦੀ ਥਾਂ ਹਾਲਾਤ ਨਾਲ ਸਮਝੌਤਾ ਕਰ ਲੈਣ ਤੇ ਆ ਟਿਕੀ ਸੀ, ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ।

ਜਦੋਂ ਯੁਗ ਪਲਟਾਊ ਯੁਗ ਪੁਰਸ਼ ਦੀ ਅਗੰਮੀ ਨੀਝ ਨੇ ਇਸ ਫੜਫੜਾਂਦੇ ਪੰਛੀ ਨੂੰ ਨਿਹਾਰਿਆ ਤਾਂ ਉਸ ਨੂੰ ਚੁੱਕ ਕੇ ਉਸਦੇ ਕੰਬਦੇ ਖੰਭਾਂ ਤੇ ਹੱਥ ਫੇਰਿਆ, ਪਿਆਰ ਤੇ ਦਲਾਸਾ ਦਿਤਾ ਅਤੇ ਉਸਨੂੰ ਅਜ਼ਾਦੀ ਦੇ ਭੁਲੇ ਵਿਸਰੇ ਲਮ੍ਹਿਆਂ ਦੀ ਯਾਦ ਦਵਾਈ। ਚੀਨੀ ਵਾਲੇ ਸ਼ਹਿਨਸ਼ਾਹ ਨੇ ਆਪ ਪਿਆਰੀ ਮਾਤ ਭੂਮੀ ਨੂੰ ਅਜ਼ਾਦ ਕਰਾਉਣ ਦੀ ਪਰਤਿਗਿਆ ਕੀਤੀ ਇਸ ਪਾਸੇ ਵਲ ਪਹਿਲਾ ਕਦਮ ਸੀ, ਅੰਗਰੇਜ਼ਾਂ ਦਾ ਸੰਪੂਰਨ ਬਾਈਕਾਟ। ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੇ ਜਦੋਂ ਬੁਚੜ ਖਾਨੇ ਖੁਲ੍ਹਵਾਏ ਤਾਂ ਹਜ਼ੂਰ ਦੇ ਸਿਦਕੀ ਸੇਵਕਾਂ ਤੋਂ ਗਊ ਗਰੀਬ ਦੇ ਗਲੇ ਤੇ ਰੱਖੀ ਛੁਰੀ ਵੇਖ, ਜਰ ਨਾ ਹੋਇਆ। ਉਨ੍ਹਾਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰ ਕੋਟਲੇ ਵਿਚ ਬੁਚੜਾਂ ਨੂੰ ਸੋਧਿਆ। ਜਿਸਦੇ ਦੋਸ਼ ਵਿਚ ਉਹਨਾਂ ਨੇ ਹੱਸ ਹੱਸ ਕਰਦੇ ਫਾਂਸੀਆਂ ਦੇ ਰੱਸੇ ਚੁੰਮੇ ਅਤੇ ਤੋਪਾਂ ਨਾਲ ਉਡਾਏ ਗਏ। ਸੁਤੰਤਰਤਾ ਸੰਗ੍ਰਾਮ ਦੇ ਬਾਨੀ ਚੀਨੀ ਵਾਲੇ ਪਾਤਸ਼ਾਹ ਨੂੰ ਜਲਾਵਤਨ ਕਰ ਦਿਤਾ ਗਿਆ ਅਤੇ ਭੈਣੀ ਸਾਹਿਬ ਤੇ ਪੁਲਸ ਚੌਕੀ ਬਿਠਾ ਦਿਤੀ ਗਈ। ਭੁਲੇ ਅੰਗਰੇਜ਼ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ, ਕਿ ਚੜ੍ਹੇ ਚੰਨ ਨੂੰ ਕੁਨਾਲੀਆਂ ਨਾਲ ਨਹੀਂ ਛਪਾਇਆ ਜਾ ਸਕਦਾ। ਉਸਦੀਆਂ ਲੋਕ ਲਹਿਰਾਂ ਦੇ ਕੀਤੇ ਤਸ਼ੱਦਦ ਨਾਲ ਉਸ ਸਮੇਂ ਭਾਵੇਂ ਉਹ ਦਬ ਜਾਣ ਪਰ ਵਕਤ ਔਣ ਤੇ ਉਹ ਜਵਾਲਾ ਮੁਖੀ ਅਜਿਹਾ ਲਾਵਾ ਉਗਲਦਾ ਹੈ ਕਿ ਵਡੇ ਵਡੇ ਸਾਮਰਾਜਾਂ ਦੇ ਨਾਉਂ ਸੰਸਾਰ ਦੀ ਤਖਤੀ ਤੋਂ ਪੋਚ ਦੇਂਦਾ ਹੈ।



Namdhari Elibrary NamdhariElibrary@gmail.com

## ਮੀਆ ਫਜ਼ਲ ਹੁਸੈਨ,

### ਪੁਲਿਸ ਇਨਸਪੈਕਟਰ ਹੁਸ਼ਿਆਰਪੁਰ

(ਗੁਰੂ) ਰਾਮ ਸਿੰਘ ਗਰੀਬਾਂ ਨੂੰ ਰੋਟੀ ਅਤੇ ਕਪੜਾ ਆਪਣੇ ਪਲਿਉਂ ਦੇ ਕੇ ਉਨ੍ਹਾਂ ਨੂੰ ਨੇਕੀ ਦੀ ਸਿਖਿਆ ਦੇਂਦਾ ਹੈ...। ਉਹ ਹਰ ਰੋਜ਼ ਤਿੰਨ ਵਾਰ ਇਸ਼ਨਾਨ ਕਰਦਾ ਹੈ । ਉਹ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਰਹਿਤ ਹੈ, ਇਸ ਵਾਸਤੇ ਕੂਕੇ ਉਸਨੂੰ ਬਹੁਤ ਕੁਝ ਸਮਝਦੇ ਹਨ ਤੇ ਸਤਿਕਾਰ ਕਰਦੇ ਹਨ ਉਨ੍ਹਾਂ ਦਾ ਨਿਸ਼ਚਾ ਹੈ ਕਿ ਸਿੱਖ ਪੰਥ ਦੇ ਨਸ਼ਟ ਭ੍ਰਸ਼ਟ ਹੋ ਜਾਣ ਕਾਰਨ ਕੂਕਾ ਪੰਥ ਦੀ ਸਾਜਨਾ ਨ ਦੀ ਉਹ ਪ੍ਰਮੇਸਰ ਵਲੋਂ ਭੇਜਿਆ ਗਿਆ ਪੈਗੰਬਰ ਹੈ ।"...

ਉਹ ਉੱਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ । ਉਹ ਝੂਠ, ਚੋਰੀ, ਜਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ । ਅਤੇ ਇਸ ਗੱਲ ਲਈ ਚਿੰਤਾਵਾਨ ਪ੍ਰਤੀਤ ਹੁੰਦੇ ਹਨ ਕਿ ਸਿਖ ਪੰਥ ਪਵਿੱਤ੍ਰਤਾ ਦੀ ਆਪਣੀ ਪਹਿਲੀ ਦਸ਼ਾ ਨੂੰ ਪ੍ਰਾਪਤ ਹੋਵੇ, ਤਾਂ ਕਿ ਉਹ ਨਵੇਂ ਸਿਰੇ ਸੁਰਜੀਤ ਹੋ ਸਕੇ । ਉਹ ਉਨ੍ਹਾਂ ਬੁਰਾਈਆਂ ਨੂੰ ਜੜ੍ਹਾਂ ਤੋਂ ਉਖੇੜਨ ਦੇ ਚਾਹਵਾਨ ਹਨ, ਜਿਨ੍ਹਾਂ ਨੇ ਸਿਖ ਪੰਥ ਨੂੰ ਭ੍ਰਸ਼ਟ ਕਰ ਦਿਤਾ ਹੈ ।



Namdhari Elibrary NamdhariElibrary@gmail.com

## ਮਿਸਟਰ ਜੇ, ਡਬਲਯੂ

ਸਾਬਕਾ ਕਮਿਸਨਰ, ਅੰਬਾਲਾ ਕਮਿਸ਼ਨਰੀ

ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਵੀ ਹੋਣ, ਪਰ ਹੁਣ ਇੰਸਦਾ ਨਿਸ਼ਾਨਾ ਰਾਜਨੀਤਕ ਹੈ। ਉਹ ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ, ਜੋ ਆਪਣੇ ਸੁਭਾਉ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿਚ ਬਰਤਾਨਵੀ ਤਾਕਤ ਦਾ ਵੈਰੀ ਹੈ। ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਉਹ ਗੁਰੂ ਗੋਬਿੰਦ ਦਾ ਅਵਤਾਰ ਮੰਨਿਆ ਜਾਂਦਾ ਹੈ।

ਰਾਮ ਸਿੰਘ ਸਧਾਰਣ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ, ਜਦਕਿ ਬੀਸੀਓਂ ਆਦਮੀ ਉਸਦੇ ਅੱਗੇ ਪਿਛੇ ਹੁੰਦੇ ਹਨ ਉਹ ਆਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਨੇ ਸੋਹਣੇ ਚਿਟੇ ਬਸੰਤੂ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇਕ ਬਾਦਸ਼ਾਹ ਦੀ ਸ਼ਾਨ ਵਿਚ ਦਾਖ਼ਿਲ ਹੁੰਦਾ ਹੈ।

"ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੈ। ਜਿਸਨੇ ਉਸ ਦਾ ਦਰਸ਼ਨ ਕੀਤਾ ਤੇ ਉਸ ਨਾਲ ਗੱਲਾਂ ਕੀਤੀਆਂ ਹਨ ਉਸਨੇ ਉਸਦੀ ਬੁੱਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ ਵੇਖਣ ਵਿਚ ਉਕਾਈ ਨਹੀਂ ਕੀਤੀ ਹੋਵੇਗੀ, ਆਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਧਾਰਣ ਆਗੂ ਵਿਚ ਨਹੀਂ ਹੋ ਸਕਦੇ।"



Namdhari Elibrary NamdhariElibrary@gmail.com

## ਸੱਯਦ ਮੁਹੰਮਦ ਲਤੀਫ
**ਐਕਸਟਰਾ ਅਸਿਸਟੈਂਟ ਕਮਿਸ਼ਨਰ**

"ਕੂਕਾ ਪੰਥ ਪੱਕੇ ਮਹਾਤਮਾ ਦਾ ਪੰਥ ਹੈ। ਉਨ੍ਹਾਂ ਦੀ ਸਿਖਿਆ ਦਾ ਸਿਧਾਂਤ ਈਸ਼ਵਰ ਭਗਤੀ ਹੈ। ਉਹ ਉਚ ਸਦਾਚਾਰ ਦੇ ਮਾਲਕ ਹਨ। ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਨ੍ਹਾਂ ਵਿਚ ਲੜਕੀ ਅਤੇ ਭੈਣ ਦੇ ਬਦਲੇ ਵਿਚ ਰੁਪੇ ਲੈਣ ਦੀ ਉੱਕਾ ਹੀ ਮਨਾਹੀ ਹੈ। ਉਹ ਸਦਾ ਚਾਰਕ ਜੀਵਨ ਦੀ ਤਾਗੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਇਸ ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ, ਸਿੱਧੀ ਪੱਗ ਤੇ ਵਿੱਕ ਲਾਠੀ ਹੈ। (ਗੁਰੂ) ਰਾਮ ਸਿੰਘ ਸ਼ਾਨਦਾਰ ਦਿਮਾਗੀ ਕਾਬਲੀਯਤ ਦਾ ਮਾਲਿਕ ਹੈ। ਉਸ ਨੇ ਹੌਲੀ ਹੌਲੀ ਆਪਣੇ ਸਿੱਖਾਂ ਅੰਦਰ ਨੇਕੀ ਅਤੇ ਪ੍ਰਹੇਜ਼ਗਾਰੀ ਦੇ ਕਾਰਨ ਪ੍ਰਸਿਧੀ ਪ੍ਰਾਪਤ ਕਰ ਲਈ ਹੈ। ਉਸਦੇ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਹੈ, ਅਤੇ ਨਾਲ ਹੀ ਉਸਦਾ ਅਸਰ। (ਗੁਰੂ) ਰਾਮ ਸਿੰਘ ਅਤੇ ਉਸਦੇ ਚੇਲੇ ਕੇਵਲ ਧਾਰਮਿਕ ਹੀ ਨਹੀਂ ਹਨ, ਸਗੋਂ ਧਾਰਮਿਕ ਸੁਧਾਰਕ, ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ ਉਨ੍ਹਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿਤਾ।"

## ਰਾਜਾ ਫਜ਼ਲਦਾਦ ਲੈਂਡ ਲਾਰਡ

ਮੇਰੇ ਬਜ਼ੁਰਗ ਦਸਿਆ ਕਰਦੇ ਸਨ ਕਿ ਬਾਵਾ ਜੀ (ਸ੍ਰੀ ਸਤਿਗੁਰੂ ਰਾਮ ਸਿਘ) ਦੇ ਸਾਮ੍ਹਣੇ ਜਿਹੜਾ ਗਾਲ੍ਹਾਂ ਕਢਦਾ ਆਇਆ ਬੋਲ ਨ ਸਕਿਆ, ਜਿਸਦੇ ਕੰਨ ਵਿਚ ਕੁਝ ਦਸਿਆ ਉਹ, ਉਹ ਨਹੀਂ ਰਹਿਆ (ਮਸਤਾਨਾ ਹੋ ਗਿਆ)।



Namdhari Elibrary NamdhariElibrary@gmail.com

## ਸ੍ਰ: ਸਾਹਿਬ ਭਾਈ ਕਾਨ੍ਹ ਸਿੰਘ ਜੀ
ਕਰਤਾ ਮਹਾਨਕੋਸ਼

ਵਿਸ਼ਯ ਅਗਨਿ ਕਰ ਤਪਤ ਰਿਦੇ ਨਾਮਾਮ੍ਰਿਤ ਦੇ ਠਾਰੇ।
ਗੁਰੂਮਤ ਦੇ ਅਨੁਰਾਗੀ ਕੀਤੇ, ਪਾਮਰ ਪਾਪੀ ਭਾਰੇ।
ਭੰਗ, ਸ਼ਰਾਬ, ਅਫੀਮ ਛਡਾਕੇ ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ ਦਸ ਧਰਮ ਦਾ ਕਿਤਾ।
ਫੁਟ, ਈਰਖਾ, ਵੈਰ ਭਾਵ ਅਰ ਨਫਰਤ ਮਨੋ ਹਟਾਈ।
ਮੁਦਿਤਾ, ਮੈਤ੍ਰੀ, ਕਰੁਣਾ ਦ੍ਰਿੜ ਕਰ ਸਿੱਖਾਂ ਚਿਤ ਵਸਾਈ।
ਭੁਖਾ, ਨੰਗਾ, ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਸ ਬਿਤਾਵੇ।
'ਸਿਖੀ ਬਾਗ ਖਜ਼ਾਂ ਜਦ ਗ੍ਰਸਿਆ ਭਯੋ ਪਤਬਿਨ ਸਾਯਾ।
ਰੂਪ ਬਸੰਤ ਧਾਰ ਕੇ ਬਾਬਾ, ਦਿਨ ਬਸੰਤ ਦੇ ਆਇਆ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮ ਭੌਰ ਹੋਇ ਮੁਸਤਾਨੇ ਪਾਣ ਘੁਮੇਰੀ ਆਕੇ।

o o o o

ਛੋਟੀ ਉਮਰਾ ਵਿਚ ਬ੍ਰਿਜੇਸ਼ਵਰ,
ਸੋਹਣੀ ਮੂਰਤ ਚੀਨੀ। (1)
ਸਿਰ ਤੇ ਖੰਡਾ ਹੱਥ ਸਿਮਰਨੀ,
ਚੜਿਆਂ ਬਾਂਕੀ ਚੀਨੀ। (2)
ਜਿਸਦੇ ਵਚਨਾਂ ਅੰਮ੍ਰਿਤ ਅਗੇ,
ਫਿਕੀ ਲਗਦੀ ਚੀਨੀ। (3)
ਦਰਸ਼ਨ ਕਰਕੇ ਨੇਤ੍ਰ ਬਿਗਸਦੇ,
ਜਿਉਂ ਰਵਿ ਪਿਖ ਗੁਲ ਚੀਨੀ (4)

1. ਵੇਖੀ 2. ਘੋੜੀ 3. ਖੰਡ 4. ਫੁਲ।



Namdhari Elibrary NamdhariElibrary@gmail.com

ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ
ਰੀਸਰਚ ਸਕਾਲਰ

ਪੁਰਸ਼ ਤਾਂ ਦੇਸ ਦੁਨੀਆਂ ਵਿਚ ਹਮੇਸ਼ਾਂ ਆਉਂਦੇ ਹੀ ਰਹਿੰਦੇ ਹਨ, ਪਰ ਸਦੀ ਪੁਰਸ਼ (Century men) ਉਹੋ ਹੁੰਦੇ ਹਨ, ਜੋ ਕਿਸੇ ਕੌਮ, ਜਨ-ਸਮਾਜ ਜਾਂ ਦੇਸ਼ ਦਾ ਮੁਹਾਂਦਰਾ ਬਦਲ ਦੇਣ। ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ ਸਚ ਮੁੱਚ ਇਕ ਅਜਿਹੇ ਹੀ ਸਦੀ ਪੁਰਸ਼ ਸਨ।

ਬਾਬਾ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ 5, ਬਸੰਤ ਪੰਚਮੀ ਸੰਮਤ 1872 ਬਿ: (ਮੁਤਾਬਕ ਸੰਨ 1816 ਈ:) ਨੂੰ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਬਾਬਾ ਜੱਸਾ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁਖੋਂ ਹੋਇਆ। ਸਿਖ ਰਾਜ ਸਬੰਧੀ ਪੁਰਾਤਨ ਹੱਥ ਲਿਖਤ ਕਾਗਜ਼ਾਤ ਦੇ ਅਨੁਸਾਰ ਆਪ ਲਗ ਪਗ 19 ਵਰ੍ਹਿਆਂ ਦੀ ਉਮਰੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੌਰ ਨੌ ਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋ ਕੇ ਲਾਹੌਰ ਚਲੇ ਗਏ। ਸੰਨ 1840 ਈ: ਵਿਚ ਜਦ ਉਹ ਫੌਜ ਪਹਿਲੇ ਅਫਗਾਨ ਯੁਧ ਵਿਚ ਪਠਾਣੀ ਇਲਾਕੇ ਦਾ ਵਿਦਰੋਹ ਦਬਾਉਣ ਵਾਸਤੇ ਪਿਸ਼ਾਵਰ ਗਈ ਤਾਂ ਨੌਜਵਾਨ ਬਾਬਾ ਰਾਮ ਸਿੰਘ ਦਾ ਮਿਲਾਪ ਬ੍ਰਹਮ ਗਿਆਨੀ ਬਾਬਾ ਬਾਲਕ ਸਿੰਘ ਜੀ ਦੇ ਨਾਲ ਹੋਇਆ, ਜੋ ਉਨੀਂ ਦਿਨੀਂ ਹੱਟੀ ਪਾ ਕੇ ਹਜਰੋਂ (ਅਟਕ) ਦੇ ਸਥਾਨ, ਪਰ ਰਹਿੰਦੇ ਤੇ ਲੋਕਾਂ ਵਿਚ ਨਾਮ ਬਾਣੀ ਦਾ ਪਰਚਾਰ ਕਰਦੇ ਸਨ। ਬਸ, ਫੇਰ ਕੀ ਸੀ, ਬਾਬਾ ਰਾਮ ਸਿੰਘ ਜੀ ਉਨ੍ਹਾਂ ਤੋਂ ਨਾਮ ਦਾਨ ਲੈ ਕੇ ਹਮੇਸ਼ਾਂ ਵਾਸਤੇ ਸਿਰਜਨਹਾਰ ਕਰਤਾਰ ਦੀ ਪ੍ਰੇਮਾ ਭਗਤੀ ਦੇ ਰੰਗ ਵਿਚ ਰੰਗੇ ਗਏ।

ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕ ਡਾਕਟਰ ਇੰਦਰ ਸਿੰਘ ਜੀ ਅਸਿਸਟੇਂਟ ਸਰਜਨ ਮੈਡੀਕਲ ਵਾਰੰਟ ਔਫੀਸਰ ਮੁਲਤਾਨ ਛਾਵਣੀ ਦੀ ਇਤਿਹਾਸਕ ਪੁਸਤਕ "ਜਗਦਾ ਦੀਵਾ" ਅਥਵਾ "ਲੀਲਾ ਬਾਬਾ ਰਾਮ ਸਿੰਘ ਗੁਰੂ ਨਾਮਧਾਰੀ ਸਿੰਘ (ਭਾਗ ਪਹਿਲਾ) ਦੇ ਕਥਨ ਅਨੁਸਾਰ, ਜੋ ਸੰਨ 1912 ਈ: (ਪੰਜਾਬ ਕਮਰਸ਼ਲ ਪ੍ਰੈਸ, ਅੰਮ੍ਰਿਤਸਰ) ਦੀ ਪ੍ਰਕਾਸ਼ਨ ਹੈ, ਬਾਬਾ ਰਾਮ ਸਿੰਘ ਜੀ ਦੇ ਜਨਮ, ਬਾਲਪਨ, ਅੰਮ੍ਰਿਤਸਰ ਦਰਸ਼ਨ, ਲਾਹੌਰ ਦੀ ਫੌਜੀ ਨੌਕਰੀ, ਅਤੇ ਉਥੋਂ ਹਜਰੋਂ ਜਾਣ ਦਾ ਬ੍ਰਿਤਾਂਤ (ਸਫੇ 11-20), ਹਜਰੋਂ ਵਿਚ ਪਹੁੰਚ ਕੇ ਬਾਬੇ ਜੀ ਦਾ ਗੁਰਮਤਿ ਦੇ ਪ੍ਰਚਾਰ ਸੰਬੰਧੀ ਵਿਚਾਰ ਕਰਨਾ। ਬਾਬਾ ਰਾਮ ਸਿੰਘ ਜੀ ਦੇ ਬਾਬਾ ਬਾਲਕ ਸਿੰਘ ਜੀ ਦੀ ਸ਼ਰਨ ਵਿਚ ਜਾਣ ਦੀ ਅਭਿਲਾਖਾ ਫੁਰਨੀ (ਸਫਾ 22) ਫੇਰ ਬਾਬਾ ਬਾਲਕ ਸਿੰਘ ਜੀ ਤੋਂ ਗੁਰਮੰਤਰ ਲੈ ਕੇ



Namdhari Elibrary NamdhariElibrary@gmail.com

ਬਾਬਾ ਰਾਮ ਸਿੰਘ ਜੀ ਦਾ ਵੈਰਾਗੀ ਹੋ ਜਾਣਾ ਅਤੇ ਭਗਤੀ ਵਿਚ ਲੀਨ ਹੋਣਾਂ (ਸਫਾ 33) ਇਸ ਤੋਂ ਉਪਰੰਤ ਬਾਬਾ ਰਾਮ ਸਿੰਘ ਜੀ ਦਾ ਫੌਜੀ ਨੌਕਰੀ ਤੋਂ ਅਸਤੀਫਾ ਦੇਣਾ (ਸਫਾ 34) ਅਸਤੀਫਾ ਦੇਣ ਤੇ ਬਾਬਾ ਜੀ ਦੇ ਅਫਸਰ ਤੇ ਹੋਰ ਸਾਥੀਆਂ ਦੀ ਬਾਬਾ ਜੀ ਨਾਲ ਆਪਸ ਵਿਚ ਗੋਸ਼ਿਟ (ਸਫਾ 34-35) ਬਾਬਾ ਜੀ ਦਾ ਅਸਤੀਫਾ ਦੇਣ ਦਾ ਅਸਲ ਭਾਵ (ਸਫਾ 39) ਫੌਜੀ ਅਫਸਰਾਂ ਨੇ ਬਾਬਾ ਜੀ ਦਾ ਅਸਤੀਫਾ ਮੰਨਜ਼ੂਰ ਕਰਨਾ, ਅਤੇ ਬਾਬਾ ਜੀ ਦਾ ਛਾਵਨੀ ਨੂੰ ਛਡਣਾ (ਸਫਾ 40-41) ਫੇਰ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ (ਸਫਾ 43) ਆਦਿ ਸਿਰਲੇਖਾਂ ਤੋਂ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦਾ ਮੁਢਲਾ ਜੀਵਨ ਕਿਵੇਂ ਤੇ ਕਿਥੇ ਗੁਜ਼ਰਿਆ, ਉਨ੍ਹਾਂ ਨੇ ਸਿਖ ਰਾਜ ਦੀ ਫੌਜੀ ਨੌਕਰੀ ਕਦੋਂ, ਕਿਥੇ ਤੇ ਕਿਵੇਂ ਛਡੀ ਫੇਰ ਭੈਣੀ ਪਹੁੰਚਕੇ ਪੂਰੇ ਵੀਹ ਸਾਲ ਭਗਤੀ ਕਰਕੇ ਕਿਵੇਂ ਨਾਮਧਾਰੀ ਲਹਿਰ ਚਲਾਈ।

ਪੁਸਤਕ "ਜਗਦਾ ਦੀਵਾ" (ਭਾਗ ਪਹਿਲਾ) ਦੇ ਕਥਨ ਅਨੁਸਾਰ ਬਾਬਾ ਰਾਮ ਸਿੰਘ ਜੀ ਨੇ ਸੰਮਤ 1891 ਬਿ: (ਮੁਤਾਬਕ ਸੰਨ 1833 ਈ:) ਵਿਚ ਲਾਹੌਰ ਪਹੁੰਚ ਕੇ ਸਿਖ ਰਾਜ ਦੀ ਫੌਜੀ ਸਰਵਿਸ ਕੀਤੀ ਅਤੇ ਫੇਰ ਸੰਨ 1898 ਬਿ: ਮੁਤਾਬਕ ਸੰਨ 1841 ਈ: ਵਿਚ ਹਜਰੋਂ ਪਹੁੰਚ ਕੇ ਉਸ ਸਰਵਿਸ ਤੋਂ ਅਸਤੀਫਾ ਦੇ ਦਿਤਾ, ਜਿਵੇਂ ਕਿ ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕਾਰ ਡਾਕਟਰ ਇੰਦਰ ਸਿੰਘ ਜੀ ਮੁਲਤਾਨੀ ਲਿਖਦੇ ਹਨ :—

**ਫੌਜੀ ਸਰਵਿਸ :**

ਇਕ ਹਜ਼ਾਰ ਅੱਠ ਸਦੀ ਅਠਾਵਨ ॥
ਸੰਮਤ ਬਿਕ੍ਰਮੀ ਬਾਤ ਚਲਾਵਨ ।
ਹਜਰੋਂ ਦੀ ਹੈ ਬਦਲੀ ਆਈ।
ਫੌਜੀ ਸਾਰੀ ਨੂੰ ਗਈ ਸੁਨਾਈ।
ਸਤਿਗੁਰ ਜੀ ਵੀ ਤਯਾਰੀ ਕੀਤੀ।
ਖਬਰ ਕਪੜੇ ਬਸਤ੍ਰ ਲੀਤੀ।
ਤੜਕੇ ਬਿਗਲਰ ਬਿਗਲ ਬਜਾਇਆ ।
ਅਫਸਰ ਨੇ ਆ ਕੂਚ ਕਰਾਇਆ ।
ਤੇਰਾ ਚੌਂਦਾ ਰੋਜ ਗੁਜ਼ਾਰੇ ।
ਹਜਰੋਂ ਦੇ ਵਿਚ ਪਹੁੰਚੇ ਸਾਰੇ ।
ਕਰੀ ਮੁਸਾਫਤ ਹਜਰੋਂ ਆਵਨ ।
ਡੇਰੇ ਆ ਕਰ ਖੂਬ ਜਮਾਵੰਨ ॥

(ਜਗਦਾ ਦੀਵਾ ਸਫਾ 21)



Namdhari Elibrary NamdhariElibrary@gmail.com

**ਬਾਬਾ ਬਾਲਕ ਸਿੰਘ ਦਾ ਬਾਬਾ ਰਾਮ ਸਿੰਘ ਜੀ ਨੂੰ ਗੁਰਮੰਤਰ ਤੇ ਖਾਸ ਹਦਾਇਤ :**

ਸੁੱਖ ਸਾਂਦ ਦੀਆਂ ਖਬਰਾਂ ਪੁਛਨ, ਸਤਿਗੁਰ ਈਸ਼ ਅਵਤਾਰੀ ।
ਹੁਨ ਦੇਖੋ ਸਭ ਭੇਦ ਖੁਲ੍ਹਦੇ, ਜਿਸ ਦੀ ਪਵੇ ਕਹਾਰੀ ।
ਬਾਬਾ ਬਾਲਕ ਸਿੰਘ ਮੁਖਾਤਬ ਹੋ, ਕਰ ਬਚਨ ਸੁਨਾਵੇਂ ।
'ਸੁਨੋ ਰਾਮ ਸਿੰਘ ! ਹੁਨ ਨਹੀਂ ਵੇਲਾ, ਆਪਨਾ ਆਪ ਲੁਕਾਵੇਂ ।
ਜਿਸ ਕੰਮ ਆਏ, ਕਿਆ ਕਿਆ ਕਰਨਾ, ਕੀ ਕੰਮ ਪਰ ਹੈ ਫੜਿਆ ?
ਅਸਲੀ ਕੰਮ ਭੁਲਾ ਕਿਉਂ ਬੈਠੇ, ਕੀ ਕਾਰਜ ਆਵੜਿਆ ?
ਪਰਮੇਸ਼ਰ ਨੇ ਘਲਿਆ ਤੁਹਾਨੂੰ, ਜਾ ਕਰ ਜਗਤ ਤਰਾਓ ।
ਮਨਮੁਖ ਮੁਗਧ ਹੰਕਾਰੀ ਲੋਕਾਂ, ਸਚਾ ਰਾਹ ਬਤਾਓ ।
ਕੰਮ ਸੰਭਾਲੋ ਛੇਤੀ ਆਪਨਾ, ਜੋ ਭਗਤਾਂ ਦਾ ਗਹਿਨਾ ।
ਕੀ ਜ਼ਰੂਰਤ ਭਗਤ ਈਸ਼ ਨੂੰ, ਨੌਕਰ ਹੋ ਕੇ ਰਹਿਣਾ ?
ਕਰ ਉਪਦੇਸ਼ ਦੀਆ ਗੁਰਮੰਤਰ, ਸਾਰੀ ਕਲਾ ਦਿਖਾਈ ।
ਕੀਆ ਸਪੁਰਦ ਕੰਮ ਜੋ ਕਰਨਾ, ਧੰਨ ਹੈ ਭਗਤ ਕਮਾਈ ॥

(ਜਗਦਾ ਦੀਵਾ ਸਫ਼ਾ 30)

**ਬਾਬਾ ਰਾਮ ਸਿੰਘ ਜੀ ਦਾ ਫੌਜੀ ਨੌਕਰੀ ਤੋਂ ਅਸਤੀਫਾ :**

ਫੌਜੀ ਸੀ ਆਦਤ ਅਗੇ, ਮੰਤ੍ਰ ਲੀਆ ਹੁਨ ਆਇ ।
ਮਸਤ ਵੈਰਾਗੀ ਹੋ ਗਏ, ਸਤਿਗੁਰ ਛੌਨੀ ਜਾਇ ।
ਗੁਰ ਮੰਤ੍ਰ ਲੈ ਕੇ ਭਲਾ, ਫਿਰ ਨੌਕਰੀ ਕੀ ਆਖ ।
ਡੇਰੇ ਸਤਿਗੁਰ ਪਹੁੰਚ ਕੇ, ਕੀ ਮਨ ਆਈ ਭਾਸ ।
ਅਫਸਰ ਨੂੰ ਜਾ ਆਖਦੇ, "ਮੈਂ ਮਨ ਹੋਇਆ ਉਦਾਸ ।
ਅਸਤੀਫਾ ਮੇਰਾ ਲਵੋ, ਕਰ ਅਜ ਕ੍ਰਿਪਾ ਖਾਸ ।"
ਸੱਜਨ ਮਿਤ੍ਰ ਆਦਿ ਕੇ ਸੁਨਦੇ, ਸਤਿਗੁਰ ਹਾਲ ।
ਇੰਦਰ ਸਿੰਘ ਕੀ ਬਾਤ ਚੀਤ, ਹੋਵੇ ਸਤਿਗੁਰ ਨਾਲ ।

(ਜਗਦਾ ਦੀਵਾ ਸਫ਼ਾ 34)

**ਪਿਛੋਂ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ (ਰਾਮ ਸਿੰਘ) ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ—ਬੈਂਤ :**

ਛੌਨੀ ਛਡ ਸਿਮਰਨ ਕਰਨ ਮੰਤ੍ਰ ਗੁਰਦਾ ,
ਕੋਈ ਜਗ੍ਹਾ ਇਕਾਂਤ ਨੂੰ ਜਾਂਵਦੇ ਹਨ ।
ਕੰਢੇ ਬੈਠ ਦਰਿਆਇ ਆਰੰਭ ਕਰਦੇ,
ਭਗਤੀ ਕਰਨ ਗੁਨ ਪ੍ਰਭੂ ਦੇ ਗਾਂਵਦੇ ਹਨ ।



Namdhari Elibrary NamdhariElibrary@gmail.com

ਲੋਕੀ ਕ੍ਰਿਤ ਕਰਦੇ ਦੇਖੋ ਖਾਨ ਦੂਨਾ,
ਭਗਤ ਭਗਤੀ ਵਿਚ ਦੂਨਾ ਕਮਾਵਦੇ ਹਨ।
ਨਿਰਾ ਭਗਤੀ ਤੇ ਕਰਨ ਅਹਾਰ ਸਤਿਗੁਰ,
ਕਈ ਰੋਜ਼ ਨਹੀਂ ਓ ਭੋਜਨ ਪਾਂਵਦੇ ਹਨ।
ਦੁਨੀਆਂ ਵਿਚ ਨਾ ਬਹੁਤ ਗਲਤਾਨ ਹੋਵਨ,
ਜੋੜੇ ਪ੍ਰੀਤਿ ਈਸ਼ਵਰ ਨਾਲ ਲਾਂਵਦੇ ਹਨ।
ਦਿਨੇ ਰਾਤ ਸਤਿਗੁਰ ਭਗਤੀ ਲੀਨ ਰਹਿੰਦੇ,
ਇਛਾ ਦੁਨੀਆਂ ਦੀ ਸਬ ਮਿਟਾਂਵਦੇ ਹਨ।
ਕਈ ਬਰਸ ਹੋ ਗਏ ਭਗਤੀ ਕਰਦਿਆਂ ਨੂੰ,
ਦਸਵੇਂ ਦਵਾਰ ਨੂੰ ਸੀਸ ਚੜ੍ਹਾਵਦੇ ਹਨ।
ਮਨ ਨੂੰ ਸੁਧ ਕਰਕੇ ਚੇਤਨ ਆਪਨੇ ਨੂੰ,
ਸਚੀ ਬਾਰਗਾਹ ਪਾਸ ਪਹੁੰਚਾਵਦੇ ਹਨ।
ਇੰਦਰ ਸਿੰਘ ਭਗਤੀ ਬੀਸ ਬਰਸ ਕਰਕੇ,
ਸਤਿਗੁਰ ਸ੍ਰਿਸ਼ਟੀ ਦੇ ਭਾਗ ਜਗਾਵਦੇ ਹਨ।

**ਦੋਹਰਾ**

ਸਤਿਗੁਰ ਭਗਤੀ ਕਰਦਿਆਂ, ਬੀਸ ਬਰਸ ਗਏ ਬੀਤ।
ਗੁਰ ਮੰਤ੍ਰ ਦੇ ਰਟਨ ਤੇ, ਨਿਰਮਲ ਕਰਦੇ ਚੀਤ।
ਪਰਭਾਤੇ ਉਠ ਬੈਠਦੇ, ਸਤਿਗੁਰ ਜੀ ਮਹਾਰਾਜ।
ਈਸ਼ਵਰ ਹੁਕਮ ਚੜ੍ਹਾਂਵਦਾ, ਇੰਦਰ ਸਿੰਘ ਕੀ ਆਜ।
ਸਿਰ ਮਥੇ ਤੇ ਹੁਕਮ ਨੂੰ, ਮੰਨ ਕੇ ਹੋਨ ਤਯਾਰ।
ਸਤਿਗੁਰ ਹਨ ਹੁਨ, ਇੰਦਰ ਸਿੰਘ ਬਲਿਹਾਰ।

(ਜਗਦਾ ਦੀਵਾ ਸਫੇ 43-44)

ਇਸ ਤੋਂ ਬਾਦ ਸੰਨ 1860 ਈ: ਵਿਚ ਬਾਬਾ ਰਾਮ ਸਿੰਘ ਜੀ ਨੇ ਨਾਮ-ਉਪਦੇਸ਼ ਰਾਹੀਂ ਨਾਮਧਾਰੀ ਲਹਿਰ ਦਾ ਮੁਢ ਤੋਰਿਆ। ਡਾਕਟਰ ਇੰਦਰ ਸਿੰਘ ਜੀ ਮੁਲਤਾਨੀ ਜਿਨਾਂ ਨੇ ਜਗਦਾ ਦੀਵਾ (ਭਾਗ ਪਹਿਲਾ) ਨਾਂ ਥਲੇ ਇਤਿਹਾਸਕ ਕਿਸਾ ਲਿਖਿਆ, ਆਪਣੇ ਸਮੇਂ ਦੇ ਸਭ ਤੋਂ ਕਟੜ ਨਾਮਧਾਰੀ ਕਵੀ ਸਨ।

ਡਾਕਟਰ ਇੰਦਰ ਸਿੰਘ ਮੁਲਤਾਨੀ ਦੇ "ਜਗਦਾ ਦੀਵਾ" ਵਿਚ ਦਿਤੇ ਗਏ ਇਤਿਹਾਸਕ ਕਥਨ ਦੀ ਪੁਸ਼ਟੀ ਸਵਰਗੀ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਆਪਣੀ ਪ੍ਰਸਿਧ ਪੁਸਤਕ "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਵਿਚ ਇਨਾਂ ਸ਼ਬਦਾਂ ਵਿਚ ਬਾਬਾ ਰਾਮ ਸਿੰਘ ਜੀ ਦੇ ਫੌਜੀ ਨੌਕਰੀ ਛਡਣ ਤੇ ਸ੍ਰੀ ਭੈਣੀ ਸਾਹਿਬ ਦੇ ਨਿਵਾਸ ਦਾ ਜ਼ਿਕਰ ਕਰਦਿਆਂ ਕੀਤੀ ਹੈ।

"..... ਮਾਘ ਸੁਦੀ 5 ਸੰਮਤ 1872 ਨੂੰ ਬਾਬਾ ਰਾਮ ਸਿੰਘ ਜੀ ਦਾ ਜਨਮ



Namdhari Elibrary NamdhariElibrary@gmail.com

ਹੋਇਆ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਿਗੁਰੂ ਨਾਮ ਦੇ ਅਭਯਾਸ ਦਾ ਪ੍ਰੇਮ ਸੀ। ਪਹਿਲਾਂ ਇਨ੍ਹਾਂ ਨੇ ਲਾਹੌਰ ਦਰਬਾਰ ਦੀ ਸਿਖ ਸੈਨਾ ਵਿਚ ਭਰਤੀ ਹੋ ਕੇ ਕੁਝ ਸਾਲ ਫੌਜੀ ਸੇਵਾ ਕੀਤੀ। ਫੇਰ ਸੰਨ 1841 (ਸੰਮਤ 1899) ਵਿਚ ਨੌਕਰੀ ਛਡ ਕੇ ਛੋਈ ਪਿੰਡ (ਜ਼ਿਲਾ ਅਟਕ) ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ ਜਿਨਾਂ ਨੇ ਹਜ਼ਰੋਂ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ) ਚਾਟੜੇ ਹੋ ਕੇ ਨਾਮ ਉਪਦੇਸ਼ ਲੀਤਾ ਅਤੇ ਭੈਣੀ ਵਿਚ ਨਿਵਾਸ ਕਰ ਕੇ ਸਿਖੀ ਦਾ ਬਹੁਤਾ ਪ੍ਰਚਾਰ ਕੀਤਾ।"

(ਦੇਖੋ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਸਫਾ 774)

ਨਾਮਧਾਰੀ ਲਹਿਰ ਦਾ ਮਢ ਬਾਬਾ ਰਾਮ ਸਿੰਘ ਜੀ ਨੇ ਪਹਿਲੇ ਪਹਿਲ ਕਿਵੇਂ ਤੋਰਿਆ? ਉਨਾਂ ਸਿਖ ਰਾਜ (ਲਾਹੌਰ) ਦੀ ਫੌਜੀ ਨੌਕਰੀ ਕਦੋਂ ਤੇ ਕਿਵੇਂ ਛਡੀ? ਇਸ ਬਾਰੇ ਪੰਜਾਬ ਸਰਕਾਰ ਦੇ ਕਾਨਫੀਡੈਂਸ਼ਲ ਰੀਕਾਰਡਾਂ ਦੇ ਮੁਤਾਬਿਕ ਇਤਿਹਾਸਕ ਨੁਕਤਾ ਨਿਗਾਹ ਤੋਂ ਜੋ ਸਚਾਈਆਂ ਦ੍ਰਿਸ਼ਟੀਗਤ ਹੁੰਦੀਆਂ ਹਨ ਉਹ ਕਿਸੇ ਤਰ੍ਹਾਂ ਅਖੋਂ ਉਹਲਿਆਂ ਨਹੀਂ ਕੀਤੀਆਂ ਜਾ ਸਕਦੀਆਂ। ਇਹ ਰਿਕਾਰਡ ਮੈਂ ਸੰਨ 1943 ਤੋਂ 1946 ਤਕ ਲਾਹੌਰ ਸਿਖ ਨੈਸ਼ਨਲ ਕਾਲਜ ਦੀ ਸਰਵਿਸ ਸਮੇਂ ਪੰਜਾਬ ਗਵਰਨਮੈਂਟ ਦੇ ਰੀਕਾਰਡ ਆਫਿਸ (ਮਕਬਰਾ ਅਨਾਰਕਲੀ, ਸਿਵਲ ਸਕਤ੍ਰਤ) ਲਾਹੌਰ ਵਿਚੋਂ ਦੇਖੇ ਤੇ ਉਨ੍ਹਾਂ ਬਾਰੇ ਨੋਟ ਲਏ ਸਨ। ਪੰਜਾਬ ਰੀਕਾਰਡ ਆਫਿਸ ਦੀਆਂ ਕੁਝ ਹਥ ਲਿਖਤਾਂ ਦੇ ਅਨੁਸਾਰ ਰਾਜਾ ਹੀਰਾ ਸਿੰਘ ਡੋਗਰਾ (ਵਜ਼ੀਰ) ਤੇ ਉਸਦੇ ਸਹਾਇਕ ਪੰਡਿਤ ਜਲ੍ਹੇ ਦੇ ਮਾਰੇ ਜਾਣ ਤੇ ਜਦ ਸੰਨ 1844 ਈ: ਵਿਚ ਮਹਾਰਾਣੀ ਜਿੰਦ ਕੌਰ ਦੇ ਭਾਈ ਸ੍ਰਦਾਰ ਜਵਾਹਰ ਸਿੰਘ ਨੇ ਦਰਬਾਰ ਲਾਹੌਰ ਦੀ ਵਜ਼ਾਰਤ ਸਾਂਭੀ ਤਾਂ ਰਾਜਾ ਗੁਲਾਬ ਸਿੰਘ ਡੋਗਰੇ ਤੋਂ ਪੌਣੇ ਚਾਰ ਕਰੋੜ ਦੇ ਲਗ ਪਗ ਰਾਜ-ਕਰ, ਸਮੇਤ ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਦਾ ਮਾਲ ਧਨ, ਜੋ ਉਹ ਦਬੀ ਬੈਠਾ ਸੀ, ਵਸੂਲਣ ਵਾਸਤੇ ਜੰਮੂ ਉਤੇ ਚੜ੍ਹਾਈ ਕੀਤੀ ਤਾਂ ਇਸ ਫੌਜ ਕਸ਼ੀ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ, ਜਨਰਲ ਮੇਵਾ ਸਿੰਘ ਮਜੀਠੀਆ, ਸੁਲਤਾਨ ਮਹਮੂਦ ਖਾਨ ਤੇ ਸਰਦਾਰ ਫਤਿਹ ਸਿੰਘ ਮਾਨ ਖਾਲਸਾ ਫੌਜ ਦੇ ਮੋਢੀ ਸਨ। ਇਸ ਮੁਹਿੰਮ ਵਿਚ ਰਾਜਾ ਗੁਲਾਬ ਸਿੰਘ ਉਪਰਲੇ ਦਿਲੋਂ ਤਾਂ ਸਿਖਾਂ ਦੇ ਅਧੀਨ ਹੋ ਗਿਆ ਪਰ ਅੰਦਰਖਾਨਿਓਂ ਖੋਟ ਰਖ ਕੇ ਉਸ ਨੇ ਇਕ ਮੀਟਿੰਗ ਦੇ ਬਹਾਨੇ ਸਰਦਾਰ ਫਤਿਹ ਸਿੰਘ ਮਾਨ ਨੂੰ ਜੋ ਸ਼ੇਰਿ ਪੰਜਾਬ ਦਾ ਬਹਾਦਰ ਤੇ ਭਰੋਸੇਯੋਗ ਅਹਿਲਕਾਰ ਸੀ, ਕਈ ਚੋਣਵੇਂ ਸਾਥੀਆਂ ਸਮੇਤ ਮਰਵਾ ਦਿਤਾ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਬਿਨਾਂ ਬਾਕੀ ਸਰਦਾਰ ਰਿਸ਼ਵਤ ਦੇ ਕੇ ਖਰੀਦ ਲਏ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ, ਜੋ ਇਸ ਚੜਾਈ ਸਮੇਂ ਇਕ ਸਿਖ ਸਿਪਾਹੀ ਵਜੋਂ ਇਸ ਫੌਜ ਦੇ ਹਮਰਾਹ ਸਨ, ਖਾਲਸੇ ਦੀ ਇਹ ਗਿਰਾਵਟ ਦੇਖ ਕੇ ਡਾਢੇ ਦੁਖੀ ਹੋਏ ਤੇ ਉਹਨਾਂ ਨੇ ਇਸ ਘਟਨਾ ਦੇ ਨਾਲ ਸਿਖ ਰਾਜ ਦਾ ਅੰਤ ਆਉਂਦਾ ਦੇਖ ਕੇ ਉਸੇ ਸਮੇਂ ਹਥਿਆਰ ਸੁਟ ਦਿਤੇ ਤੇ ਸਿਖਾਂ ਦੀ ਫੌਜੀ ਸਰਵਿਸ ਤੋਂ ਅਸਤੀਫਾ ਦੇ ਦਿਤਾ। ਫੇਰ ਆਪ ਲਾਹੌਰ ਥੀ ਹੁੰਦੇ ਹੋਏ ਦਰਿਆ ਸਤਲੁਜ ਲੰਘ ਕੇ ਫਿਰੋਜ਼ਪੁਰ ਪਹੁੰਚੇ ਤੇ ਉਥੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣਾ ਗੁਜ਼ਾਰਾ ਕਰਨ ਲਗ ਪਏ।



Namdhari Elibrary NamdhariElibrary@gmail.com

ਏਥੇ ਬਾਬਾ ਜੀ ਬਾਰੇ ਇਹ ਗਲ ਦਸਣੀ ਵੀ ਯੋਗ ਹੈ ਕਿ ਬਾਬਾ ਰਾਮ ਸਿੰਘ ਦੀ ਇਸ ਘਟਨਾ ਸਬੰਧੀ ਪੰਜਾਬ ਗਵਰਨਮੈਂਟ ਦੇ ਕੁਝ ਮੋਸਟ ਕੰਨਫੀਡੈਂਸਲ ਰੀਕਾਰਡ, ਸੰਨ 1945 ਵਿਚ ਅਚਾਨਕ ਭੁਲੇਖੇ ਨਾਲ ਸ਼੍ਰੇ-ਕੇਸਾਂ ਵਿਚ ਰਖੇ ਹੋਣ ਕਰਕੇ ਮੇਰੇ ਹਥ ਆ ਗਏ ਪਰ ਪਿਛੋਂ ਪਤਾ ਲਗਣ ਤੇ ਪੰਜਾਬ ਸਰਕਾਰ ਦੇ ਅਸਿਸਟੈਂਟ ਰੀਕਾਰਡ ਕੀਪਰ ਮੀਆਂ ਸਾਦੁਲਾ ਐਮ ਨੇ ਉਹ ਸਾਰੇ ਰੀਕਾਰਡ ਅਤੇ ਨੋਟ ਮੈਥੋਂ ਖੋਹ ਲਏ ਤੇ ਇਸ ਬਾਰੇ ਮੇਰੀ ਜ਼ਿਆਦਤੀ ਦਸਕੇ ਪੰਜਾਬ ਸਰਕਾਰ ਪਾਸ ਮੇਰੇ ਵਿਰੁਧ ਰਿਪੋਰਟ ਕਰ ਦਿਤੀ, ਜਿਸ ਕਾਰਨ ਸੀ.ਆਈ.ਡੀ. ਤੇ ਪੁਲਿਸ ਪਿਛੇ ਲਗਣ ਕਰਕੇ ਮੇਰੀ ਗ੍ਰਿਫਤਾਰੀ ਦੀ ਸੰਭਾਵਨਾ ਵਧ ਗਈ। ਜਦ ਮੈਂ ਉਥੋਂ ਸਿੰਘ ਪੁਰੇ (ਲਾਹੌਰ) ਵਾਪਸ ਪਹੁੰਚ ਕੇ ਜਿਥੇ ਕਿ ਮੈਂ ਰਹਿੰਦਾ ਸੀ, ਇਹ ਗਲ ਅਚਾਨਕ ਸੁਰਗਵਾਸੀ ਬਾਬਾ ਪ੍ਰਤਾਪ ਸਿੰਘ ਜੀ ਨੂੰ ਦਸੀ, ਜੋ ਮਾਨਯੋਗ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਤੀਜੇ ਗੱਦੀ ਨਸ਼ੀਨ ਸਨ, ਤੇ ਉਨ੍ਹੀਂ ਦਿਨੀਂ ਲਾਹੌਰ ਹੀ ਰਹਿੰਦੇ ਸਨ, ਤਾਂ ਆਪ ਹਸ ਕੇ ਕਹਿਣ ਲਗੇ ਕਿ "ਅਛਾ ਹੋਇਆ ਜੋ ਹੁਣ ਤੁਸੀਂ ਸਰਕਾਰੀ ਅਪਰਾਧੀ ਹੋਣ ਤੇ ਸਾਡੇ ਨਾਲ ਹੀ ਰਲ ਗਏ ਹੋ। ਚਲੋ ਤੁਹਾਨੂੰ ਇਸ ਕੰਮ ਬਦਲੇ ਨਾਮਧਾਰੀ ਦਰਬਾਰ ਵਲੋਂ ਨਵੇਂ ਵਸਾਏ ਜਾ ਰਹੇ ਸ੍ਰੀ ਜੀਵਨ ਨਗਰ (ਹਿਸਾਰ) ਵਿਖੇ ਦੋ ਮੁਰਬੇ ਜ਼ਮੀਨ ਦਿਤੇ ਜਾਣ ਦਾ ਪੱਕਾ ਇਕਰਾਰ ਹੋਇਆ। ਮੈਂ ਉਤਰ ਵਜੋਂ ਕਿਹਾ—"ਬਸ ਜੀ, ਜ਼ਮੀਨ ਤਾਂ ਮੇਰੇ ਪਾਸ ਪਹਿਲਾਂ ਹੀ ਬਹੁਤ ਹੈ, ਹੋਰ ਵਾਧੂ ਜ਼ਮੀਨ ਲੈ ਕੇ ਮੈਂ ਕੀ ਕਰਾਂਗਾ। ਹੁਣ ਆਪ ਕਿਰਪਾ ਪੂਰਵਕ ਸਿਰਫ ਇਹੋ ਜਤਨ ਕਰੋ ਜਿਵੇਂ ਇਸ ਮੁਸੀਬਤ ਤੋਂ ਛੁਟਕਾਰਾ ਹੋਵੇ ਤੇ ਪੁਲੀਸ ਮੇਰੀ ਖਹਿੜਾ ਛਡੇ।" ਉਹਨਾਂ ਸਹਿਜ ਸੁਭਾ ਹੀ ਮੁਸਕਰਾ ਕੇ ਕਿਹਾ, "ਅੱਛਾ ਇਹ ਮਨਸ਼ਾ ਵੀ ਪੂਰੀ ਹੋ ਜਾਵੇਗੀ।" ਇਸ ਤੋਂ ਬਾਦ ਸਬਬ ਨਾਲ ਪੂਰੀ ਛਾਣ ਬੀਣ ਤੇ ਪੁੱਛ ਪੜਤਾਲ ਹੋਣ ਤੇ ਪ੍ਰੋ: ਡਾਕਟਰ ਗੁਲਸ਼ਨ ਲਾਲ ਚੋਪੜਾ ਸੀਨੀਅਰ ਰੀਕਾਰਡ ਕੀਪਰ ਪੰਜਾਬ ਸਰਕਾਰ ਦੇ ਇਹ ਨੋਟ ਦੇਣ ਤੇ ਕਿ—ਇਹ ਕਨਫੀਡੈਂਸ਼ਲ ਰੀਕਾਰਡ ਸ਼੍ਰੇ ਕੇਸਾਂ ਵਿਚ ਰਖਣੇ ਉਨ੍ਹਾਂ ਦੇ ਆਪਣੇ ਹੀ ਕਰਮਚਾਰੀਆਂ ਦੀ ਭੁਲ ਹੈ ਤੇ ਇਸ ਵਿਚ ਸ਼ਮਸ਼ੇਰ ਸਿੰਘ "ਅਸ਼ੋਕ" ਦਾ ਕੋਈ ਕਸੂਰ ਨਹੀਂ।" ਉਹ ਬਲਾ ਜਿਵੇਂ ਮੇਰੇ ਸਿਰ ਤੇ ਆਈ ਸੀ ਉਸੇ ਤਰ੍ਹਾਂ ਹੀ ਮੇਰੇ ਸਿਰੋਂ ਟਲ ਗਈ। ਮੈਨੂੰ ਭਾਵੇਂ ਸੰਨ 1844 ਈ: ਦੀ ਘਟਨਾ ਬਾਰੇ ਨੋਟ ਕੀਤੇ ਰੀਕਾਰਡ ਤਾਂ ਵਾਪਸ ਨਾ ਮਿਲ ਸਕੇ ਪਰ ਮੈਂ "ਜਾਨ ਬਚੀ ਲਾਖੋਂ ਪਾਏ" ਵਾਲੀ ਕਹਾਵਤ ਦੇ ਅਨੁਸਾਰ ਅਕਾਲ ਪੁਰਖ ਦੇ ਇਸ ਕ੍ਰਿਪਾ ਭਾਵ ਦਾ ਲੱਖ ਲੱਖ ਸ਼ੁਕਰੀਆ ਅਦਾ ਕੀਤਾ।

ਬਾਬਾ ਰਾਮ ਸਿੰਘ ਜੀ ਨੇ ਸੰਨ 1844 ਵਿਚ ਜੰਮੂ ਦੀ ਮੁਹਿੰਮ ਸਮੇਂ ਕਿਵੇਂ ਹਥਿਆਰ ਸੁਟ ਕੇ ਸਿਖ ਰਾਜ ਦੀ ਨੌਕਰੀ ਛਡੀ ਸੀ, ਇਹ ਵਾਕਿਆ ਸਿਰਫ ਸਰਕਾਰੀ ਰਿਕਾਰਡਾਂ ਤੀਕ ਹੀ ਮਹਿਦੂਦ ਨਹੀਂ ਰਿਹਾ ਸਗੋਂ ਇਸ ਤੋਂ ਬਾਅਦ ਇਤਿਹਾਸਕਾਰਾਂ ਨੇ ਵੀ ਇਸ ਸਚਾਈ ਨੂੰ ਮੰਨਿਆ, ਜਿਵੇਂ ਕਿ ਸੰਨ 1883 ਈ: ਦੀ ਪੰਜਾਬੀ ਪੁਸਤਕ "ਗੁਰੂ ਸਿੰਘ ਇਤਿਹਾਸ (ਛਾਪਾ ਪਥਰ) ਦੇ ਸਫਾ 312-13 ਪਰ ਪ੍ਰਸਿਧ ਲੇਖਕ ਪੰਡਿਤ ਭਾਨੂੰ ਦਤ ਵਿਸ਼ਾਰਦ ਲਾਹੌਰੀ ਨੇ ਜੋ ਨਾਮਧਾਰੀ ਲਹਿਰ (1860-72) ਦਾ ਸਮਕਾਲੀ



Namdhari Elibrary NamdhariElibrary@gmail.com

ਵਿਦਵਾਨ ਲੇਖਕ ਤੇ ਅਧਿਆਪਕ ਸੀ, ਨਾਮਧਾਰੀ ਇਤਿਹਾਸ ਨਾਲ ਸੰਬੰਧਤ ਇਕ ਸਿਮੁਚੀ ਇਤਿਹਾਸਕ ਹਕੀਕਤ ਦਾ ਭੇਦ ਇਸ ਤਰ੍ਹਾਂ ਖੋਲਿਆ ਕਿ "(ਬਾਬਾ) ਰਾਮ ਸਿੰਘ ਜੀ ਬੜੇ ਸੰਤ, ਚੰਗੇ, ਉਰੇ ਲੰਮੇ ਜਵਾਨ ਚਤੁਰ ਸੁਜਾਨ, ਭਜਨ ਦੇ ਪੂਰੇ, ਪਹਿਲਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਜੋ ਕੌਰ ਨੌਂ ਨਿਹਾਲ ਸਿੰਘ ਜੀ ਦੇ ਸਪੁਰਦ ਸੀ ਨੌਕਰੀ ਕਰਦੇ ਸਨ। ਇਹਨਾਂ ਨੂੰ ਰਾਵਲਪਿੰਡੀ ਦੇ ਜ਼ਿਲ੍ਹੇ ਹਜ਼ਰੋਂ ਨਾਮੇ ਪਿੰਡ ਦੇ ਵਸਨੀਕ ਸ੍ਰੀ ਬਾਬਾ ਬਾਲਕ ਸਿੰਘ ਜੀ ਤੋਂ ਜੋ ਕਿਰਤ ਕਰਕੇ ਖਾਂਦੇ ਸਨ, ਅਤੇ ਭਜਨ ਵਿਚ ਮਸਤ ਰਹਿੰਦੇ ਸਨ ਹਜ਼ਰੋਂ ਵਿਚ ਹੀ ਨਾਮ ਦਾ ਉਪਦੇਸ਼ ਹੋਇਆ। ਜਾਂ ਇਹ ਲਾਹੌਰ ਆਏ ਮੀਆਂ ਮੀਰ ਦਿਨੇ ਨੌਕਰੀ ਦਿੰਦੇ ਅਤੇ ਰਾਤ ਨੂੰ ਪੁਰਾਣੀਆਂ ਖੰਡਰਾਤਾਂ ਵਿਚ ਬੈਠ ਭਜਨ ਕਰਦੇ ਰਹਿੰਦੇ ਸੀ। ਜਾਂ (ਮਹਾਰਾਜਾ) ਸ਼ੇਰ ਸਿੰਘ ਗੱਦੀ ਪੁਰ ਬੈਠਾ ਅਤੇ ਜੰਮੂ ਦੇ ਰਾਜੇ ਗੁਲਾਬ ਸਿੰਘ ਤੋਂ ਪਿਛਲਾ ਖਿਰਾਜ ਲੈਣ ਲਈ ਸਿੰਘਾਂ ਦੀ ਫੌਜ ਭੇਜੀ, (ਬਾਬਾ) ਰਾਮ ਸਿੰਘ ਜੀ ਨਾਲ ਹੀ ਸਨ। ਇਥੇ ਸਿੰਘਾਂ ਬੜਾ ਖਰੂਦ ਕੀਤਾ ਅਤੇ ਬੜੇ ਹੰਕਾਰ ਦੇ ਸ਼ਬਦ ਉਚਰੇ। ਇਸੇ ਕਾਰਨ ਬਾਬਾ ਰਾਮ ਸਿੰਘ ਜੀ ਨੂੰ ਉਹ ਗਲ ਨਾ ਸੁਖਾਈ, ਲਾਹੌਰ ਆਉਂਦੇ ਨੌਕਰੀ ਛਡ ਫਿਰੋਜ਼ਪੁਰ ਨੂੰ ਚਲੇ ਗਏ ਅਤੇ ਮਸਤਾਨੇ ਹੋਏ ਫਿਰੇ। ਪਹਿਲਾਂ ਇਨ੍ਹਾਂ ਇਕ ਰਾਮਗੜ੍ਹੀਏ ਨਿਹਾਲ ਸਿੰਘ ਨੂੰ ਨਾਮ ਦੇ ਕੇ ਨਿਹਾਲ ਕੀਤਾ, ਜਿਨ੍ਹਾਂ ਫਿਰੋਜ਼ਪੁਰ ਬੰਨੇ ਕਿੰਨਿਆਂ ਮਲਵਈਆਂ ਸਿੰਘਾਂ ਨੂੰ ਨਿਹਾਲ ਕੀਤਾ। ਮੁੜ (ਬਾਬਾ) ਰਾਮ ਸਿੰਘ ਜੀ ਲੁਧਿਆਣੇ ਦੇ ਜ਼ਿਲ੍ਹੇ ਵਿਚ ਭੈਣੀ ਪਿੰਡ ਵਿਚ ਆਨ ਰਹੇ, ਜੋ ਹੁਣ ਭੈਣੀ ਸਾਹਿਬ ਕਰ ਕੇ ਅਖਵਾਉਂਦਾ ਹੈ।"

ਇਸ ਤੋਂ ਸਾਫ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਦਰਬਾਰ ਲਾਹੌਰ ਦੀ ਫੌਜ ਵਿਚ ਭਰਤੀ ਹੋਣ ਪਿਛੋਂ ਹਜ਼ਰੋਂ ਜਾ ਕੇ ਬਾਬਾ ਬਾਲਕ ਸਿੰਘ ਜੀ ਤੋਂ ਨਾਮ ਦਾਨ ਲੈਣ ਤੇ ਫਿਰ ਪਹਿਲਾਂ ਜਾਂ ਕੁਝ ਦੇਰ ਪਿਛੋਂ ਨੌਕਰੀ ਛਡ ਕੇ ਭਜਨ ਬੰਦਗੀ ਕਰਨ ਦੇ ਹਾਲਾਤ ਥੋੜੇ ਕੁ ਹੇਰ ਫੇਰ ਨਾਲ ਲਗਪਗ ਇਕੋ ਹੀ ਕਿਸਮ ਦੇ ਮਿਲਦੇ ਹਨ। ਜਿਨ੍ਹਾਂ ਵਿਚੋਂ ਬਾਬਾ ਜੀ ਦੇ ਵਡਪਨ ਦੀ ਪੂਰੀ ਝਲਕ ਪੈਂਦੀ ਹੈ। ਬਾਬਾ ਰਾਮ ਸਿੰਘ ਜੀ ਨੇ ਸਿਖ ਰਾਜ ਦੀ ਫੌਜੀ ਨੌਕਰੀ ਹਜ਼ਰੋਂ ਜਾ ਕੇ ਛਡੀ ਜਾਂ ਪਿਛੋਂ ਜੰਮੂ ਦੀ ਲੜਾਈ ਸਮੇਂ ਸੰਨ 1844 ਈ: ਵਿਚ ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਦੋਵੇਂ ਹੀ ਇਤਿ-ਹਾਸਕ ਘਟਨਾਵਾਂ ਉਨ੍ਹਾਂ ਦੇ ਅਧਿਆਤਮਕ ਜੀਵਨ ਉਤੇ ਕੋਈ ਹਰਫ ਨਹੀਂ ਆਉਣ ਦਿੰਦਿਆਂ, ਸਗੋਂ ਉਸ ਨੂੰ ਹੋਰ ਉਚਿਆਉਂਦੀਆਂ ਹਨ। ਇਨ੍ਹਾਂ ਵਿਚੋਂ ਨੌਕਰੀ ਛਡਣ ਦੀ ਪਹਿਲੀ ਸੰਨ 1841 ਈ: ਦੀ ਘਟਨਾ ਵਧੇਰੇ ਸਹੀ ਪ੍ਰਤੀਤ ਹੁੰਦੀ ਹੈ :

ਬਾਬਾ ਰਾਮ ਸਿੰਘ ਜੀ ਦੇ ਸਿਖ ਰਾਜ ਦੀ ਫੌਜੀ ਨੌਕਰੀ ਛਡਣ ਦਾ ਤੀਜਾ ਵਾਕਿਆ ਇਹ ਦਸਿਆ ਜਾਂਦਾ ਹੈ ਕਿ ਉਹਨਾਂ ਨੇ ਸੰਨ 1845 ਈ: ਵਿਚ ਦਰਿਆ ਸਤਲੁਜ ਦੀ ਪਹਿਲੀ (ਸਿਖਾਂ ਤੇ ਅੰਗਰੇਜ਼ਾਂ) ਦੀ ਲੜਾਈ ਸਮੇਂ ਦੋਹਾਂ ਪਾਸਿਆਂ ਦੀਆਂ ਫੌਜਾਂ ਆਹਮੋਂ ਸਾਹਮਣੇ ਹੋਈਆਂ ਤਾਂ ਫਿਲੌਰ ਦੇ ਸਥਾਨ ਪਰ ਬੰਦੂਕ ਸੁਟੀ ਤੇ ਦਰਿਆ ਸਤਲੁਜ ਲੰਘ ਕੇ ਲੁਧਿਆਣੇ ਦਾ ਰਾਹ ਫੜਿਆ ਸੀ। ਵਰਤਮਾਨ ਸਮੇਂ ਦੇ ਕਈ ਨਾਮਧਾਰੀ ਲੇਖਕ ਜਿਨਾਂ ਵਿਚ ਕੁਝ ਨਾਮਧਾਰੀ ਲੇਖਕ ਵੀ ਸ਼ਾਮਲ ਹਨ,



Namdhari Elibrary NamdhariElibrary@gmail.com

ਇਸੇ ਘਟਨਾ ਦੀ ਤਸਦੀਕ ਕਰਦੇ ਹਨ। ਪਰ ਇਹ ਵਾਕਿਆ ਖੋਜ ਤੇ ਹਕੀਕਤ ਸ਼ਨਾਸੀ ਦੇ ਪਖ ਤੋਂ ਏਨਾ ਵਜ਼ਨਦਾਰ ਸਾਬਤ ਨਹੀਂ ਹੁੰਦਾ ਕਿਉਂਕਿ ਅਵਲ ਤਾਂ ਬਾਬਾ ਰਾਮ ਸਿੰਘ ਜੀ ਜਿਹਾ ਜੋਧਾ, ਜਿਸਨੇ ਅੰਗਰੇਜ਼ੀ ਹਕੂਮਤ ਨਾਲ ਸਿਧਾ ਮਥਾ ਲਾਇਆ ਹੋਵੇ, ਅਜਿਹੇ ਜੰਗ ਸਮੇਂ ਸਿਖ-ਫੌਜਾਂ ਦਾ ਸਾਥ ਨਹੀਂ ਛਡ ਸਕਦਾ। ਨਾਲੇ ਅਜਿਹੇ ਜੰਗ ਸਮੇਂ ਆਪਣੀ ਹੀ ਫੌਜ ਦਾ ਸਾਥ ਛਡਕੇ ਝਟ ਪਟ ਦੁਸ਼ਮਣ ਦੇ ਇਲਾਕੇ ਵਿਚ ਚਲੇ ਜਾਣਾ ਕਿਸੇ ਵੀ ਸਰਕਾਰ ਦੇ ਫੌਜੀ ਕਾਇਦੇ ਕਾਨੂੰਨ ਤੋਂ ਸੋਲਾਂ ਆਨੇ ਖਿਲਾਫ ਅਤੇ ਇਕ ਪ੍ਰਕਾਰ ਦਾ ਨਾਕਾਬਿਲੇ ਮੁਆਫੀ ਰਾਜਸੀ ਅਪਰਾਧ ਹੈ ਤੇ ਦੂਜੇ ਇਸ ਤਰਾਂ ਦੀ ਕੋਈ ਸੂਰਮਤਾਈ ਜਾਂ ਨੇਕੀ ਵੀ ਨਹੀਂ ਮੰਨੀ ਜਾ ਸਕਦੀ। ਇਸ ਲਈ ਇਸਦੇ ਮੁਕਾਬਲੇ ਤੇ ਸੰਨ 1841 ਈਸਵੀ ਵਿਚ ਹਜ਼ਰੋਂ ਦੇ ਸਥਾਨ ਪਰ ਜਾਂ ਇਸ ਤੋਂ ਬਾਅਦ ਸੰਨ 1844 ਈ: ਵਿਚ ਜੰਮੂ ਦੇ ਸਿਖ-ਡੋਗਰਾ ਜੁਧ ਸਮੇਂ ਨੌਕਰੀ ਛਡਣ ਦੀਆਂ ਦੋਵੇਂ ਘਟਨਾਵਾਂ ਹਰ ਤਰਾਂ ਬੇਲਾਗ ਤੇ ਜੁਗਤੀ ਸੰਗਤ ਹਨ। ਇਸ ਕਾਰਨ ਮੇਰਾ ਪਕਾ ਵਿਸ਼ਵਾਸ਼ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਜੋ ਇਕ ਆਦਰਸ਼ਵਾਦੀ, ਦ੍ਰਿੜ ਇਰਾਦੇ ਦੇ ਮਾਲਿਕ ਅਤੇ ਮਹਾਨ ਵਿਅਕਤੀ ਸਨ, ਦਰਅਸਲ ਸਿਖ ਰਾਜ ਦੀ ਫੌਜੀ ਸਰਵਿਸ ਸੰਨ 1841 ਈ: ਵਿਚ ਹਜ਼ਰੋਂ ਦੇ ਸਥਾਨ ਪਰ ਬਾਬਾ ਬਾਲਕ ਸਿੰਘ ਜੀ ਦੇ ਸਤਿਸੰਗ ਕਾਰਨ ਹੀ ਵਡਪਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਛਡੀ ਸੀ ਤੇ ਫੇਰ ਭੈਣੀ ਸਾਹਿਬ ਦੇ ਸਥਾਨ ਪਰ 20 ਵਰੇ ਕਰੜੀ ਤਪਸਿਆ ਕਰਕੇ ਦੇਸ਼ ਵਿਆਪੀ ਨਾਮਧਾਰੀ ਲਹਿਰ ਦਾ ਮੁਢ ਬੰਨ੍ਹਿਆ ਸੀ।



Namdhari Elibrary NamdhariElibrary@gmail.com

## ਸ੍ਰੀ ਰਾਮ ਨਾਰਾਇਣ

**ਕਰਤਾ ਗੁਰੂ ਚੰਦਰੋਦਯ-ਭਾਸ (ਸੰਸਕ੍ਰਿਤ)**

ਇਸ ਪ੍ਰਕਾਰ ਸੇ ਵਿਸ਼ਨੂੰ ਰੂਪ ਗੁਰੂ ਕੇ ਚਰਨੋਂ ਪ੍ਰਨਾਮ ਪੂਰਵਕ ਉਨ ਕੇ ਚਰਨੋਂ ਮੇਂ **ਗੁਰੂ ਚੰਦਰੋਦ ਯਭਾਸ** ਕੇਮ ਦੀ ਨਾਮਕ ਗ੍ਰੰਥ ਕੋ ਮੈਂ ਸਮਰਪਤ ਕਰਤਾ ਹੂੰ।

ਚੰਦ੍ਰਮਾ ਕੇ ਸਮਾਨ ਜੋ ਗੁਰੂ ਜਨ ਹੈ ਉਨ ਕੇ ਕੀਰਤੀ ਰੂਪੀ ਜੋ ਸ਼ੋਭਾ ਕਾ ਵਰਨਣ ਕੀਆ ਗਿਆ ਹੈ ਇਸ ਲੀਏ ਇਸ ਗ੍ਰੰਥ ਕਾ ਨਾਮ ਚੰਦ੍ਰੋਦਯ ਭਾਸ ਰਖਾ ਹੈ। ਜੋ ਸੰਤਾਪ (ਦੁਖੋਂ) ਦੂਰ ਕਰਨੀ ਹੈ। ਇਸ ਪ੍ਰਕਾਰ ਸੇ ਚੰਦ੍ਰਭਾਗਾ ਵਿਸ਼ਨੂੰ ਸਖੀ ਸ੍ਰੀ ਰਾਮ ਨਾਰਾਇਣ ਕੇ ਹਿਰਦੇ ਵਿਕਸਤ ਕਰਨੇ ਵਾਲੀ ਗੁਰੂ ਚੰਦ੍ਰੋਦੇ ਕੋ ਸਦੀ ਸਮਾਪਤ ਹੋਤਾ ਹੈ। ਮੈਂ **ਸ੍ਰੀ ਗੁਰੂ ਨਾਨਕ ਦੇਵ ਜੀ ਕੋ ਜੋ ਭਗਵਾਨ ਵਿਸ਼ਨੂੰ** ਕੇ ਰੂਪ ਵਾਲੇ ਹੈਂ, ਵਿਸ਼ਵ ਉਧਾਰ ਕੇ ਲੀਏ ਅਵਤਾਰ ਲੇਨੇ ਵਾਲੇ ਕਲਿਯੁਗ ਕੇ ਪਾਪੋਂ ਸੇ ਉਭਾਰਨ ਵਾਲੇ ਕਲਿਯੁਗ ਮੇਂ ਅਵਤਾਰ ਭੂਤ ਸੰਸਾਰ ਕੇ ਗੁਰੂ ਹੈਂ ਐਸੇ ਗੁਰੂ ਨਾਨਕ ਦੇਵ ਕੋ ਨਮਸਕਾਰ ਕਰਤਾ ਹੂੰ। **ਗੁਰੂ ਰਾਮ ਸਿੰਘ** ਜੋ ਹਰਿ ਨਾਥ ਸਦਾ ਸੁਖ ਦੇਨੇ ਵਾਲੇ ਹੈਂ, ਉਨ ਕੋ ਨਮਸਕਾਰ ਕਰਤਾ ਹੂੰ। ਔਰ ਪਿਤਾ ਭਵਾਨੀ ਦਾਸ ਕੋ ਔਰ ਸੁਚੇਤ ਰਾਮ ਰਾਜਾ ਕੋ। ਭਗਵਾਨ ਕੇ ਤੱਤ੍ਰ ਕੋ ਜਾਨਣੇ ਵਾਲੇ ਭਗਤੋਂ ਕੋ। ਸਾਧੂ ਸਜਣੋਂ ਕੋ। ਬ੍ਰਾਹਮਣੋਂ ਕੋ। ਭਗਵਾਨ ਕੇ ਸ੍ਰੀਰ ਸਰੂਪ ਸੰਸਾਰ ਕੋ। ਸ੍ਰੀ ਚੰਦਰ ਜੀ ਕੇ ਕਮਲ ਰੂਪੀ ਚਰਨੋਂ ਮੇਂ ਮੈਂ ਇਸ ਵਿਆਖਿਆਤ ਗ੍ਰੰਥ ਕੋ ਸਮਰਪਨ ਕਰਤਾ ਹੂੰ।

## ਪੰਡਿਤ ਸੁੰਦਰ ਲਾਲ ਜੀ

**ਕਰਤਾ ਭਾਰਤ ਮੇਂ ਅੰਗਰੇਜ਼ੀ ਰਾਜ**

ਨਾਮਧਾਰੀ ਸੰਪ੍ਰਦਾਇ ਨੂੰ ਕਾਇਮ ਕਰਨ ਵਾਲਾ ਗੁਰੂ ਰਾਮ ਸਿੰਘ ਜੀ ਨੂੰ ਹੀ ਮੰਨਣਾ ਚਾਹੀਦਾ ਹੈ। ਉਨ੍ਹਾਂ ਦੇ ਉਪਦੇਸ਼ਾਂ ਵਿਚ ਧਰਮ ਤੇ ਰਾਜਨੀਤੀ ਦੋਵੇਂ ਮਿਲੇ ਹੋਏ ਸਨ। ਉਨ੍ਹਾਂ ਦੀ ਹਰ ਆਗਿਆ ਨੂੰ ਮੰਨਣਾ ਹਰ ਨਾਮਧਾਰੀ ਦਾ ਫਰਜ਼ ਹੈ। ਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਵਿਚ ਅੰਗਰੇਜ਼ੀ ਸਰਕਾਰ ਉਸਦੀਆਂ ਨੌਕਰੀਆਂ, ਅਦਾਲਤਾਂ ਸਕੂਲਾਂ ਆਦਿ ਦਾ ਉਸੇ ਤਰ੍ਹਾਂ ਬਾਈਕਾਟ ਮਿਲਦਾ ਹੈ ਜਿਸ ਤਰ੍ਹਾਂ ਦਾ ਸਨ 1847 ਅਤੇ ਉਸਦੇ ਪਿਛੋਂ ਦੇ ਅਕਸਰ ਮੁਸਲਮਾਨ ਮੌਲਵੀਆਂ ਦੇ ਫਤਵਿਆਂ ਵਿਚ। ਪਤਾ ਲਗਦਾ ਹੈ ਕਿ ਪੰਜਾਬ ਦੇ ਲੋਕਾਂ ਤੇ ਉਨ੍ਹਾਂ ਦਾ ਖ਼ਾਸਾ ਅਸਰ ਪਿਆ।



Namdhari Elibrary NamdhariElibrary@gmail.com

## ਸ੍ਰੀਮਾਨ ਬਾਬੂ ਰਾਜਿੰਦਰ ਪ੍ਰਸ਼ਾਦ ਜੀ
### ਪਹਿਲੇ ਰਾਸ਼ਟਰਪਤੀ

ਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿ ਯੋਗ ਇਤਨੇ ਜ਼ੋਰ ਸੇ ਚਲਾਇਆ ਹੈ ਉਸਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪੰਚਾਸ ਵਰਸ਼ ਪੂਰਵ ਹੀ ਨਾਮਧਾਰੀਉਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਥੀਂ।

(1) ਸਰਕਾਰੀ ਨੌਕਰੀ ਕਾ ਵਹਿਸ਼ਕਾਰ।
(2) ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ।
(3) ਸਰਕਾਰੀ ਸਕੂਲੋਂ ਕਾ ਵਹਿਸ਼ਕਾਰ।
(4) ਬਦੇਸ਼ੀ ਬਸਤਰੋਂ ਕਾ ਵਹਿਸ਼ਕਾਰ।
(5) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈਂ।

ਗੁਰੂ ਜੀ ਤੋ ਸਦਾ ਅਹਿੰਸਾ ਪਰ ਹੀ ਜ਼ੋਰ ਦੇਤੇ ਥੇ। ਪਰੰਤੂ ਇਨ ਕੇ ਅਨੁਯਾਈਉ ਨੇ ਏਕ ਬਾਰ ਗਊ ਕੀ ਰਕਸ਼ਾ ਕੇ ਲੀਏ ਕੁਛ ਬੁਚੜੋਂ ਕੋ ਕਤਲ ਕਰ ਡਾਲਾ। ਇਸ ਪਰ ਬਹੁਤ ਲੋਗ ਪਕੜੇ ਜਾਨੇ ਲਗੇ। ਔਰ ਲੋਗੋਂ ਪਰ ਸਖ਼ਤੀ ਹੋਣੇ ਲਗੀ। ਤਬ ਗੁਰੂ ਜੀ ਨੇ ਸਿਖੋਂ ਕੋ ਬੁਲਾ ਕਰ ਕਹਾ, ਕਿ ਤੁਮ ਨੇ ਹਤਿਆ ਕੀ, ਔਰ ਦੂਸਰੇ ਬੇਕਸੂਰ ਲੋਗੋਂ ਪਰ ਸਖ਼ਤੀ ਹੋ ਰਹੀ ਹੈ। ਤੁਮਹੇ ਅਪਨਾ ਕਸੂਰ ਮਾਨ ਲੇਨਾ ਚਾਹੀਏ। ਜਿਨਹੋਂ ਨੇ ਕਤਲ ਕਿਆ ਥਾ, ਉਨਹੋਂ ਨੇ ਅਦਾਲਤ ਮੇਂ ਜਾਕਰ ਕਸੂਰ ਮਾਨ ਲੀਆ, ਔਰ ਉਨ੍ਹੇਂ ਫਾਂਸੀ ਹੋ ਗਈ। ਜਿਸੇ ਉਨਹੋਂ ਨੇ ਹੰਸਤੇ ਹੰਸਤੇ ਸਵੀਕਾਰ ਕੀਆ।



Namdhari Elibrary NamdhariElibrary@gmail.com

## ਬਾਵਾ ਨਿਹਾਲ ਸਿੰਘ
### ਕਰਤਾ ਖੁਰਸ਼ੀਦ ਖਾਲਿਸਾ

"ਜਨਾਬ ਸਿੰਘ ਸਾਹਿਬ ਰਾਮ ਸਿੰਘ ਕੇ ਨਾਉਂ ਕੇ ਆਗੇ ਗੁਰੂ ਲਫ਼ਜ਼ ਨਹੀਂ ਲਿਖਾ ਜਾਵੇਗਾ ।"

o o o o

ਬਾਵਾ ਨਿਹਾਲ ਸਿੰਘ ਤੇ ਸਰਮਖ ਸਿੰਘ 1892 ਤੋਂ ਪਹਿਲਾਂ "ਖੁਰਸ਼ੀਦ ਖ਼ਾਲਸਾ" ਨਾਮੀ ਪੁਸਤਕ ਲਿਖੀ, ਜਿਸ ਵਿਚ ਸਿਖ ਗੁਰੂ ਸਾਹਿਬਾਨ ਤੇ ਸਿਖ ਰਾਜ ਦਾ ਵਰਨਣ ਹੈ । ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਉਤਰਾਧਕਾਰੀ ਦਰਸਾਇਆ ਗਿਆ ਸੀ । ਅੰਗਰੇਜ਼ੀ ਸਰਕਾਰ ਉਨ੍ਹਾਂ ਦੇ ਵਿਰੁਧ ਹੋ ਗਈ । ਸਰਕਾਰ ਪਖੀਆਂ ਲੇਖਕਾਂ ਨੂੰ ਸਤਿਗੁਰਾਂ ਦੇ ਨਾਉਂ ਤੋਂ ਪਹਿਲੇ "ਗੁਰੂ" ਸ਼ਬਦ ਹਟਾਣ ਤੇ ਮਜਬੂਰ ਕੀਤਾ । ਉਹ ਦਬਾ ਹੇਠਾਂ ਆ ਗਏ ਤੇ ਉਪ੍ਰਲੇ ਸ਼ਬਦ ਲਿਖ ਪੁਸਤਕ ਛਾਪਣ ਦੀ ਪ੍ਰਵਾਨਗੀ ਲਈ । ਤਦੋਂ ਅੰਬਾਲਾ ਕਮਿਸ਼ਨਰ ਵਲੋਂ ਹਜ਼ਾਰਾਂ ਰੁਪਏ ਉਸਦੇ ਪ੍ਰਚਾਰ ਵਾਸਤੇ ਦਿਤੇ ।

## ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ
### ਤਰਨ ਤਾਰਨ

ਸਿਖਾਂ ਦਾ ਰਾਜ ਭਾਗ ਨਸ਼ਟ ਹੋਣ ਦੇ ਉਪਰੰਤ ਗੁਰਮਤ ਪ੍ਰਚਾਰ, ਗੁਰਬਾਣੀ ਦੇ ਵਿਸਥਾਰ, ਕੀਰਤਨ ਆਦਿ ਤੇ ਹਰ ਤਰ੍ਹਾਂ ਦੇ ਉਤਸ਼ਾਹੀ ਮੰਡਲ ਵਿਚ ਬਹੁਤ ਹੀ ਹੀਨ ਹੋ ਗਿਆ ਸੀ । ਸਿੱਖੀ ਨੂੰ ਢਾਹ ਲਗ ਗਈ ਸੀ । ਉਸ ਸਮੇਂ ਗੁਰਬਾਣੀ ਦੇ ਪ੍ਰਚਾਰ ਗੁਰਮਤ ਦੇ ਵਿਸਥਾਰ, ਸਿੱਖੀ ਨੂੰ ਚੜ੍ਹਦੀਆਂ ਕਲਾਂ ਵਿਚ ਕੁਰਬਾਨੀ ਸੱਚ, ਸੁਚ, ਏਕਤਾ, ਮਿਲਾਪ, ਉਤਸ਼ਾਹ ਕੁਸੰਗੀਆਂ ਨਾਲ ਨਾਮਿਲਵਰਤਨ ਤੇ ਸੁਦੇਸ਼ੀ ਦੀ ਵਰਤੋਂ ਦੀ ਅਦੁਤੀ ਲਹਿਰ ਸ੍ਰੀ ੧੦੮ ਮਹਾਰਾਜਾ ਬਾਬਾ ਰਾਮ ਸਿੰਘ ਜੀ ਨੇ ਚਲਾਈ, ਉਹ ਆਪ ਹੀ ਚਲਾ ਸਕਦੇ ਸਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦਾ ਲਗਾਤਾਰ ਪੂਰਣ ਮ੍ਰਯਾਦਾ, ਪੂਰਣ ਅਦਬ ਸਤਕਾਰ ਤੇ ਸੋਧ ਨਾਲ ਜੋ ਪ੍ਰਬੰਧ ਸ੍ਰੀ ਭੈਣੀ ਸਾਹਿਬ ਦੇਖਣ ਵਿਚ ਆਯਾ ਹੈ, ਅਦੁਤੀ ਹੈ । ਗੁਰਬਾਣੀ ਦਾ ਸ਼ੁਧ ਉਚਾਰਨ, ਗੁਰਮਤ ਸੰਗੀਤ ਤੇ ਕੀਰਤਨ, ਗੁਰਸਿਖੀ ਦਾ ਪਿਆਰ, ਸੱਚ, ਸੁੱਚ, ਨਿੰਮਰਤ ਭਾਵ ਭੀ 'ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨ' ਅਦੁਤੀ ਹੈ ।



Namdhari Elibrary NamdhariElibrary@gmail.com

## ਸ੍ਰੀ ਗਿਆਨੀ ਗਿਆਨ ਸਿੰਘ
ਕਰਤਾ : ਪੰਥ ਪ੍ਰਕਾਸ਼

ਪਾਇ ਇਹ ਹੁਕਮ ਪ੍ਰਮੇਸ਼ ਦਾ ਵਿਸ਼ੇਸ਼ ਫਿਰ,
ਰਾਮ ਮ੍ਰਗੇਸ਼ ਉਪਦੇਸ਼ ਦੈਨ ਲਾਗਯੋ ।
ਹੁਕੇ ਛਡਵਾਏ ਰਖਵਾਏ ਕੇਸ ਮੌਨਓ ਕੇ,
ਸੁਧਾ ਛਕਥਾਏ ਸਿਖ ਭਾਗਜਿਨੇ ਜਾਗਯੋ ।
ਫੈਲਿਓ ਜਸ ਭਾਰੀ, ਸਿਖ ਥੀਏ ਤਾਹਿਕੇ ਅਪਾਰੀ ।
ਸਿਖ ਪੰਥ ਬਿਰਧਾਨੋ ਨਾਮ ਰਸ ਪਾਗਯੋ ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਜਾਰੀ,
ਠਗੀ ਤਜ ਥੀਏ ਸੰਤ, ਸਤਿਜੁਗ ਆ ਗਯੋ ।

o o o o

ਸੰਮਤ ਉਨੀ ਸੈ ਅਠਾਈ,
ਕੂਕੇ ਸਿੰਘ ਮਿਲੇ ਤਬ ਆਈ ।
ਜੋ ਬੂਚੜ ਗਊਆਂ ਥੇ ਮਾਰਤ,
ਤਿੰਨ ਕੋ ਸੋ ਸਿੰਘ ਭਏ ਬਿਦਾਰਤ ।
ਜਬ ਸਿੰਘ ਸਾਠ ਕੁ ਪਕੜੇ ਗਏ,
ਫੜੇ ਮਲੇਰ ਕੋਟਲੇ ਆਏ ।
ਉਨ ਹਿਤ ਹੁਕਮ ਅੰਗਰੇਜ਼ੀ ਆਇਓ,
ਇਨ ਕੋ ਤੋਪਨ ਸੰਗ ਉਡਾਯੋ ।
ਜਬ ਇਹ ਹੁਕਮ ਉਨੋ ਸੁਨ ਪਾਇਉ,
ਖੁਸ਼ੀ ਭਏ ਅਤਿਹੀਅ ਹੁਲਸਾਇਓ ।
ਮੁਖ ਪਰ ਲਾਲੀ ਚੜ੍ਹੀ ਵਧੇਰੇ,
ਗਾਵਤ ਗੁਰ ਕੇ ਸ਼ਬਦ ਉਰੇਰੇ ।
ਦੀਵੇ ਪਰ ਜਿਉਂ ਆਇ ਪਤੰਗੇ,
ਤਿਉ ਤੋਪਨ ਦਿਸ ਜਾਇ ਨਿਸੰਗੇ ।
ਉਡੇ ਖੁਸੀ ਹੈ ਹੈ ਕਰ ਸਾਰੇ,
ਜ਼ਰਾ ਨ ਕੀਨੇ ਪ੍ਰਾਣ ਪਿਆਰੇ ।
ਇਹ ਹਮਨੇ ਖੁਦ ਨੈਨ ਨਿਹਾਰੇ,
ਦੇਖਤ ਥੇ ਜੋ ਲੋਗ ਅਪਾਰੇ ।



Namdhari Elibrary NamdhariElibrary@gmail.com

## ਮਾ: ਤਾਰਾ ਸਿੰਘ ਜੀ
### ਪ੍ਰਸਿਧ ਅਕਾਲੀ ਨੇਤਾ

ਜਿਸ ਵੇਲੇ ਸਿਖ ਰਾਜ ਗਿਆ ਤੇ ਸਿਖਾਂ ਨੂੰ ਸਖਤੀ ਨਾਲ ਦਬਾਇਆ ਗਿਆ, ਉਸ ਸਮੇਂ ਲੱਖਾਂ ਸਿਖ ਪਤਿਤ ਹੋ ਗਏ ਸਨ ਤੇ ਸਿਖਾਂ ਵਿਚ ਬਹੁਤ ਉਦਾਸੀ ਛਾ ਗਈ ਸੀ। ਇਉਂ ਪ੍ਰਤੀਤ ਹੋਣ ਲਗ ਪਿਆ ਸੀ ਕਿ ਸਿਖੀ ਆਖਰੀ ਦਮਾਂ ਤੇ ਹੈ। ਸਿਖ ਧਰਮ ਨੂੰ ਕਾਇਮ ਰਖਣ ਲਈ, ਸਿਖੀ ਜਜ਼ਬਾ, ਸਿਖੀ ਅਣਖ ਤੇ ਸਿਖ ਧਰਮ ਉਤੇ ਨਿਸਚਾ ਹੋਣਾ ਜ਼ਰੂਰੀ ਹੈ। ਇਹ ਗੱਲਾਂ ਸਿਖ ਰਾਜ ਮਗਰੋਂ ਬੜੀ ਛੇਤੀ ਹੀ ਘਟ ਰਹੀਆਂ ਸਨ ਤੇ ਸਿਖ ਧਰਮ ਡਾਢੇ ਖਤਰੇ ਵਿਚ ਸੀ। ਸਿਖ ਮਹਾਤਮਾ ਪ੍ਰਚਾਰ ਕਰਦੇ ਸਨ, ਪਰ ਉਹ ਸਿਖੀ ਨੂੰ ਸੁਰਜੀਤ ਨਹੀਂ ਕਰ ਸਕਦੇ ਸਨ। ਬਾਬਾ ਰਾਮ ਸਿੰਘ ਵਿਚ ਉਹ ਸਿਖੀ ਪੂਰੀ ਸੀ, ਜਿਸਨੇ ਸਾਰੇ ਪੰਥ ਵਿਚ ਮੁੜ ਉਤਸ਼ਾਹ ਪੈਦਾ ਕਰ ਦਿਤਾ। ਬਾਬਾ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਸਿਖੀ ਅਣਖ ਦੀ ਲਹਿਰ ਦੌੜ ਗਈ ਪਰ ਹਰ ਪਾਸੇ ਨਾਮ ਦੇ ਸ਼ਬਦ ਦੀ ਗੂੰਜ ਉਠਣ ਲਗ ਪਈ।

o o o o

ਇਸ ਗੱਲ ਤੋਂ ਮੈਂ ਇਨਕਾਰ ਨਹੀਂ ਕਰ ਸਕਦਾ ਕਿ ਉਨ੍ਹਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪ੍ਰਵਿਤਰ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸਿੱਖਿਆ ਪੜ੍ਹਾਈ। ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਦੇਖਣ ਦੇ ਅਪਰਾਧ ਵਿਚ ਆਪਣੇ ਕਈ ਮਸ਼ਹੂਰ ਸੂਬਿਆਂ ਸਮੇਤ ਜਲਾ ਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ, ਅਤੇ ਸਿਖ ਜਿਨ੍ਹਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਨ੍ਹਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋਕੇ ਆਪ ਨੂੰ ਉਕਾ ਹੀ ਵਿਸਰ ਗਏ।



Namdhari Elibrary NamdhariElibrary@gmail.com

## ਸ੍ਰ: ਨਾਹਰ ਸਿੰਘ

ਐਮ. ਏ. ਹਿਸਟਰੀ ਰੀਸਰਚ ਸਕਾਲਰ

ਸੰਨ 1857 ਜਾਂ ਸੰਮਤ 1914 ਦੀ ਅਜ਼ਾਦੀ ਹਾਸਲ ਕਰਨ ਖਾਤਰ ਨਾਕਾਮਯਾਬ ਲੜਾਈ ਪਿਛੋਂ ਨਾਮਧਾਰੀ ਸਿੱਖ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਨਾਂ ਦੀਆਂ ਕਤਾਰਾਂ ਵਿਚ ਸਭ ਤੋਂ ਅਗਲੀ ਪਾਲ ਵਿਚ ਖਲੋਤੇ ਸਨ। ਖੁਲ੍ਹੇ ਤੌਰ ਤੇ ਘੋਟਿਆਂ ਦੇ ਮੇਲੇ ਸੰਨ 1863 ਤੋਂ ਲੈ ਕੇ 14 ਅਗਸਤ 1947 ਜਾਂ ਭਾਰਤ ਨੂੰ ਰਾਜਸੀ ਸਵਤੰਤਰਤਾ ਮਿਲਣ ਤਕ ਨਾਮਧਾਰੀ ਸਿੱਖਾਂ ਨੇ 83 ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝਲ ਕੇ ਕੁਰਬਾਨੀਆਂ ਦੇ ਕੇ ਕਾਇਮ ਰਖਿਆ। ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ, ਅੰਗਰੇਜ਼ ਹਾਕਮਾਂ ਦੇ ਜੂਠੇ ਟੁਕੜਿਆਂ ਤੇ ਪਲਣ ਵਾਲੇ ਸਿਖ, ਹਿੰਦੂ, ਮੁਸਲਮਾਨ, ਈਸਾਈ ਟੋਡੀਆਂ ਅਤੇ ਬੂਟ ਚਟੂਆਂ ਨੇ, ਸਿੱਖ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਨੇ, ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਸ਼ਹਿ ਅਤੇ ਗੁਝੇ ਤਰੀਕੇ ਨਾਲ ਦਿਤੀ ਗਈ ਮਾਲੀ ਮੱਦਦ ਨਾਲ ਬਣੀਆਂ ਹੋਈਆਂ ਸਿੰਘ ਸਭਾਵਾਂ ਤੇ ਦੀਵਾਨਾਂ ਨੇ ਸਿੱਖੀ ਧਰਮ ਦੇ ਦਾਹਵੇਦਾਰ ਸਿੱਖ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ, ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ, ਵਸੀਲੇ, ਹਥਕੰਡੇ, ਬਹਾਨੇ, ਹੋਛੀਆਂ, ਊਜਾਂ, ਝੂਠੀਆਂ ਬਦਨਾਮੀਆਂ, ਸਭਿਅਤਾ ਅਤੇ ਇਖਲਾਕ ਤੋਂ ਗਿਰੇ ਹੋਏ ਗੰਦੀ ਕਿਸਮ ਦੇ ਪਰਾਪੇਗੰਡੇ ਦੇ ਹਥਿਆਰ ਵਰਤੇ। ਪਰ ਕੂਕਿਆਂ ਨੇ 83 ਸਾਲ ਦੇ ਲੰਮੇ ਅਰਸੇ ਵਿਚ ਧਰਮ ਅਤੇ ਅਜ਼ਾਦੀ ਦੀਆਂ ਕੂਕਾਂ ਮਾਰ ਮਾਰ ਕੇ ਸੁੰਨੀਆਂ ਭੋਣੀਆਂ ਅੰਦਰ ਗੁਲਾਮੀ ਦੀ ਨੀਂਹਾਂ ਵਿਚ ਘੂਕ ਸੁਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ ਹੁਸ਼ਿਆਰ ਖਬਰਦਾਰ ਰਹਿਣ ਦੀਆਂ ਅਵਾਜ਼ਾਂ ਕੰਨੀਂ ਪਾ ਪਾ ਕੇ ਖੁਦਾਈ ਪਹਿਰੇਦਾਰ ਦੇ ਕਰੜੇ ਫਰਜ਼ ਨੂੰ ਨਿਭਾਇਆ।



Namdhari Elibrary NamdhariElibrary@gmail.com

## ਸ੍ਰ: ਕਪੂਰ ਸਿੰਘ

ਆਈ. ਸੀ. ਐਸ. ਸਾਬਕ ਡਿਪਟੀ ਕਮਿਸ਼ਨਰ

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸਾ ਨਹੀਂ ਹੋਇਆ ਜਿਸਨੇ ਆਪਣੇ ਮਨੋਰਥ ਜੀਵਨ ਦਾ ਨਿਸ਼ਾਨਾ ਇਨਾਂ ਉਚਾ ਤੇ ਹਮਾਗੀਰ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਮਾਜਿਕ ਤੌਰ ਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜੇਹੀ ਗੱਲ ਸੀ।"

## ਮਿਸਟਰ ਮੈਕ ਐਂਡਰੀਉਂ

"ਜਦ ਉਹ ਹਜ਼ਰੋ ਦੇ ਗੁਰੂ ਬਾਲਕ ਸਿਘ ਦਾ ਚੇਲਾ ਬਣਕੇ ਡੇਰੇ ਦਾ ਮਾਲਕ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗੇ। ਉਪਰੰਤ ਉਸ ਨੂੰ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗੇ ਅਤੇ ਹੁਣ ਸਤਿਗੁਰੂ ਸੱਚਾ ਪਾਤਸ਼ਾਹ ਕਹਿ ਕੇ ਸਤਿਕਾਰਦੇ ਹਨ।"



Namdhari Elibrary NamdhariElibrary@gmail.com

## ਸ੍ਰੀਮਾਨ ਗਿਆਨੀ ਕਰਤਾਰ ਸਿੰਘ
**ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ**

ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ ਵਿਚ,
ਸਿੰਘ ਨ ਸੰਭਾਲ ਸਕੇ ਰਾਜ ਸਾਜ ਭਾਰਾ ਸੀ ।
ਭਾਰਾ ਹੈ ਸੀ ਰੋਗ ਸੰਗ ਫੁਟ ਮਾਰੇ ਕੁਟ ਕੁਟ,
ਪੁਟ ਪੁਟ ਬਾਗ਼ ਸਤਲੁਜ ਬੀਚ ਡਾਰਾ ਸੀ ।
ਡਾਰਾ ਸੀ ਗਵਾਂਢੀਆਂ ਨੇ ਜਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ ।
ਸਾਰਾ ਸੀ ਕਰਤਾਰ ਸਿੰਘ, ਕਿਸੇ ਭੀ ਨ ਕਾਜ ਕੋਈ,
ਚੱਲ ਕੇ ਕੁਪੰਥ ਪੰਥ ਰਾਜ ਭਾਗ ਹਾਰਾ ਸਾਰਾ ।

---

ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਆਲਸੇ ਹੋ
ਮਨਮੱਤ ਚੌਦਰੀ ਕੁ ਪੇਚ ਆਏ ਡਾਰਾ ਸੀ ।
ਪੰਥ ਗਾੜ੍ਹੀ ਨੀਂਦ ਸੁੱਤਾ, ਜਾਗ ਨਾ ਸੰਭਾਰਾ ਸੀ,
ਡਾਰਾ ਸੀ ਪ੍ਰਤਾਪ ਆਪ ਰੋੜ ਕਰ ਰੋੜ ਬੀਚ,
ਭਾਰਾ ਸੀ ਬੇਸਾਰਾ ਪੰਥ ਗੁਰੂ ਗ੍ਰੰਥ ਭੁਲੇ ।
ਛਡ ਗੁਰ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ ।
ਚਾਰਾ ਸੀ ਨ ਕੋਈ ਤਦੋਂ ਦਿਸਦਾ ਕਰਤਾਰ ਸਿੰਘ
ਡਾਵਾਂਡੋਲ ਹੋਏ ਰਿਹਾ ਬੇੜਾ ਬੇਸਾਹਾ ਸੀ ।

---

ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤਿ
ਭੈਣੀ ਪਿੰਡ ਬੀਚ ਭਇਉਂ ਭਾਨ ਉਜਿਆਰਾ ਸੀ

---

ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੋਸੇ, ਬੋਲ ਤੋਲ ਭਾਰਾ ਸੀ ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,



Namdhari Elibrary NamdhariElibrary@gmail.com

ਨਾਮ ਦਾ ਬਜਾਇਆ ਸਾਰੇ ਜਗ ਤੇ ਨਗਾਰਾ ਸੀ ।
ਗਾਰਾ ਸੀ ਕਰਤਾਰ ਸਿੰਘ, ਬਾਬੇ ਰਾਮ ਸਿੰਘ ਜੀ ਨੇ
ਕਾਮ ਕ੍ਰੋਧ ਲੋਭ ਮੋਹ ਦੁਸਟ ਹੰਕਾਰਾ ਸੀ,

---

ਟਾਰਾ ਸੀ ਕੁਚਾਲਾ ਤੇ ਖਿਆਲਾਂ ਭੈੜੇ ਗੰਦਿਆਂ ਨੂੰ,
ਬੰਦਿਆਂ ਨੂੰ ਗੁਰਸਿਖੀ ਰਾਸਤਾ ਦਿਖਾਰਾ ਸੀ ।
ਪਿੰਡਾਂ ਵਿਚ ਚੱਕਰ ਲਗਾਇਕੇ ਵਧਾਈ ਸਿੱਖੀ,
ਤਿੱਖੀ ਚਾਲ ਨਾਲ ਮਨਮਤ ਤਾਈ ਗਾਰਾ ਸੀ ।
ਗਾਰਾ ਸੀ ਜੋ ਪਿੰਡ ਵਿਚ ਚੋਰੀ ਯਾਰੀ ਡਾਕਿਆਂ ਦਾ,
ਨਾਮ ਦੀ ਨਦੀ ਚਲਾਦੇ ਸਾਰਾ ਧੋਏ ਡਾਰਾ ਸੀ ।
ਡਾਰਾ ਸੀ ਵਿਹਾਰ ਕਰਤਾਰ ਸਿੰਘ ਸਬਦਾਂ ਦਾ,
ਸੌਂਦਿਆ ਜੀਆਂ ਭੁਲਿਆਂ ਨੂੰ ਤੁਰਤ ਸੁਧਾਰਾ ਸੀ ।

---

ਧਾਰਾ ਸੀ ਚਲਾਈ ਸੋਹਣੀ ਨਾਮ ਦੀ ਫੜਾਈ ਮਾਲਾ,
ਆਹਲਾ ਕਾਮ ਕੀਨਾਂ, ਨਾਮ ਦੇਸ ਮੌਂ ਬਿਥਾਰਾ ਸੀ ।
ਸੈਂਕੜੇ ਸਜਾਇ ਸਿੰਘ ਜਿਥੇ ਜਾਏ ਪੈਰ ਧਰੇ,
ਬੜੇ ਰੋਹਬ ਦਾਬ ਵਾਲਾ ਸੁੰਦਰ ਦੀਦਾਰਾ ਸੀ ।
ਜਿਥੇ ਜਾਏ ਬਹਿੰਦੇ, ਕਹਿੰਦੇ ਨਾਮ ਦੀ ਵਡਾਈ ਭਾਰੀ,
ਨਾਮ ਬਿਨਾਂ ਬਾਬੇ ਜੀ ਨੂੰ ਕੁਝ ਨ ਪਿਆਰਾ ਸੀ ।
ਸਾਰਾ ਸੀ ਇਹ ਭੇਦ ਕਰਤਾਰ ਸਿੰਘ ਉਹਨਾਂ ਕਿਹਾ,
ਜਿਨ੍ਹਾਂ ਆਪ ਬਾਬੇ ਜੀ ਨੂੰ ਨੇਤ੍ਰੀ ਨਿਹਾਰਾ ਸੀ ।

Namdhari Elibrary NamdhariElibrary@gmail.com

## ਸ: ਮੋਤਾ ਸਿੰਘ ਜੀ ਦੇਸ਼ ਭਗਤ

ਬਸੰਤ ਰੁਤ ਦੇ ਅਨੁਪਮ ਚਿਤ੍ਰਾਂ ਨੂੰ ਜ਼ਰਾ ਗਹੁ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਹਿਜ ਹੀ ਸਮਝ ਵਿਚ ਆ ਜਾਵੇਗੀ ਤੇ ਕੁਦਰਤ ਥਾਂ ਥਾਂ ਆਪਣੇ ਸੂਖਮ ਰੂਪ ਵਿਚ ਪ੍ਰਗਟ ਹੋ ਕੇ ਰੂਹਾਨੀ ਤਣਾਵਾਂ ਦੀ ਖਿੱਚ ਨਾਲ ਮਾਨਸਿਕ ਬਿਰਤੀਆਂ ਅੰਦਰ ਅਤੀ ਬਚਿਤ੍ਰ ਚੜਾਉ ਤਰੰਗਾਂ ਅਰ ਉਭਾਰੂ ਉਮੰਗਾਂ ਪੈਦਾ ਕਰਕੇ ਮਨ ਨੂੰ ਰੂਹਾਨੀ ਭੰਘੂੜੇ ਵਿਚ ਬਿਠਾ ਕਈ ਪ੍ਰਕਾਰ ਦੀਆਂ ਲੋਰੀਆਂ ਦਿੰਦੀ ਤੇ ਕਲੋਲ ਕਰਦੀ ਹੈ। ਕੁਦਰਤੀ ਲੋਰੀ ਦਾ ਹੁਲਾਰਾ ਮਨ ਨੂੰ ਕਦੀ ਫੁਲਵਾੜੀ ਦੀਆਂ ਕਲੀਆਂ ਪੁਰ ਬਿਠਾਕੇ ਝੂਟੇ ਦਿੰਦਾ ਹੈ, ਕਦੀ ਬੁਲਬੁਲ ਦੇ ਤਰਾਨਿਆਂ ਨੂੰ ਕੰਨਾਂ ਦੀ ਡੂੰਘੀ ਤਾਰ ਨਾਲ ਜੋੜ ਕੇ ਮਸਤੀ ਦੇ ਸਾਗਰ ਵਿਚ ਮਤਵਾਲਾ ਕਰਦਾ ਹੈ, ਕਦੇ ਸੁਗੰਧੀ ਦੇ ਫੁਹਾਰੇ ਨਾਸਕਾ ਦੀ ਸੂਖਮ ਬਿਰਤੀ ਨਾਲ ਵਸਾਲ ਹਾਸਲ ਕਰਕੇ ਮਨ ਨੂੰ ਵਿਸਮਾਦਕ ਹੁਲਾਰੇ ਦਿੰਦੇ ਹਨ। ਇਸ ਪ੍ਰਕਾਰ ਕੁਦਰਤ ਮਾਨਸਿਕ ਬਿਰਤੀਆਂ ਨਾਲ ਕਲੋਲ ਕਰਦੀ ਇਸ ਬਸੰਤੀ ਰੁਤ ਦੀ ਬਹਾਰ ਹੋਰ ਉਤਾਹਾਂ ਚਾੜ੍ਹ ਕੇ ਗਗਨ ਮੰਡਲ ਅੰਦਰ ਵਿਚਰਨ ਲਈ ਪ੍ਰੇਰਨਾ ਅਰੰਭ ਦਿੰਦੀ ਹੈ। ਇਸ ਪ੍ਰਕਾਰ ਕਈ ਕੁਦਰਤੀ ਰਸਾਂ ਦੇ ਘਰ ਵਿਚ ਅਨੰਦ ਲੈਣ ਵਾਲਾ ਸੁਧ ਮਨ, ਫੇਰ :—"ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ, ਖੇਤ ਜੋ ਮਾਡਿਓ ਸੂਰਮਾ, ਅਬ ਜੂਝਨ ਕੌ ਦਾਉ।" ਦੇ ਡੂੰਘੇ ਭਾਵਾਂ ਨਾਲ ਆਪਣੇ ਆਪ ਨੂੰ ਲੀਨ ਕਰਕੇ, 'ਬੀਰ ਰਸ' ਦੇ ਸਿੰਘਾਸਨ ਪੁਰ ਵਰਾਜਮਾਨ ਹੁੰਦਾ ਹੈ। ਬਸ ਮਨ ਦੀ ਸ਼ੁਧਤਾ ਦੀ ਇਕ ਬੜੀ ਨਿਸ਼ਾਨੀ ਇਹ ਵੀ ਹੈ ਕਿ ਮਨ ਗਗਨ ਮੰਡਲ ਦੀ ਬੀਰ ਰਸ ਵਾਲੀ ਪੱਧਰ ਤੀਕ ਜ਼ਰੂਰ ਪੁਜੇ। ਬੀਰ ਰਸ ਦੇ ਕੁੰਡ ਅੰਦਰ ਅੰਮ੍ਰਿਤ ਪਾਨ ਕਰਨ ਵਾਲੀਆਂ ਸ਼ੁਧ ਰੂਹਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕ ਸੂਰਬੀਰ ਸਿੰਘ ਹੋਏ ਹਨ। ਖੁਦ ਸ੍ਰੀ ਗੁਰੂ ਜੀ ਰੂਹਾਨੀ-ਬਸੰਤ ਦੀ ਰੂਹਾਨੀ ਰੰਗਣ ਅੰਦਰ ਰੰਗੇ ਹੋਣ ਕਰਕੇ ਬਸੰਤ ਦੀ ਮਹਾਨ ਸੁੰਦਰ ਅਤੇ ਅਲੌਕਿਕ ਰੁਤ ਅੰਦਰੋਂ "ਹੋਲੇ" ਦਾ ਮੇਲਾ ਰਚ ਕੇ ਸੰਸਾਰੀਆਂ ਨੂੰ ਬੀਰ ਰਸ ਦੇ ਅੰਮ੍ਰਿਤ ਕੁੰਡ ਵਿਚੋਂ "ਆਬਿ ਹਯਾਤ" ਪਿਲਾਇਆ। ਇਸ ਰੂਹਾਨੀ ਰੁੱਤ ਅੰਦਰ ਪ੍ਰਹਿਲਾਦ ਭਗਤ ਨੇ ਅਤਿਅੰਤ ਦ੍ਰਿੜ੍ਹਤਾ ਦਾ ਸਬੂਤ ਦੇ ਕੇ ਜ਼ੁਲਮ ਤੇ ਹੰਕਾਰ ਦਾ ਵਿਨਾਸ਼ ਕੀਤਾ। ਇਸ ਤਰ੍ਹਾਂ ਹੋਰ ਵੀ ਅਨੇਕ ਵਿਅਕਤੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜਿਨ੍ਹਾਂ ਨੇ ਸੰਸਾਰ ਨੂੰ "ਬਸੰਤੀ ਕੁਦਰਤ" ਦੇ ਅਦਭੁਤ ਹੁਲਾਰਿਆਂ ਦੇ ਉਮਾਹ ਅੰਦਰ ਉਚੇ ਕਟਕੇ ਗਗਨ-ਮੰਡਲ ਅੰਦਰ "ਬੀਰ-ਰਸ" ਦੇ ਪ੍ਰਵਾਹ ਤੀਕ ਪੁੱਜਦੇ ਆਤਮਿਕ ਅਸ਼ਨਾਨ ਕਰਨ ਵਿਚ ਸਹਾਇਤਾ ਦਿੱਤੀ।



Namdhari Elibrary NamdhariElibrary@gmail.com

ਇਨ੍ਹਾਂ ਵਿਅਕਤੀਆਂ ਵਿਚ ਆਮ ਕਰਕੇ ਉਹ ਹਨ, ਜਿਨ੍ਹਾਂ ਦਾ ਸਬੰਧ ਬਸੰਤ-ਕੁਦਰਤ ਨਾਲ ਆਮ ਕਰਕੇ ਹੈ, ਪਰ ਅਜ ਅਸੀਂ ਉਸ ਬਜ਼ੁਰਗ ਵਿਅਕਤੀ ਦਾ ਸੰਖੇਪ ਜਿਆ ਵਰਨਣ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਦਾ ਬਸੰਤੀ ਕੁਦਰਤ ਨਾਲ ਸਿੱਧਾ ਅਤੇ ਖ਼ਾਸ ਸਬੰਧ ਹੈ। ਉਹ ਮਹਾਂ ਉਚ ਵਿਅਕਤੀ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਸੀ।

## ਗੁਰਮੁਖ ਨਿਹਾਲ ਸਿੰਘ

**ਗਵਰਨਰ ਰਾਜਸਥਾਨ**

ਗੁਰੂ ਸਾਹਿਬਾਨ ਦੇ ਮਗਰੋਂ ਵੀ ਬਹੁਤ ਚਿਰ ਤੀਕ ਸਿਖਾਂ ਨੇ ਉਨ੍ਹਾਂ ਦਾ ਦਸਿਆ ਹੋਇਆ ਉੱਚਾ ਆਦਰਸ਼ ਕਾਇਮ ਰਖਿਆ। ਜਿਸ ਵਿੱਚ ਬਹੁਤ ਸਾਰੇ ਸੂਰਬੀਰ ਸਿੱਖਾਂ ਨੇ ਡਾਢੇ ਕਸ਼ਟ ਸਹਿ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿੱਖਾਂ ਦਾ ਇਤਿਹਾਸ ਇੱਕ ਸ਼ਹੀਦੀ ਇਤਿਹਾਸ ਹੈ, ਪਰ ਸਮਾਂ ਗੁਜ਼ਰ ਜਾਣ ਕਰਕੇ ਸਿੱਖਾਂ ਵਿੱਚ ਕੁਰੀਤੀਆਂ, ਕਮਜ਼ੋਰੀਆਂ ਆ ਗਈਆਂ ਸਨ, ਜਿਸ ਕਰਕੇ ਉਹ ਆਪਣੀ ਉੱਚੀ ਧਾਰਮਿਕ ਹਸਤੀ ਗੁਆ ਬੈਠੇ ਅਤੇ ਨਾਲ ਹੀ ਆਪਣਾ ਰਾਜ ਭਾਗ ਵੀ ਖੋ ਬੈਠੇ। 1849 ਵਿਚ ਪੰਜਾਬ ਦਾ ਰਾਜ ਅੰਗਰੇਜ਼ਾਂ ਦੇ ਹੱਥ ਆ ਗਿਆ ਅਤੇ ਸਿੱਖ ਵੀ ਹੋਰਨਾਂ ਹਿੰਦੁਸਤਾਨੀਆਂ ਵਾਂਗ ਪਰਜਾ ਵਿਚ ਸ਼ੁਮਾਰ ਹੋ ਗਏ। ਇਸ ਸਮੇਂ ਸਾਰਿਆਂ ਨਾਲੋਂ ਵਡੀ ਕਮਜ਼ੋਰੀ, ਜਿਹੜੀ ਸਿਖਾਂ ਵਿਚ ਆਈ, ਉਹ ਆਚਰਨ ਦੀ ਕਮਜ਼ੋਰੀ ਸੀ। ਉਹ ਗੁਰਬਾਣੀ ਦੇ ਪਿਆਰ ਤੇ ਅਭਿਆਸ ਦਾ ਘਾਟਾ ਸੀ। ਇਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਹੀ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਚਲਾਈ ਸੀ।



Namdhari Elibrary NamdhariElibrary@gmail.com

## ਕਾਮਰੇਡ ਸੋਹਣ ਸਿੰਘ 'ਜੋਸ਼'

ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਆਚਾਰਕ ਤੌਰ ਤੇ ਬਿਲਕੁਲ ਬੇਹਿਸ ਤੇ ਬੇਹਰਕਤ ਹੋ ਚੁਕਾ ਸੀ, ਅੰਗਰੇਜ਼ਾਂ ਦੀ ਰਾਜਸੀ ਸਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿਚ ਜਕੜ ਲਿਆ ਸੀ। ਸਿਖ ਆਪਣੇ ਗੁਰੂਆਂ ਦੇ ਉਘੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਅਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰਖਿਅਕ ਬਣ ਗਏ ਸਨ।

1848-49 ਵਿਚ ਸਿਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੁਟਲ ਨੀਅਤਾਂ ਤੇਜ਼ਤਰੰਜੀ ਚਾਲਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਰਾਜ ਖੁਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ ਤਲਵਾਰ ਖੋਹੀ ਜਾਣ ਤੇ ਸਿਖ ਸਰਦਾਰਾਂ ਨੇ ਚੁੱਭਾਂ ਮਾਰੀਆਂ ਅਤੇ ਬੇਦਿਲ ਹੋ ਕੇ ਜਿਹੜੇ ਬਚੇ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸਨੇ ਅੰਗਰੇਜ਼ ਰਾਜ ਦੀ ਆਪਣੇ ਬਹਾਦਰ ਸਾਥੀਆਂ ਸਮੇਤ, ਕੋਈ ਈਨ ਤੇ ਗੁਲਾਮੀ ਨਾ ਮੰਨੀ ਅਤੇ ਅੰਤਲੇ ਸੁਆਸਾਂ ਤਕ ਲੜਦਾ ਰਿਹਾ।

1857 ਵਿਚ ਗਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ, ਸਿਖ ਰਾਜ ਨੂੰ ਖੁਸਿਆਂ ਅਜੇ ਸਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰਨ ਦੇ ਜ਼ਖਮ ਅਜੇ ਅੱਲੇ ਸਨ। ਸ਼ਿਕਸ਼ਤ ਖਾ ਜਾਣ ਪਿਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁਤਰਾਂ ਤੇ ਢਾਏ ਸਨ ਉਹ ਅਜੇ ਭੁਲੇ ਨਹੀਂ ਸਨ। ਇਹਨਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗਦਰ ਨੇ ਸੋਹਣਾ ਮੌਕਾ ਮੁਹਈਆ ਕੀਤਾ ਸੀ ਪਰ ਇਸ ਤੋਂ ਫਾਇਦਾ ਨਾ ਉਠਾਇਆ ਗਿਆ। ਲੀਡਰਸ਼ਿਪ ਰਾਜਿਆਂ ਤੇ ਜਗੀਰਦਾਰਾਂ ਦੇ ਹਥ ਵਿਚ ਸੀ। ਉਹਨਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਨਾਲ ਨਹੀਂ। ਉਹਨਾਂ ਨੇ ਗਦਰੀਆਂ ਦੇ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ, ਡਟ ਕੇ ਅੰਗਰੇਜ਼ਾਂ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗੁਲਾਮੀ ਦੇ ਮਜ਼ਬੂਤ ਸ਼ਕੰਜੇ ਵਿਚ ਕਸ ਕੇ ਜਕੜ ਦਿਤਾ। ਇਕੜ ਦੁਕੜ ਪੰਜਾਬੀ ਫੌਜਾਂ ਵਿਚ ਬਗਾਵਤਾਂ ਹੋਈਆਂ। ਬਾਗੀ ਸੂਰਬੀਰਾਂ ਨੂੰ ਬੇਫਿਕਰੀ ਨਾਲ ਗੋਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ ਪਰ ਉਹਨਾਂ ਨੇ ਅਗਲੀਆਂ ਸੰਤਾਨਾਂ



Namdhari Elibrary NamdhariElibrary@gmail.com

ਦੇ ਪੰਜਾਬ ਦੇ ਮਥੇ ਤੇ ਇਤਿਹਾਸ ਵਲੋਂ ਬਿਲਕੁਲ ਹੀ ਕਾਲਖ ਮਲੇ ਜਾਣ ਤੋਂ ਬਚਾ ਲਿਆ।

ਅੰਗਰੇਜ਼ ਹਾਕਮਾ ਨੇ ਆਪਣੀਆਂ ਲਿਖਤਾਂ ਵਿਚ ਬਾਰ ਬਾਰ ਇਹ ਗਲ ਲਿਖੀ ਹੈ ਕਿ ਜੇ ਗਦਰ ਦੇ ਦਿਨਾਂ ਵਿਚ ਅੰਗਰੇਜ਼ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਦਿੱਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂ ਡੋਲ ਹੋ ਚੁਕਾ ਸੀ। ਸਿਖਾਂ ਨੂੰ ਮੁਗਲ ਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿਖਾਂ ਦੇ ਖਿਲਾਫ਼ ਚੁਕ ਕੇ ਅਤੇ ਰਾਜਿਆਂ ਨੂੰ ਹਥਾਂ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗਦਰ ਪਿਛੋਂ ਅੰਗਰੇਜ਼ ਅਫਸਰ ਹੋਰ ਸਾਵਧਾਨ ਹੋ ਗਏ। ਉਹਨਾ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫੌਜ, ਪੁਲਿਸ, ਨੌਕਰਸ਼ਾਹੀ ਅਦਾਲਤਾਂ, ਜੇਲਾਂ ਦਾ ਭਾਰਤ ਵਿਚ ਜਾਲ ਤਾਣ ਦਿਤਾ ਗਿਆ। ਸੀ.ਆਈ.ਡੀ. ਜਾਣੀ ਜਾਸੂਸੀ ਦੇ ਮਹਿਕਮੇ ਨੂੰ ਹੋਰ ਤਕੜਾ ਤੇ ਵਿਸ਼ਾਲ ਕਰ ਲਿਆ ਗਿਆ। ਪੰਜਾਬ ਵਿਚ ਸਦੀਵੀ ਕਰਫਿਊ, ਮਾਰਸ਼ਲ ਲਾਅ ਜੇਹੇ ਕਾਨੂੰਨਾ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖਤਮ ਕਰ ਦਿਤੀਆਂ ਗਈਆਂ। ਆਉਂਦੀ ਜਾਂਦੀ ਡਾਕ ਖੋਲ੍ਹ ਖੋਲ੍ਹ ਕੇ ਪੜੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿੱਚ ਦਖਲ ਨਾ ਦੇਣਾ ਨਹੀਂ ਸੀ ਸਗੋਂ ਦਖਲ ਦੇਣਾ ਸੀ।

ਇਹ ਸਨ ਹਾਲਾਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾਂ ਲਹਿਰ ਦੇ ਸਿਰਫ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਿਕ ਪਹਿਲੂ ਤੇ ਨਹੀਂ। ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਿਕ ਲਹਿਰਾਂ ਹੀ ਵਧ ਫੁਲ ਕੇ ਪਿਛੋਂ ਇਨਕਲਾਬੀ ਰੂਪ ਧਾਰਨ ਕਰ ਲੈਂਦੀਆਂ ਰਹੀਆਂ ਹਨ ਅਤੇ ਨਵੇਂ ਰਾਜ ਪ੍ਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਿਕ ਮੁਹਾਵਰੇ ਸਿਖਿਆ ਅਤੇ ਪ੍ਰਵਚਨਾਂ ਨੂੰ ਸਮਝ ਕੇ ਇਕਠੇ ਤੇ ਜਥੇਬੰਦ ਹੋ ਸਕਦੇ ਹਨ, ਰਾਜਸੀ ਸਿਧਾਂਤਾ ਦੀਆਂ ਗੂੜ ਗਲਾਂ ਰਾਹੀਂ ਨਹੀਂ। ਉਂਜ ਵੀ ਰਾਜਸੀ ਵਿਕਾਸ ਦੀ ਪਧਰ ਅਜੇ ਬੜੀ ਪਛੜੀ ਹੋਈ ਸੀ ਅਤੇ ਧਰਮ ਦਰੜੇ ਫਰੜੇ ਲੋਕਾਂ ਦੀ ਨਜਾਤ ਦਾ ਪੈਗਾਮ ਲੈ ਕੇ ਹੀ ਆਉਂਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁਕੇ ਸਨ। ਉਹਨਾਂ ਨੇ ਸਿਖ ਰਾਜ ਦੀ ਝਲਕ ਮਟਕੇ ਵੇਖੀ ਤੇ ਮਾਣੀ ਸੀ ਅੰਤੇ ਉਹ ਜਥਬੰਦੀ ਦੀ ਸ਼ਕਤੀ ਤੇ ਡਸਿਪਲਨ (ਬੰਧੇਜ) ਦੇ ਗੁਣਾਂ ਨੂੰ ਵੇਖ-ਜਾਣ ਚੁਕੇ ਸਨ। ਇਹੋ ਕਾਰਨ



Namdhari Elibrary NamdhariElibrary@gmail.com

ਹੈ ਕਿ ਉਹਨਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਨ ਵਿਚ ਢਾਲ ਬੰਨ ਲਿਆ ਅਤੇ "ਸਿਰ ਧਰ ਤਲੀ ਗਲੀ ਮੋਰੀ ਆਓ" ਜਾਂ "ਪਹਿਲੋਂ ਮਰਨ ਕਬੂਲ ਕਰ" ਦਾ ਪ੍ਰਣ ਲੈਣ ਵਾਲੇ ਸਿਰ-ਲਥਾਂ ਦੀ ਫੌਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪ੍ਰੋਟੈਸਟੈਂਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਿਕ ਜਾਮਾ ਪਹਿਨ ਕੇ ਆਈਆਂ ਸਨ ਪਰ ਪਿਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਹਨਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ। ਹੋਰ ਤਾਂ ਹੋਰ ਉਹਨਾ ਨੂੰ ਪੰਜਾਬ ਵਿਚ (ਖਾਸ ਕਰ) ਆਪਣੇ ਅਨਿੰਨ ਵਫਾਦਾਰ ਭਗਤਾਂ ਉਤੇ ਵੀ ਗੈਰ ਵਫਾਦਾਰ ਹੋਣ ਦਾ ਸ਼ਕ ਰਹਿੰਦਾ ਸੀ ਕਿਉਂਕਿ ਉਹਨਾਂ ਨੂੰ ਸ਼ਕ ਸੀ ਕਿ ਇਹਨਾਂ ਨੂੰ ਆਪਣਾ ਸਿਖ ਰਾਜ ਭੁਲਣ ਨਹੀਂ ਲਗਾ। ਇਹਨਾਂ ਨੂੰ ਮੁੜ ਆਪਣਾ ਰਾਜ ਬਹਾਲ ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਿਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਾਸੂਸ ਘੁਸੇੜੋ! ਉਸਦੀਆਂ ਖੁਫੀਆ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤ ਉਸ ਚੋਂ ਰਤਾ ਮਾਸਾ ਵੀ ਗੈਰ ਵਫਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ-ਪੁੰਜ ਜਥੇਬੰਦੀ ਬਣਾਦੀ ਉਸ ਦੇ ਤਿੰਨ ਅੰਗ ਰਾਜਸੀ ਤੌਰ ਤੇ ਖਾਸ ਧਿਆਨ ਯੋਗ ਹਨ :

1. ਪੰਜਾਬ ਨੂੰ ਜਥਬੰਦ ਕਰਨ ਲਈ ਸੂਬਿਆਂ ਦੀ ਕਾਇਮੀ।
2. ਆਤਮ ਨਿਰਭਰਤਾ ਦਾ ਪ੍ਰੋਗਰਾਮ।
3. ਸਤਿਗੁਰੂ, ਨਾਮਧਾਰੀ ਸਿਖਾਂ ਵਲੋਂ, ਸ਼ਬਦ 'ਪਾਤਸ਼ਾਹ' ਨਾਲ ਜੋੜ ਦੇਣਾ।

ਉਤੇ ਦਸੇ ਕਾਰਨਾਂ ਕਰਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਹਨਾਂ ਦੀਆਂ ਅਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿਖਾਂ ਦੀ ਜਥੇਬੰਦੀ ਦਾ ਕੰਮ ਅਰੰਭ ਕਰ ਦਿਤਾ ਅਤੇ ਦੋਹ-ਤਿੰਨਾਂ ਸਾਲਾਂ ਵਿਚ ਲਖਾਂ ਸਿਰ ਲਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿਤੇ। ਸੂਬਿਆਂ ਨੇ ਉਹ ਚਮਤਕਾਰ ਵਿਖਾਇਆ ਕਿ ਬ੍ਰਿਟਿਸ਼ ਹਾਕਮ ਉਹਨਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਪਰੇਸ਼ਾਨ ਹੋ ਗਏ। ਉਹ ਨਾਮਧਾਰੀ ਸੂਬਿਆਂ ਅਤੇ ਸਿਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵਡਾ ਖਤਰਾ ਮਹਿਸੂਸ ਕਰਨ ਤੇ ਸਮਝਣ ਲਗ ਪਏ। ਆਪਣੇ ਗੁਰੂ ਦੇ ਸੱਦੇ ਤੇ ਇਹ ਸਿਖ ਕਿਸੇ ਵੇਲੇ ਵੀ ਸਿਰ ਦੇਣੇ ਲਈ ਤਿਆਰ ਸੰਨ।



Namdhari Elibrary NamdhariElibrary@gmail.com

ਆਤਮ ਨਿਰਭਰਤਾ ਦਾ ਪਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸਤੀਂ ਕਪੜੀਂ ਅੱਗ ਲਾਉਣ ਵਾਲਾ ਸੀ। ਨਾਮਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ। ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ, ਆਪਣੇ ਬਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ, ਸਰਕਾਰੀ ਡਾਕਖਾਨਿਆਂ ਤੇ ਤਾਰ ਘਰਾਂ ਨੂੰ ਵਰਤਣਾਂ ਛਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ ਨਿਰਭਰਤਾ ਦਾ ਪਰੋਗਰਾਮ ਅੰਗਰੇਜ਼ਾਂ ਦੀ ਰਾਜ ਮਸ਼ੀਨਰੀ ਨੂੰ ਚੈਲੰਜ ਸੀ। ਇਹ ਪਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿਖ ਅੰਗਰੇਜ਼ਾਂ ਦੇ ਗੁਲਾਮੀ ਪ੍ਰਬੰਧ ਤੋਂ ਬਗੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਹਨ। ਚਿਠੀ ਪਤਰ ਦਾ ਆਪਣਾ ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖੁਫੀਆ ਕਾਰਵਾਈਆਂ ਤੋਂ ਜਾਣੂੰ ਨਾ ਹੋਣ ਦਿਤਾ ਜਾਵੇ। ਇਹ ਇਕ ਤਰ੍ਹਾਂ ਨਾਲ ਅੰਗਰੇਜ਼ ਰਾਜ ਨਾ-ਮਿਲਵਰਤਣ ਕਰਨ ਦੀ ਖੁਲੀ ਵਿਉਂਤ ਸੀ ਜਿਹੜੀ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਤੋਂ ਵਧ ਜਾਂ ਘਟ ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ "ਸਤਿਗੁਰੂ ਪਾਤਸ਼ਾਹ" ਸੀ। ਅੰਗਰੇਜ਼ ਦੇ ਸ਼ਬਦ ਕੋਸ਼ ਵਿਚ ਪਾਤਸ਼ਾਹ ਦਾ ਅਰਥ ਸੀ ਮਹਾਰਾਣੀ ਵਿਕਟੋਰੀਆ ਜਾਂ ਉਸਦੇ ਖਾਨਦਾਨ ਵਿਚੋਂ ਹੋਰ ਕੋਈ ਕਿੰਗ ਐਡਵਰਡ ਵਗੈਰਾ। ਗੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਰਾਜ ਵਿਰੁਧ ਬਗਾਵਤ ਕਰਨ ਦੇ ਸਮਰਥਕ ਗਰਦਾਨਿਆ ਜਾਂਦਾ ਸੀ।

ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ "ਪਾਤਸ਼ਾਹ" ਦਾ ਸ਼ਬਦ ਜੋੜਨਾ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਕੂਕਾ ਤਹਿਰੀਕ ਨੂੰ ਬਾਗੀ ਠਹਿਰਾਂਦਾ ਸੀ। ਅੰਗਰੇਜ਼ ਹਾਕਮ ਇਹ ਸਮਝਣ ਦੀ ਸਮਰਥਾ ਨਹੀਂ ਸਨ ਰਖਦੇ ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿਖਾਂ ਦੇ ਦਿਲਾਂ ਵਿਚ ਰੂਹਾਨੀ ਪਾਤਸ਼ਾਹ ਹਨ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪਰੋਗਰਾਮ ਨੂੰ ਆਪਣੀ ਸਰਕਾਰ ਦੇ ਖਿਲਾਫ ਇਕ ਸਮਾਨੰਤਰ (ਪੈਰਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਗੀਆਂ ਵਾਲਾ ਸਲੂਕ ਕੀਤਾ। ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰਖਣ ਦੇ ਸੁਪਨੇ ਲੈ ਰਹੇ ਸਨ। ਉਹ ਪੰਜਾਬ ਵਿਚ ਹੋਰਥੇ ਕੋਈ ਤਹਿਰੀਕ ਨਹੀਂ ਸੀ ਉਠਣ ਦੇਣਾ ਚਾਹੁੰਦੇ। ਜਿਹੜੀ ਕਲ ਜਾਂ ਪਰਸੋਂ ਨੂੰ ਉਨ੍ਹਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ। ਉਹਨਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿਕੀ ਨਿਕੀ ਗਲ ਦੀ ਰੀਪੋਰਟ ਦਿੰਦੇ ਸਨ। ਸਿਖਾਂ ਦਾ ਰਾਜ ਖੋਹਣ ਤੇ ਉਨਾਂ ਨਾਲ ਦਗਾ ਕਰਨ ਕਰਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿਖਾਂ ਤੋਂ ਵਡਾ ਖਤਰਾ



Namdhari Elibrary NamdhariElibrary@gmail.com

ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇਬੰਦਕ ਕਾਰਵਾਈਆਂ ਅਤੇ ਨਾਮਧਾਰੀ ਸੰਸਥਾ ਦੇ ਨਾ ਮਿਲਵਰਤਨੀ ਪਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿਤਾ ਅਤੇ ਉਹਨਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰਸੇ ਪੈੜੇ ਵੱਟਣੇ ਸ਼ੁਰੂ ਕਰ ਦਿਤੇ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖਤਰਨਾਕ ਖਬਰਾਂ ਹੋਰ ਮਿਲੀਆਂ ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਹਨ ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਹਨ। ਦੂਜੇ ਇਹ ਕਿ ਉਹ ਜ਼ਾਰ ਰੂਸ ਨਾਲ ਆਂਢਾ ਸਾਂਢਾ ਕਰ ਰਹੇ ਹਨ। ਖੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪ੍ਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਖਤਰਾ ਹੈ। ਰੂਸ ਦਾ ਜ਼ਾਰ ਬੜਾ ਖੂੰਖਾਰ ਤੇ ਜ਼ਾਲਮ ਬਾਦਸ਼ਾਹ ਹੈ। ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ। ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗੈਰਾ ਵਗੈਰਾ। ਇਸ ਲਈ ਮਲੇਛ ਫਰੰਗੀਆਂ ਦੇ ਹਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ। ਉਹ ਇਸ ਤਹਿਰੀਕ ਤੇ ਵਾਰ ਕਰਨ ਲਈ ਤਿਆਰੀਆਂ ਹੀ ਕਰ ਰਹੇ ਸਨ ਜਦੋਂ ਅੰਮ੍ਰਿਤਸਰ ਅਤੇ ਰਾਏਕੋਟ ਵਿਚ ਨਾਮਧਾਰੀਆਂ ਵਲੋਂ ਬੁਚੜਾਂ ਦੇ ਕਤਲ ਕੀਤੇ ਜਾਣ ਨੇ ਉਹਨਾਂ ਨੂੰ ਵਾਰ ਕਰਨ ਦਾ ਮੌਕਾ ਮੁਹਈਆ ਕਰ ਦਿਤਾ।

ਇਸ ਲਈ ਬ੍ਰਿਟਿਸ਼ ਹਾਕਮਾਂ ਵਲੋਂ ਕੂਕਾ ਲਹਿਰ ਤੇ ਵਾਰ ਕਰਨ ਦਾ ਅਸਲ ਕਾਰਨ ਨਾਮਧਾਰੀਆਂ ਦੀ ਵਧ ਰਹੀ ਸ਼ਕਤੀ ਅਤੇ ਜਥੇਬੰਦਕ ਡਸਿਪਲਨ ਸੀ। ਕੂਕੇ ਥੋੜ੍ਹੇ ਸਾਲਾਂ ਵਿਚ ਹੀ ਲਖਾਂ ਦੀ ਗਿਣਤੀ ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਸਨ। ਉਨਾਂ ਦਾ ਗੁਰੂ ਗਰੀਬ ਸ਼੍ਰੇਣੀ ਵਿਚ ਪੈਦਾ ਹੋਇਆ ਸੀ ਅਤੇ ਗਰੀਬ ਤੇ ਦਲਿਤ ਸ਼੍ਰੇਣੀਆਂ ਦੀ ਰੂਹਾਨੀ ਤੇ ਰਾਜਸੀ ਆਜ਼ਾਦੀ ਦਾ ਪੈਗਾਮ ਲੈ ਕੇ ਆਇਆ ਸੀ। ਉਸਦੇ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਨ ਦੇ ਪਰੋਗਰਾਮ ਨੇ ਆਮ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਦੀ ਆਜ਼ਾਦੀ ਨੂੰ ਮੁੜ ਬਹਾਲ ਕਰਨ ਦੇ ਜਜ਼ਬੇ ਉਭਾਰੇ ਸਨ। ਪੰਜਾਬੀ ਗੈਰਤ ਤੇ ਅਣਖ ਨੂੰ ਪੈਰਾਂ ਤੇ ਖਲੌਣ ਲਈ ਟੁੰਬਿਆ ਸੀ ਅਤੇ ਪੰਜਾਬ ਦੇ ਲੋਕਾਂ ਅੰਦਰ ਇਕ ਨਵੀਂ ਅਣਖੀਲੀ ਮਰਦਾਨਗੀ ਦੀ ਰੂਹ ਭਰ ਦਿਤੀ। ਜਿਸ ਦੇ ਕਾਰਨ ਨਾਮਧਾਰੀ ਸ਼ੇਰ ਹਥੇਲੀਆਂ ਤੇ ਸਿਰ ਰਖ ਕੇ ਅੰਗਰੇਜ਼ ਰਾਜ ਦੇ ਖਿਲਾਫ ਜੂਝਣ ਲਈ ਸੀਨਾ ਤਾਣ ਕੇ ਖਲੋ ਗਏ ਸਨ।

ਅਤੇ ਅੰਗਰੇਜ਼ ਅਫਸਰਾਂ ਦੀਆਂ ਖੁਫੀਆ ਰਿਪੋਰਟਾਂ ਉਤਲੀ ਸਥਿਤੀ ਦੀ ਤਸਦੀਕ ਕਰਦੀਆਂ ਹਨ। ਉਹ ਸਾਫ ਸ਼ਬਦਾਂ ਵਿਚ ਕਹਿੰਦੀਆਂ ਹਨ ਕਿ "ਇਹ ਲਹਿਰ ਰਾਜਸੀ ਹੈ। ਖਾਲਸ ਧਾਰਮਕ ਨਹੀਂ।" ਗੁਰੂ ਰਾਮ ਸਿੰਘ ਇਕ ਐਸੀ ਸੰਸਥਾ ਦਾ ਆਗੂ ਹੈ ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ ਰਾਜ ਦਾ ਦੁਸ਼ਮਣ ਮਹਿਸੂਸ ਕਰਦੇ ਸਨ। ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ



Namdhari Elibrary NamdhariElibrary@gmail.com

ਹੈ। ਜੇ ਇਸ ਤਹਿਰੀਕ ਦੇ ਛੇਤੀ ਤੋਂ ਛੇਤੀ ਮੌਕੂ ਬਨਣ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਫਸਾਦ ਅਤੇ ਬੁਰਿਆਈ ਦੀ ਬੁਨਿਆਦਾਂ ਤੇ ਖੜੀ ਕੀਤੀ ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਬੜੇ ਖਤਰਿਆਂ ਤੇ ਤੋੜ ਫੋੜਨ ਘਟਨਾਵਾਂ ਦੀ ਜਨਮ ਦਾਤਾ ਬਣ ਸਕਦੀ ਹੈ।"

ਅੰਗਰੇਜ਼ ਅਫਸਰ ਅਸਲ ਵਿਚ ਕੋਈ ਬਹਾਨਾ ਲਭਦੇ ਸਨ, ਜਿਸ ਨੂੰ ਵਰਤ ਕੇ ਇਸ ਲਹਿਰ ਨੂੰ ਰਾਜ ਮਸ਼ੀਨਰੀ ਦੇ ਇਹੋ ਜਹੇ ਬੇਫਿਕਰ, ਵਹਿਸ਼ੀਆਨਾ ਭਰਪੂਰ ਤਸ਼ਦਦ ਨਾਲ ਕੁਚਲ ਦਿਤਾ ਜਾਏ। ਜੇਹੋ ਜਿਹਾ ਕਿ ਉਹਨਾਂ ਨੇ 1857 ਦੇ ਗਦਰੀਆਂ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਸੀ। ਰਾਏਕੋਟ ਦੇ ਬੁਰਜ਼ਾਂ ਦੇ ਕਤਲ ਨੇ ਅੰਗਰੇਜ਼ ਹਾਕਮਾਂ ਨੂੰ ਉਹ ਬਹਾਨਾ ਮੁਹਈਆ ਕਰ ਦਿਤਾ ਅਤੇ ਜਿਸ ਖੂੰਖਾਰ ਦਰਿੰਦਗੀ ਦਾ ਮੁਜ਼ਾਹਰਾ ਉਨਾਂ ਮਲੇਰਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਕੀਤਾ—ਉਸ ਦੀ ਮਿਸਾਲ ਗਦਰ ਦੇ ਦੌਰਾਨ ਕੀਤੇ ਗਏ ਜ਼ੁਲਮਾਂ ਵਿਚੋਂ ਹੀ ਮਿਲਦੀ ਹੈ। ਹੋਰ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ।

ਅੰਗਰੇਜ਼ ਹਾਕਮਾਂ ਦਾ ਮਕਸਦ ਇਸ ਵੇਲੇ ਸਿਰਫ ਕੂਕਾ ਲਹਿਰ ਨੂੰ ਜੜਾਂ ਤੋਂ ਪੁਟਣਾ ਨਹੀਂ ਸੀ—ਇਹ ਵੀ ਸੀ ਕਿ ਪੰਜਾਬ ਵਿਚ ਅਗੋਂ ਸਰਕਾਰ ਵਿਰੋਧੀ ਕੋਈ ਵੀ ਤਹਿਰੀਕ ਨਾ ਸਿਰ ਉਠਾ ਸਕੇ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਦੇ ਏਹ ਜਹੇ ਮਕਸਦ ਨਾ ਕਦੇ ਪਿਛੇ ਸਫਲ ਹੋਏ ਹਨ ਅਤੇ ਨਾ ਕਦੇ ਅਗੋਂ ਹੋਣਗੇ। ਸਰਕਾਰਾਂ ਨੇ ਬੰਦੂਕਾਂ ਤੋਪਾਂ ਦੇ ਭਰੋਸੇ ਜਨਤਾ ਦੇ ਜਥੇਬੰਦਕ ਸੰਗਰਾਮਾਂ ਨੂੰ ਹਮੇਸ਼ਾਂ ਘਟ ਤੋਲਿਆ ਹੈ ਅਤੇ ਇਸ ਗਲਤੀ ਦਾ ਮੁਲ ਆਪਣੇ ਬਿਸਤਰੇ ਗੋਲ ਕਰਨ ਵਿਚ ਤਾਰਿਆ ਹੈ।

ਕੂਕਾ ਲਹਿਰ ਵਕਤੀ ਤੌਰ ਤੇ ਕੁਚਲ ਦਿਤੀ ਗਈ ਪਰ ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹ ਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪਰੇਰਨਾਸ਼ੀਲ ਚਿਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖ਼ਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੁਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ। ਇਹ ਹੈ ਕੂਕਾ ਬਗਾਵਤ ਦੀ ਇਤਿਹਾਸਕ ਮਹਾਨਤਾ। ਗਦਰ ਦੇ ਕੁਚਲੇ ਜਾਣ ਪਿਛੋਂ ਇਹ ਪਹਿਲੀ ਤਹਿਰੀਕ ਸੀ ਜਿਹੜੀ ਦੇਸ਼ ਦੀ ਆਜ਼ਾਦੀ ਲਈ ਉਠੀ।

ਵੱਡੇ ਆਦਮੀ ਇਕ ਫਿਰਕੇ ਜਾਂ ਕੌਮ ਦੇ ਨਹੀਂ। ਉਹ ਸਭ ਫਿਰਕਿਆਂ, ਸਭ ਕੌਮਾਂ ਦੇ ਸਾਂਝੇ ਹੁੰਦੇ ਹਨ। ਉਹਨਾਂ ਦੇ ਮੁਖਵਾਕ ਸਭ ਲੋਕਾਂ ਦੀ ਸਾਂਝੀ ਪੂੰਜੀ ਹੁੰਦੇ ਹਨ ਅਤੇ ਹਰ ਇਕ ਆਦਮੀ, ਫਿਰਕਾ, ਨਸਲ, ਕੌਮ ਅਤੇ ਰੰਗ ਉਹਨਾਂ ਦੇ ਉੱਚ-ਖਿਆਲਾਂ ਤੋਂ ਲਾਭ ਉਠਾ ਸਕਦਾ ਹੈ। ਬਜ਼ੁਰਗਾਂ ਦੇ ਸ਼ੁਭ ਬਚਨ ਮੁਲਕ ਅਤੇ ਵਕਤ ਦੀ-ਕੈਦ ਤੋਂ



Namdhari Elibrary NamdhariElibrary@gmail.com

ਉਚੇ ਹੁੰਦੇ ਹਨ, ਤੰਗ ਖਿਆਲੀ ਕਰਕੇ, ਜਾਂ ਕਟੜ-ਪੰਥੀ ਹੋਣ ਕਰਕੇ ਉਹਨਾਂ ਤੋਂ ਜੇ ਕੋਈ ਆਦਮੀ ਲਾਭ ਨਹੀਂ ਉਠਾਂਦਾ ਤਾਂ ਉਸ ਆਦਮੀ ਦਾ ਕਸੂਰ ਹੈ। ਸ਼ੁਭ ਬਚਨਾਂ ਦਾ ਕਸੂਰ ਨਹੀਂ, ਉਹ ਤਾਂ ਹਰ ਵੇਲੇ ਹਨੇਰੇ ਰਾਹ ਨੂੰ ਚਾਨਣਾ ਕਰਨ ਲਈ ਉਡੀਕ ਰਹੇ ਹਨ ।

ਏਹੋ ਜੇਹੇ ਬਜ਼ੁਰਗਾਂ ਵਿਚੋਂ ਬਾਬਾ ਰਾਮ ਸਿੰਘ ਜੀ ਅਦੁਤੀ ਪੁਰਸ਼ ਸਨ। ਉਹਨਾਂ ਨੇ ਗਰੀਬਾਂ ਦੀ ਰੱਖਿਆ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਜਿਥੇ ਵੀ ਜ਼ੁਲਮ ਹੁੰਦਾ ਜ਼ੁਲਮ ਦੇ ਵਿਰੁਧ ਡਟਕੇ ਖਲੋ ਜਾਂਦੇ ਸਨ। ਜ਼ੁਲਮ ਹੁੰਦਾ ਵੇਖਕੇ ਉਹ ਜਰ ਨਹੀਂ ਸਕਦੇ ਸਨ। ਉਹ ਸੰਸਾਰ ਵਿਚ ਠੰਢ ਵਰਤਾਉਣਾ ਚਾਹੁੰਦੇ ਹਨ ਜੇਹੜਾ ਕਿ ਭਰੱਪਣਾ ਅਤੇ ਏਕਤਾ ਤੇ ਉਸਰਿਆ ਹੋਵੇ। ਨਾਮਧਾਰੀ ਪੰਥ ਅਜ ਕੁਰਬਾਨੀ, ਸਾਦਗੀ ਅਤੇ ਭਰੱਪਣ ਦਾ ਨਮੂਨਾ ਹੈ। ਸਭ ਦਸਾਂ ਨਹੁੰਆਂ ਦੀ ਕਮਾਈ ਕਰਦੇ ਹਨ ਅਤੇ ਸ਼ਭ ਵੰਡ ਛਕਦੇ ਹਨ। ਸਭਨਾਂ ਦੀ ਸ਼ਰਧਾ ਪ੍ਰੇਮ ਵੇਖਕੇ ਸਿਰ ਝੁਕ ਜਾਂਦਾ ਹੈ।



Namdhari Elibrary NamdhariElibrary@gmail.com

## ਸੂ: ਹੀਰਾ ਸਿੰਘ ਦਰਦ

1839 ਈ: ਵਿਚ ਮਹਾਰਾਜ ਰਣਜੀਤ ਸਿੰਘ ਜੀ ਚਲਾਣਾ ਕਰ ਗਏ। ਆਪਦੇ ਅਖਾਂ ਮੀਟਦਿਆਂ ਹੀ ਪੰਜਾਬ ਦਾ ਸਿੱਖ-ਰਾਜ ਢਹਿਦੀਆਂ ਕਲਾਂ ਵਲ ਤੁਰ ਪਿਆ। ਇਸ ਦੇ ਕਾਰਨ ਸਿੱਖ ਰਾਜ ਦੀਆਂ ਅੰਦਰੂਨੀ ਕਮਜ਼ੋਰੀਆਂ ਤੋਂ ਬਿਨਾਂ ਇੰਗਲੈਂਡ ਦੀ ਈਸਟ ਇੰਡੀਆ ਕੰਪਨੀ ਦੀਆਂ ਲਾਲਚ ਭਰੀਆਂ ਨਜ਼ਰਾਂ ਤੇ ਡੂੰਗੀਆਂ ਚਾਲਾਂ ਵੀ ਸਨ। ਜਿਸ ਦੀਆਂ ਛਾਵਨੀਆਂ ਪੰਜਾਬ ਦੀ ਸਰਹੱਦ ਤੇ ਲੁਧਿਆਣੇ ਵਿਚ ਪਈਆਂ ਹੋਈਆਂ ਸਨ। ਮਸਾਂ ਦਸ ਕੁ ਸਾਲ ਦੇ ਸਮੇਂ ਵਿਚ ਹੀ ਪੰਜਾਬ ਗੁਲਾਮ ਹੋਇਆ। ਅੰਗਰੇਜੀ ਰਾਜ ਅਸਥਾਪਨ ਹੋ ਗਿਆ। ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰਾਂ ਜਿਲਾ ਵਤਨ ਕਰ ਦਿਤੇ ਗਏ। ਗੱਦਾਰਾਂ ਨੂੰ ਜਗੀਰਾਂ ਤੇ ਅਹੁਦਿਆਂ ਨਾਲ ਮਾਲਾ ਮਾਲ ਕੀਤਾ ਗਿਆ। ਆਪਣਿਆਂ ਦੀਆਂ ਗਦਾਰੀਆਂ ਬੇਈ-ਮਾਨੀਆਂ ਤੇ ਮਿਤਰ ਧ੍ਰੋਹੀਆਂ ਨੇ ਪੰਜਾਬੀਆਂ ਦੇ ਦਿਲ ਤੋੜ ਦਿਤੇ। ਗਿਰਾਵਟ ਵਧਦੀ ਹੀ ਗਈ। ਰਾਜ ਦੇ ਚਲੇ ਜਾਣ ਦੇ ਨਾਲ ਹੀ ਧਰਮ ਤੇ ਇਖਲਾਕ ਵੀ ਰੁੜ੍ਹ ਚਲਿਆ ਦਿਸਦਾ ਸੀ।

ਸ਼ਰਾਬ ਦਾ ਦੌਰ ਦੌਰਾ ਸੀ। ਸਿਖ ਧਰਮ ਅਸਥਾਨ ਵੀ ਅੰਗਰੇਜ਼ੀ ਦੀਆਂ ਏਜੰਸੀਆਂ ਬਣ ਗਈਆਂ ਸਨ। ਰਸਮਾਂ ਉਪਰ ਖੂਬ ਜ਼ੋਰ ਦਿਤਾ ਜਾਂਦਾ ਸੀ। ਪਰ ਧਰਮ ਪ੍ਰਚਾਰ ਤੇ ਉੱਚ ਇਖਲਾਕ ਦਾ ਕੋਈ ਧਿਆਨ ਨਹੀਂ ਸੀ ਇਹ ਹਾਲਤ ਵੇਖਕੇ ਧਰਮੀ ਲੋਕ ਰੱਤ ਦੇ ਹੰਝੂ ਰੋ ਰਹੇ ਸਨ। ਠੀਕ ਇਸ ਨਿਰਾਸਤਾ ਦੀ ਹਨੇਰੀ ਰਾਤ ਵਿਚ ਮਹਾਰਾਜ ਰਣਜੀਤ ਸਿੰਘ ਦੇ ਚਲਾਣੇ ਤੋਂ 20 ਕੁ ਸਾਲ ਮਗਰੋਂ ਇੱਕ ਆਸ਼ਾ ਦੀ ਕਿਰਣ ਲਿਸ਼ਕੀ। ਇਹ ਆਸ਼ਾ ਦੀ ਕਿਰਣ ਸ੍ਰੀ ਬਾਬਾ ਰਾਮ ਸਿੰਘ ਜੀ ਸਨ। ਆਪ ਨੇ ਜਦੋਂ ਆਪਣੇ ਦੇਸ਼ ਦੀ ਗੁਲਾਮੀ ਵਿਚ ਆਪਣੇ ਵੀਰਾਂ ਦੀ ਬੇਇਜ਼ਤੀ ਹੁੰਦੀ ਵੇਖੀ ਗੁਰ ਧਾਮਾਂ ਵਿਚ ਧਰਮ ਦੇ ਨਾਂ ਤੇ ਪਾਖੰਡ ਦਾ ਵਰਤਾਰਾ ਵੇਖਿਆ ਤਾਂ ਆਪ ਬਰਦਾਸ਼ਤ ਨਾ ਕਰ ਸਕੇ। ਆਪ ਸਵੈਮਾਨ, ਆਜ਼ਾਦੀ, ਧਰਮ ਅਤੇ ਇਖਲਾਕ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਸਨ। ਆਪ ਬੜੇ ਵਿਦਵਾਨ ਤੇ ਨੀਤੀਵਾਨ ਵੀ ਸਨ। ਆਪਣੇ ਨਵੇਂ ਸਿਰੇ ਸਿਖਾਂ ਵਿਚ ਪਵਿਤ੍ਰਤਾ ਲਿਆਕੇ ਇਨ੍ਹਾਂ ਨੂੰ ਜਥੇ ਬੰਦ ਕਰਨਾ ਸ਼ੁਰੂ ਕਰ ਦਿਤਾ। ਸ਼ਰਾਬ ਪੀਣੀ ਉੱਕੀ ਬੰਦ ਕਰ ਦਿਤੀ, ਬਾਣੀ ਦਾ ਪਾਠ ਕਰਨਾ, ਸਾਦਾ ਖੁਰਾਕ ਖਾਣੀ, ਸੁਛ ਰਹਿਣੀ ਰੱਖਣੀ, ਭਰਾਵਾਂ ਨਾਲ ਪਿਆਰ ਰੱਖਣਾਂ, ਦੁਖੀ ਮਜ਼ਲੂਮ ਦੀ ਸਹਾਇਤਾ ਕਰਨੀ, ਮੁਕਦਮੇ ਨਹੀਂ ਕਰਨੇ, ਅੰਗਰੇਜੀ ਅਦਾਲਤਾਂ ਵਿਚ ਨਹੀਂ ਜਾਣਾ, ਖਦ੍



Namdhari Elibrary NamdhariElibrary@gmail.com

ਪਹਿਨਣਾਂ, ਜੋੜ ਮੇਲੇ ਕਰਨੇ, ਆਦਿਕ ਨੇਮ ਬਣਾ ਦਿਤੇ। ਪੰਜਾਬ ਨੂੰ ਬਾਰਾਂ ਸੂਬਿਆਂ ਵਿਚ ਵੰਡਕੇ ਜਥੇਬੰਦੀ ਕਾਇਮ ਕਰ ਦਿਤੀ। ਸਿਖ ਰਾਜ ਦੇ ਖੋਹੇ ਜਾਣ ਅਤੇ ਗੁਲਾਮੀ ਵਿਚ ਹੋ ਰਹੀ ਨਿਰਾਦਰੀ ਦੇ ਦੁਖ ਹਰ ਇਕ ਸਿਖ ਹਿਰਦਾ ਅਨੁਭਵ ਕਰ ਰਿਹਾ ਸੀ। ਕੇਵਲ ਆਗੂ ਦੀ ਲੋੜ ਸੀ। ਸ੍ਰੀ ਬਾਬਾ ਰਾਮ ਸਿੰਘ ਜੀ ਵਿਚ ਉਸ ਵੇਲੇ ਸਿਖ ਜਨਤਾ ਨੇ ਇਸ ਦੁਖ ਤੋਂ ਛੁਟਕਾਰਾ ਕਰਨ ਵਾਲੀ ਅਗਵਾਈ ਨੂੰ ਵੇਖਿਆ ਤੇ ਉਹ ਵਹੀਰਾਂ ਪਾ ਕੇ ਆਪ ਦੇ ਮਗਰ ਤੁਰ ਪਏ।

## ਗਿਆਨੀ ਰਾਜਿੰਦਰ ਸਿੰਘ ਜੀ

ਵਡਿਆਂ ਤੋਂ ਸੁਣਿਆ ਹੈ, ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਪਿੰਡ ਪਿੰਡ ਪਹੁੰਚ ਕੇ ਚਿਰਾਂ ਤੋਂ ਬੰਦ ਪਏ ਗੁਰਦੁਆਰਿਆਂ ਨੂੰ ਖੋਲ੍ਹਿਆ। ਉਹਨਾਂ ਵਿਚੋਂ ਕਈਆਂ ਦੇ ਛਤਾਂ ਵਿਚ ਮਘੋਰਚੇ ਹੋਏ ਹੋਏ ਸਨ, ਅਰ ਕਈ ਕਈ ਸਾਉਣ ਮਹਾਰਾਜ ਦੀ ਪਵਿੱਤਰ ਦੇਹ ਉਤੇ ਵਸ ਚੁਕੇ ਸਨ। ਕਈ ਥਾਈਂ ਸਿਉਂਕ ਨੇ ਪੂਰੀ ਪੂਰੀ ਦੀਦਾ ਦਲੇਰੀ ਤੋਂ ਕੰਮ ਲਿਆ ਹੋਇਆ ਸੀ। ਆਪ ਨੇ ਉਹਨਾਂ ਹੀ ਗੁਰਦੁਆਰਿਆਂ ਦੇ ਸਾਥੀ ਸਿੰਘਾਂ ਦੀ ਮਦਦ ਨਾਲ ਮੁਰੰਮਤ ਕੀਤੀ ਤੇ ਫੇਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਪ੍ਰਕਾਸ਼ਤ ਕੀਤੇ ਕਿਹਾ ਜਾਂਦਾ ਹੈ, ਕਿ ਕਈ ਥਾਈਂ ਆਪ ਜੀ ਦੀਆਂ ਇਨ੍ਹਾਂ ਸਰਗਰਮੀਆਂ ਦੀ ਵਿਰੋਧਤਾ ਵੀ ਹੋਈ, ਪਰ ਆਪਦੇ ਪ੍ਰੇਮ ਤੇ ਨਿਮ੍ਰਤਾ ਭਰੇ ਸਲੂਕ ਦੀ ਸਦਾ ਜਿਤ ਹੁੰਦੀ ਰਹੀ।

## ਐਸ. ਐਸ. ਲਾਹੌਰਾ ਸਿੰਘ

**ਸਕੱਤਰ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ**

ਇਹ ਗਲ ਅਸੀਂ ਡੰਕੇ ਦੀ ਚੋਟ ਨਾਲ ਆਖਣ ਨੂੰ ਤਿਆਰ ਹਾਂ, ਕਿ ਗੁਰਸਿਖੀ ਦਾ ਨਮੂਨਾ, ਸਿਦਕ ਦਾ ਖਜ਼ਾਨਾ, ਸੱਤ ਧਰਮ ਦਾ ਪ੍ਰਚਾਰਕ ਹਿਰਦੇ ਦਰਦ, ਅਰ ਦੇਸ਼ ਸੇਵਾ ਦਾ ਚਾਉ ਰਖਣ ਵਾਲਾ, ਪਾਪ ਕਰਮ ਤੋਂ ਹੋੜਨ ਵਾਲਾ, ਉਧਾਰ ਤੇ ਸੁਧਾਰ ਲਈ ਜਨਮ ਲੈਣ ਵਾਲਾ ਸ੍ਰੀ ਬਾਬਾ ਰਾਮ ਸਿੰਘ ਜੀ ਹੀ ਆਪਣੇ ਨਮੂਨੇ ਦਾ ਸੱਚਾ ਅਰ ਸੁੱਚਾ ਨਮੂਨਾ ਸਮੇਂ ਦਾ ਅਵਤਾਰ ਅਤੇ ਦੇਸ਼ ਰਖਿਅਕ ਸੀ।



Namdhari Elibrary NamdhariElibrary@gmail.com

## ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ

"...ਸ੍ਰੀ ਬਾਬਾ ਜੀ ਕਿਸੇ ਓਪਰੇ ਮਜ਼ਬ ਦੇ ਬਾਨੀ ਨਹੀਂ ਹੋਏ । ਉਹ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਦਾਇਰੇ ਦੇ ਹਨ, ਉਹ ਗੁਰਮਤ ਅਵਲੰਬੀ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਚਮਕਦੇ ਸਿਤਾਰੇ ਹਨ...।"

"ਸ੍ਰੀ ਬਾਬਾ ਰਾਮ ਸਿੰਘ ਜੀ ਦਾ ਸੰਸਾਰ ਪੁਰ ਆਗਮਨ ਸੰਨ 1872 ਮਾਘ ਸੁਦੀ 5 ਨੂੰ ਰਾਈਆਂ ਪਿੰਡ ਵਿਚ ਇਕ ਸਿਖ ਖਾਨਦਾਨ ਵਿਚ ਹੋਇਆ ਸੀ, ਬਚਪਨ ਤੋਂ ਆਪ ਦਾ ਰੁਖ ਭਲਿਆਈ ਤੇ ਧਰਮ ਵੱਲ ਸੀ । ਇਸ ਰੁਚੀ ਦੇ ਹੁੰਦਿਆਂ ਚੜ੍ਹਦੀ ਜਵਾਨੀ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਸਿਖ ਸੈਨਾਂ ਵਿਚ ਭਰਤੀ ਹੋਏ, ਪਰ ਥੋੜ੍ਹੇ ਹੀ ਚਿਰ ਬਾਦ ਫੌਜ ਦਾ ਗੁਜ਼ਰ ਹਜ਼ਰੋ ਤੋਂ ਹੋਇਆ ਤੇ ਉਥੇ ਆਪ ਨੂੰ ਸ੍ਰੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ । ਬਾਬਾ ਬਾਲਕ ਸਿੰਘ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਦੇ ਪੱਕੇ ਭਗਤ ਤੇ ਪੂਰੇ ਸੰਤ, ਗੁਰਮਤ ਦੇ ਧਾਰਨੀ ਪੈਰੋਕਾਰ ਤੇ ਗੁਰਮਰਯਾਦਾ ਦੇ ਆਮਿਲ ਹੋਏ ਹਨ । ਗੁਰਮਰਯਾਦਾ ਦੇ ਕਰਨਹਾਰ ਆਪ ਉਸ ਸਮੇਂ ਹੋਏ ਹਨ, ਜਦ ਕਿ ਅਨਮਤੀ ਅਸਰ ਪੰਥ ਵਿਚ ਹਨੇਰਾ ਪਾ ਰਿਹਾ ਸੀ । ਇਨ੍ਹਾਂ ਦੇ ਸਤਿਸੰਗ ਨਾਲ ਸ੍ਰੀ ਬਾਬਾ ਜੀ ਨੌਕਰੀ ਛੋੜ ਕੇ ਆਪਣਾ ਜੀਵਨ ਨਿਰੋਲ ਨਾਮ ਸਿਮਰਨ ਨੂੰ ਅਰਪਨ ਕਰ ਦਿਤਾ ਅਰ ਭਜਨ ਵਿਚ ਮਗਨ ਰਹੇ । ਸਹਿਜੇ ਸਹਿਜੇ ਨਾਮ ਦੀ ਖੁਸ਼ਬੋ ਮੁਸ਼ਕੀ ਤੇ ਮੁਸ਼ਕ ਕੇ ਖਿਲਰ ਖਲੋਤੀ । ਫਿਰ ਭੌਰੇ ਲਗੇ ਆਉਣ ਤੇ ਇੰਞ ਨਾਮ ਪ੍ਰਾਪਤ ਹੋਇਆਂ ਦੀ ਸੰਪ੍ਰਦਾ ਟੁਰ ਪਈ । ਜਿਨ੍ਹਾਂ ਦਾ ਨਾਮ ਨਾਮਧਾਰੀਏ ਪ੍ਰਸਿਧ ਹੋ ਗਿਆ, ਪਰ ਬਾਜੇ ਨ ਜਰ ਸਕਣ ਵਾਲੇ ਸਿਖ ਕੂਕਾਂ ਮਾਰਨ ਲਗ ਪਏ, ਜਿਸ ਤੋਂ ਹਾਸੇ ਨਾਲ ਲੋਕੀ ਕੂਕੇ ਆਖਣ ਲਗ ਪਏ । ਉਂਞ ਕੂਕੇ ਪਦ ਸੰਪ੍ਰਦਾ ਦਾ ਨਾਮ ਨਹੀਂ ਹੈ । ਪ੍ਰਚਾਰ ਬਾਬਾ ਜੀ ਦੇ ਵਕਤ ਇਸ ਸੰਪ੍ਰਦਾ ਦਾ ਇਤਨਾ ਹੋਇਆ ਹੈ ਕਿ ਲੱਖਾਂ ਦੀ ਗਿਣਤੀ ਆਪ ਦੇ ਪੈਰੋਕਾਰਾਂ ਦੀ ਸੁਣੀਂਦੀ ਹੈ । ਸਗੋਂ ਇਕ ਵੇਰਾਂ ਤਾਂ ਕਿਸੇ ਸਜਣ ਨੇ ਉਨ੍ਹਾਂ ਦੇ ਸਮੇਂ ਸਤ ਲਖ ਦਸੀ ਸੀ । ਪਰ ਇਸ ਵਿਚ ਸ਼ੱਕ ਨਹੀਂ ਕਿ ਆਪ ਦੇ ਨਾਲ ਪੈਰੋਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ।



Namdhari Elibrary NamdhariElibrary@gmail.com

## ਭਾਈ ਸੇਵਾ ਸਿੰਘ

**ਖਾਲਸਾ ਸਮਾਚਾਰ**

ਆਪ ਸਿਖ ਸੈਨਾ ਦੇ ਸਿਪਾਹੀ ਸਨ। ਜਦ ਲਾਹੌਰ ਦਰਬਾਰ ਨੇ ਸ਼ਹਦੀ ਇਲਾਕੇ ਦੀ ਸੁਧਾਈ ਲਈ ਚੜਾਈ ਕੀਤੀ, ਇਹ ਵੀ ਨਾਲ ਸਨ। ਹਜ਼ਰੋ ਦੇ ਮੁਕਾਮ ਤੇ ਆਪ ਦੀ ਬਾਬਾ ਬਾਲਕ ਸਿੰਘ ਜੀ ਨਾਲ ਭੇਟ ਹੋਈ। ਬਾਬਾ ਜੀ ਆਪਣੇ ਸਮੇਂ ਦੇ ਸਿਧ ਤੇ ਪੂਰਨ ਪੁਰਖ ਸਨ। ਵੇਖਦੇ ਹੀ ਸਮਝ ਗਏ ਕਿ ਇਹ ਸਪਾਹੀ ਕਲਗੀਧਰ ਜੀ ਦੀ ਮੁਕਤੀ ਫੌਜ ਦਾ ਜਰਨੈਲ ਬਣੇਗਾ। ਇਨ੍ਹਾਂ ਨੂੰ ਆਪਣੇ ਪਾਸ ਬਿਠਾਇਆ ਤੇ ਨਾਮ ਦਿਤਾ।

ਬਾਬਾ ਬਾਲਕ ਸਿੰਘ ਜੀ ਦੀ ਦਿਤੀ ਨਾਮ ਦੀ ਕਣੀ, ਅਸਫਲ ਜਾਣ ਵਾਲੀ ਨਹੀਂ ਸੀ, ਉਹਨਾਂ ਭੌਂ ਵੇਖਕੇ ਬੀਜ ਪਾਇਆ ਸੀ। ਥੋੜੇ ਚਿਰ ਵਿਚ ਵੀ ਬਾਬਾ ਰਾਮ ਸਿੰਘ ਜੀ ਦੇ ਅੰਦਰ ਪ੍ਰੇਮ ਦੀਆਂ ਕਾਂਗਾਂ ਆ ਗਈਆਂ। ਕਲਗੀਆਂ ਵਾਲੇ ਦਾ ਪਰੇਮ ਰੋਮ ਰੋਮ ਵਿਚ ਸਮਾ ਗਿਆ। ਚਿਹਰੇ ਤੇ ਜਲਾਲ ਛਾ ਗਿਆ। ਮੱਥੇ ਤੇ ਨੂਰ ਚਮਕਣ ਲੱਗਾ। ਅੱਖਾਂ ਸਰੂਰ ਵਿਚ ਹੋ ਗਈਆਂ। ਨਾਮ ਵਿਹੂਣੇ ਜਗਤ ਨੂੰ ਵਾਹਿਗੁਰੂ ਨਾਲ ਜੋੜਨ ਦੀ ਅਕਾਂਖਿਆਂ ਸੀਨੇ ਵਿਚ ਪ੍ਰਬਲ ਹੋ ਉਠੀ ਤੇ ਆਪਣੇ ਸਿੱਖੀ ਦੇ ਪ੍ਰਚਾਰ ਨੂੰ ਆਪਣਾ ਮੁਖ ਪ੍ਰਯੋਜਨ ਬਣਾ ਲਿਆ। ਪਿੰਡ ਪਿੰਡ ਦੀਵਾਨ ਸਜਣ ਲਗੇ। ਅੰਮ੍ਰਿਤ ਦੇ ਬਾਟੇ ਤਿਆਰ ਹੋਣ ਲਗੇ। ਜਿਸਨੇ ਆਪਦੀ ਪਵਿੱਤਰ ਰਸਨਾਂ ਤੋਂ ਉਪਦੇਸ਼ ਸੁਣਿਆ, ਮੋਹਿਤ ਹੋ ਗਿਆ ਜੋ ਉਨ੍ਹਾਂ ਦੀ ਸੰਗਤ ਵਿਚ ਆਇਆ, ਸਿਦਕ ਨਾਲ ਭਰ ਗਿਆ। ਜਿਨ੍ਹਾਂ ਨੇ ਇਨ੍ਹਾਂ ਦੀ ਰਹਿਣੀ ਵੇਖੀ, ਚਲੂਲੇ ਰੰਗ ਵਿਚ ਰੰਗਿਆ ਗਿਆ। ਇਤਿਹਾਸ ਦਸਦਾ ਹੈ, ਬਲਕਿ ਇਸ ਅਲੌਕਿਕ ਦ੍ਰਿਸ਼ ਨੂੰ ਅੱਖੀ ਵੇਖਣ ਵਾਲੇ ਦਸਦੇ ਹਨ ਕਿ ਸੈਂਕੜੇ ਤੇ ਹਜ਼ਾਰਾਂ ਨਹੀਂ, ਬਲਕਿ ਲੱਖਾਂ ਆਦਮੀ ਆਪਦੇ ਗਿਰਦ ਜਮ੍ਹਾ ਹੋਣ ਲਗ ਪਏ। ਜਿਨ੍ਹਾਂ ਨੇ ਨਾਮ ਨੂੰ ਆਪਣਾ ਅਧਾਰ ਬਣਾ ਲਿਆ ਤੇ ਨਾਮ ਦੇ ਰਸ ਵਿਚ ਸਰਸ਼ਾਰ ਹੋ ਗਏ। ਹੁਣ ਹੀ ਵੇਖਣ ਵਿਚ ਆਉਂਦਾ ਹੈ, ਕਿ ਗੁਰਬਾਣੀ ਸੁਣਦੇ ਹੀ ਨਾਮਧਾਰੀ ਬਿਹਬਲ ਹੋ ਉਠਦੇ ਹਨ। ਇਸ ਗਏ ਗੁਜਰੇ ਜ਼ਮਾਨੇ ਵਿਚ ਨਾਮਧਾਰੀ ਵੀਰਾਂ ਦੀ ਸਾਦਗੀ, ਗੁਰਬਾਣੀ, ਪਿਆਰ, ਗੁਰਮਰਯਾਦਾ ਵਿਚ ਪਰਪੱਕਤਾ ਤੇ ਰਹਿਤ ਬਹਿਤ ਦੀ ਦ੍ਰਿੜ੍ਹਤਾ ਅਜੇਹੇ ਗੁਣ ਹਨ ਜਿਨ੍ਹਾਂ ਤੋਂ ਅਜ ਵੀ ਰਾਹੁਨਮਾਈ ਲਈ ਜਾ ਸਕਦੀ ਹੈ।

ਬਾਬਾ ਰਾਮ ਸਿੰਘ ਜੀ ਉਹ ਮਹਾਨ ਹਸਤੀ ਸਨ, ਜਿਨ੍ਹਾਂ ਰਾਹੀਂ ਸੈਂਕੜੇ ਨਹੀਂ



Namdhari Elibrary NamdhariElibrary@gmail.com

ਹਜ਼ਾਰਾਂ ਰੂਹਾਂ ਸਿਖੀ ਮੰਡਲ ਵਿਚ ਆਈਆਂ। ਕਲਗੀ ਵਾਲੇ ਦੇ ਜਹਾਜ਼ ਚੜੀਆਂ ਤੇ ਸੁਖੀ ਹੋਈਆਂ। ਮੈਨੂੰ ਇਹ ਗੱਲ ਲਿਖਦਿਆਂ ਰਤਾ ਜਿਨਾਂ ਵੀ ਸੰਕੋਚ ਨਹੀਂ ਕਿ ਲਾਹੌਰ ਸਿਖ ਦਰਬਾਰ ਦਾ ਸੂਰਜ ਅਸਤ ਹੋਣ ਦੇ ਦਿਨ ਤੋਂ ਲੈ ਕੇ ਅਜ ਤਕ ਕੋਈ ਵੀ ਅਜਿਹੀ ਵਿਅਕਤੀ ਵੇਖਣ ਵਿਚ ਨਹੀਂ ਆਇਆ, ਜਿਸਨੇ ਗੁਰਬਾਣੀ, ਗੁਰਮਤ ਤੇ ਅੰਮ੍ਰਿਤ ਦਾ ਏਨਾ ਪ੍ਰਚਾਰ ਕੀਤਾ ਹੋਵੇ, ਜਿੰਨਾ ਕਿ ਬਾਬਾ ਰਾਮ ਸਿੰਘ ਜੀ ਨੇ ਕੀਤਾ ਸੀ। ਕੀ ਅਜੇਹੀ ਸੂਰਤ ਵਿਚ ਇਸ ਨਾਮ ਰਸੀਏ ਕਲਗੀਆਂ ਵਾਲੇ ਦੇ ਧਰਮ ਪ੍ਰਚਾਰਕ ਜਰਨੈਲ ਤੇ ਗੁਰਮੁਖ ਪਿਆਰੇ ਬਾਬਾ ਰਾਮ ਸਿੰਘ ਜੀ ਜੇਹੇ ਕਰਨੀ ਦੇ ਪੂਰੇ, ਮਹਾਂ ਪੁਰਖ ਦੇ ਜਨਮ ਉਤਸਵ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਸਿੱਖ ਮਾਤਰ ਜ਼ਰੂਰੀ ਨਹੀਂ ? ਜੇ ਸਿਖ ਬਾਬਾ ਜੀ ਦੇ ਸਤਿਕਾਰ ਤੇ ਸਨਮਾਨ ਵਿਚ ਹਿੱਸਾ ਨਹੀਂ ਲੈਣਗੇ ਤਦ ਉਹ ਆਪਣੇ ਫਰਜ਼ ਦੇ ਪੂਰਾ ਕਰਨ ਤੋਂ ਕੱਸੇ ਰਹਿਣਗੇ।

## ਇਕ ਬਦੇਸ਼ੀ ਲੇਖਕ

"ਆਪਣੇ ਰਾਜਸੀ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਗੁਰੂ ਰਾਮ ਸਿੰਘ ਨਿਪਾਲ, ਭੂਟਾਨ, ਕਸ਼ਮੀਰ ਆਦਿ ਸਰਹਦੀ ਪ੍ਰਾਂਤਾਂ ਵਿਚ ਆਪਣੀਆਂ ਸਰਗਰਮੀਆਂ ਦਾ ਜਾਲ ਵਿਛਾਇਆ ਹੋਇਆ ਸੀ। ਕਹਿਆ ਜਾਂਦਾ ਹੈ ਗੁਰੂ ਰਾਮ ਸਿੰਘ ਨੇ ਠਾਣੀ ਝਾਂਸੀ ਅਤੇ 1875 ਦੇ ਗਦਰ ਨਾਲ ਸੰਬੰਧਤ ਹੋਰ ਆਗੂਆਂ ਨਾਲ ਸੰਬੰਧ ਕਾਇਮ ਕੀਤੇ ਹੋਏ ਸਨ।"



Namdhari Elibrary NamdhariElibrary@gmail.com

## ਸੂ: ਲਾਲ ਸਿੰਘ ਕਮਲਾ ਅਕਾਲੀ

ਇਹ ਤਾਂ ਕੂੜੀਆਂ ਪਾਤਸ਼ਾਹੀਆਂ ਦੇ ਹਾਲ ਹਨ ਇਕ ਸੱਚੀ ਪਾਤਸ਼ਾਹੀ ਵਾਲੇ ਦੇ ਅੱਖੀ ਡਿਠੇ ਹਾਲ ਸੁਣੋਂ, ਉਸਨੂੰ ਜਦ ਇਥੇ ਐਸ ਲਾਗਦੇ ਬੰਗਲੇ ਵਿਚ ਲਿਆ ਕੇ ਉਤਾਰਿਆ, ਇਹ ਮਸ਼ਹੂਰ ਸੀ ਕਿ ਇਹ ਹਿੰਦੁਸਤਾਨ ਦੇ ਕਿਸੇ ਪ੍ਰਾਂਤ ਦਾ ਰਾਜਾ ਹੈ, ਪਰ ਉਸਦਾ ਨੂਰ ਵਰਸਾਉਣ ਵਾਲਾ ਦਰਸ਼ਨ, ਉਸਦੀ ਅੰਗ ਸੰਗ ਰਹਿਣ ਵਾਲੀ ਮਾਲਾ, ਉਸਦਾ ਅਡੋਲ ਸਹਿਜ ਦਸਦੇ ਸਨ ਕਿ ਉਹ ਕਿਸੇ ਹੋਰਸ ਬਾਦਸ਼ਾਹੀ ਦਾ ਵਾਲੀ ਹੈ। ਉਸਨੂੰ ਬਨਸਪਤ ਨਾਲ, ਬ੍ਰਿਛਾਂ ਨਾਲ, ਬੇਲ ਬੂਟਿਆਂ, ਹਰੇ ਘਾਹ, ਫੁਲਾਂ ਤੇ ਨੀਲੇ ਆਸਮਾਨ ਦੇ ਸਿਤਾਰਿਆਂ ਨਾਲ ਬੜਾ ਪਿਆਰ ਸੀ। ਕਦੀ ਕਦੀ ਘੰਟੇ ਹੱਥ ਵਿਚ ਮਾਲਾ ਲਈ ਝੂਮਦੇ ਨਚਦੇ, ਹਵਾ ਨਾਲ ਨਸ਼ਈਆਂ ਵਾਂਗ ਧਮਾਲ ਪੌਂਦੇ ਤੇ ਕਲੋਲ ਕਰਦੇ ਬਾਸਾ ਨੂੰ ਵੇਖ ਵੇਖ ਬਤਾਇਆ ਕਰਦਾ ਸੀ। ਉਸਦੇ ਔਣ ਨਾਲ ਏਸ ਥਾਂ ਨੂੰ ਹੋਰਸ ਹੀ ਰੂਪ ਚੜ੍ਹ ਗਿਆ ਸੀ। ਲੋਕੀਂ ਦਰਸ਼ਨ ਨੂੰ ਤਾਂਘਦੇ ਰਹਿੰਦੇ ਸਨ। ਪਹਿਰੇ ਵਾਲਿਆਂ ਨੂੰ ਉਸਦੇ ਪਹਿਰੇ ਨਾਲੋਂ ਮਿੱਠਾ ਕੰਮ ਹੋਰ ਕੋਈ ਨਹੀਂ ਸੀ। ਆਪ ਜੀ ਦੀ ਚਿੱਟੀ ਪੋਸ਼ਸ਼ ਉਜਲੇ ਤੇਜਵੰਸੀ ਦੀਦਾਰੇ ਦੀ ਮਹਿਮਾ ਸੁਗੰਧੀ ਵਾਂਗ ਖਿੰਡ ਗਈ ਸੀ।

ਪੂਰਨਮਾਸ਼ੀ ਦੀ ਰਾਤ ਸੀ। ਰਾਤ ਦੇ ਸੰਤਰੀਆਂ ਨੇ ਆ ਕੇ ਨੌਂ ਬਜੇ ਦਾ ਘੰਟਾ ਖੜਕਾਇਆ ਸੀ। ਪਰ ਉਸ ਪਿਛੋਂ ਦੋ ਘੰਟੇ ਲੰਘ ਚੁਕੇ ਸਨ ਕਿ ਆਪ ਬੰਗਲੇ ਵਿਚੋਂ ਨਿਕਲ ਕੇ ਗੋਰੇ ਸੰਤਰੀ ਦੇ ਸਾਹਮਣੇ ਆ ਖਲੋਤੇ।

ਗੋਰਾ ਟਹਿਲ ਰਿਹਾ ਸੀ। ਖੁਲੋ ਗਿਆ। ਸੰਗੀਨ ਵਾਲੀ ਬੰਦੂਕ ਮੋਢੇ ਤੋਂ ਲਾਹ ਦਿਤੀ। ਹਜ਼ੂਰ ਨੇ ਪਤਾ ਨਹੀਂ ਕਿਹੜੀ ਜ਼ਬਾਨ ਵਿਚ ਉਸਨੂੰ ਸਮਝਾ ਦਿਤਾ। ਭਈ ਭੁਲਿਆ ਲੋਕਾ ਟਿਕ ਕੇ ਬਹਿ ਜਾ, ਬੂਟਾਂ ਦਾ ਖੜਾਕ ਕਰਕੇ ਸਾਡੇ ਧਿਆਨ ਵਿਚ ਵ੍ਹਿਘਨ ਨ ਪਾ। ਗੋਰਾ ਚੁਪ ਕਰਕੇ ਬਹਿ ਗਿਆ। ਬਾਕੀ ਗਾਰਦ ਘੂਕ ਸੁਤੀ ਪਈ ਸੀ। ਓਹੀ ਸਫੇਦ ਬਾਵਾ, ਓਹੀ ਮਾਲਾ ਤੇ ਓਹੀ ਗੋੜੇ ਵਰਗੀ ਪੱਗ।

ਸ਼ਿਕਾਇਤ ਹੋਈ। ਉਸਦੇ ਅਫਸਰ ਨੇ ਉਸ ਗੋਰੇ ਨੂੰ ਸਜਾ ਚੁੱਕ ਦਿਤੀ ਤੇ ਆਪ ਉਸ ਮਹਾਂ ਪੁਰਸ਼ ਕੋਲ ਆਕੇ ਬੇ-ਲੋੜੀ ਤੇ ਬੇ-ਥਵੀ ਪੁਛਗਿਛ ਕੀਤੀ। ਆਪ ਨੇ ਕਦੀ ਸ਼ੀਤਲਤਾ ਅਤੇ ਸਹਿਜ ਨੂੰ ਨਹੀਂ ਸੀ ਤਕਿਆ, ਪਰ ਉਸ ਸੰਤਰੀ ਨੂੰ ਸਜ਼ਾ ਹੋਈ ਸੁਣਕੇ ਆਪ ਨੇ ਉਸ ਅਫਸਰ ਨੂੰ ਫੜ ਲਿਆ ਤੇ ਸਿਖਿਆ ਦਿਤੀ ਤੇ ਗੋਰਾ ਕੰਨ ਤੇ ਟੋਪੀ ਝਾੜ ਕੇ ਟੁਰਦਾ ਬਣਿਆ। ਇਹ ਵੀ ਇਕ ਦੌਜ ਸੀ। ਜਦ ਗੋਰੇ ਇਸ ਦੇਸ਼ (ਬਰਮਾ) ਵਿਚ ਆਏ ਸਨ, ਅਸਾਂ ਇਹਨਾਂ ਨੂੰ ਮਾਰ ਖਾਂਦਿਆਂ ਹੀ ਡਿੱਠਾ ਸੀ, ਮਾਰ ਖਾਂਦਿਆਂ ਕਦੇ ਨਹੀਂ ਡਿੱਠਾ।



Namdhari Elibrary NamdhariElibrary@gmail.com

## ਸੂ: ਹਜ਼ਾਰਾ ਸਿੰਘ ਅਸੀ
ਰਾਮਗੜ੍ਹੀਆ ਗਜ਼ਟ

ਨਾਨਕ ਗੁਰੂ ਦੀ ਲਾਈ ਹੋਈ ਫੁਲਵਾੜੀ,
ਫੁੱਟ ਈਰਖਾ ਨਾਲ ਮੁਰਝਾ ਰਹੀ ਸੀ ।
ਖੂਨ ਸੁਕਿਆ ਮਰਦ ਨਾਮਰਦ ਹੋਏ,
ਹਾਇ ਹਾਇ ਦੀ ਵਾਰ ਪਈ ਆ ਰਹੀ ਸੀ ।
ਸਿਖੀ ਬਾਗ਼ ਉਤੇ ਖਿਜ਼ਾ ਆ ਰਹੀ ਸੀ,
ਖਲਕ ਬੇ ਮੁਹਾਰੀ ਔਝੜ ਜਾ ਰਹੀ ਸੀ ।
ਰਹਿਤ ਬਹਿਤ ਦਾ ਉਡਿਆ ਨਿਸ਼ਾਨ ਹੈ ਸੀ,
ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਸੀ ।
ਜਿਸਨੇ ਧਰਮ ਦਾ ਝੰਡਾ ਬੁਲੰਦ ਕੀਤਾ,
ਜਾਨ ਮੁਰਦਿਆਂ ਦੇ ਵਿਚ ਜਿਸ ਪਾਈ ਹੋਵੇ ।
ਓਸ ਰਬੀ ਬਸੰਤ ਦੇ ਆਗਮਨ ਦੀ,
ਖੁਸ਼ੀ ਚਾਉ ਦੇ ਨਾਲ ਵਧਾਈ ਵਧਾਈ ਹੋਵੇ ।
ਐਸਾ ਆਣ ਕੇ ਸਮੇਂ ਦਾ ਗੇੜ ਹੋਯਾ,
ਵੀਰ ਵੀਰ ਨੂੰ ਉਸ ਲੜਾ ਦਿਤਾ ।
ਗੁਰਮਤ ਦੇ ਫੜ ਅਸੂਲ ਸਾਰੇ,
ਮੱਥਾ ਮੁਨਮਤਾਂ ਅਗੇ ਝੁਕਾ ਦਿਤਾ ।
ਚੀਨੀ ਵਾਲੇ ਨੇ ਦੇਖ ਇਹ ਦਸ਼ਾ ਭੈੜੀ,
ਚੱਕ੍ਰ ਪਰੇਮ-ਸੁਧਾਰ ਚਲਾ ਦਿਤਾ ।
ਉਹਦੀ ਨਜ਼ਰ ਫੇ ਬਾਲੀ ਤਾਸੀਰ ਵਾਲੀ,
ਭੁਲੇ ਭਟਕਿਆਂ ਨੂੰ ਰਾਹੇ ਪਾ ਦਿਤਾ ।
ਬੇੜੀ ਪੰਥ ਤੇ ਦੇਸ਼ ਦੀ ਡਗਮਗਾਂਦੀ,
ਜਿਸਨੇ ਡਾਹ ਮੋਢਾ ਬੰਨੇ ਲਾਈ ਹੋਵੇ ।



Namdhari Elibrary NamdhariElibrary@gmail.com

ਓਸ ਸਭਨਾਂ ਦੇ ਪਿਆਰੇ ਦੇ ਆਗਮਨ ਦੀ,
ਬਹੁਤ ਬਹੁਤ ਵਧਾਈ ਵਧਾਈ ਹੋਵੇ ।
ਉਸਦਾ ਆਗਮਨ ਕੀ ? ਜੀਵ ਜੰਤ ਮਉਲੇ,
ਮਉਲੀ ਬਨਸਪਤ ਅਤੇ ਬਹਾਰ ਮਉਲੀ ।
ਪੰਥ ਫੁਲਵਾੜੀ ਦਾ ਗ਼ੁਬਾਰ ਉਡਿਆ,
ਨਿਖਰ ਪਈ ਤੇ ਹਿੰਦ ਗੁਲਜ਼ਾਰ ਮਉਲੀ ।
ਉਸਦੇ ਬੁਲ੍ਹਾਂ ਦੀ ਇਕ ਮੁਸਕ੍ਰਾਹਟ ਤਕ ਕੇ,
ਹਰ ਇਕ ਗ਼ਾਰ ਮਉਲੀ ਹਰ ਇਕ ਧਾਰ ਮਉਲੀ ।
ਉਸਦੇ ਨੂਰੀ-ਦੀਦਾਰ ਪ੍ਰਕਾਸ਼ ਚਾਨਣ,
ਵੇਖ ਵੇਖ ਵਿਗਸੀ, ਨਰ ਨਾਰ ਮਉਲੀ ।
ਉਸਦੇ ਰੱਬੀ ਦੀਦਾਰ ਦੀ ਝਲਕ ਤਕ ਕੇ,
ਕੁਦਰਤ ਮਉਲੀ ਤੇ ਖੇੜੇ ਵਿਚ ਆਈ ਹੋਵੇ ।
ਉਸ ਮੁਕਤੀ ਮਾਰਗ ਦੇ ਪ੍ਰਕਾਸ਼ ਉਦੇ,
ਲਖ ਲਖ ਵਧਾਈ ਵਧਾਈ ਹੋਵੇ ।



Namdhari Elibrary NamdhariElibrary@gmail.com

## ਸ੍ਰ: ਅਵਤਾਰ ਸਿੰਘ ਆਜ਼ਾਦ

ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਜੋ ਅਜੇ ਪੂਰੇ ਸੱਠਾਂ ਵਰ੍ਹਿਆਂ ਦੇ ਵੀ ਨਹੀਂ ਸਨ, ਚਲਾਣਾ ਕਰ ਗਏ ਅਤੇ ਉਹਨਾਂ ਦੇ ਚਲਾਣਾ ਕਰਨ ਸਾਰ ਲਾਹੌਰ ਦਰਬਾਰ ਸਾਜ਼ਿਸ਼ਾਂ, ਮਨ ਸੂਬਿਆਂ ਅਤੇ ਯੰਤਰਾਂ ਦਾ ਅਖਾੜਾ ਬਣ ਗਿਆ। ਮਹਾਰਾਜ ਰਣਜੀਤ ਸਿੰਘ ਇਕ ਮਜ਼ਬੂਤ ਕੁੰਡਾ ਸੀ, ਜਿਹੜਾ ਜੰਗ ਜੂ ਸਿਖ ਸਰਦਾਰਾਂ ਅਤੇ ਖਚਰੇ ਡੋਗਰੇ ਵਜੀਰਾਂ ਨੂੰ ਪੂਰੀ ਤਰ੍ਹਾਂ ਕਾਬੂ ਰਖਦਾ ਸੀ। ਉਸ ਦੇ ਸਾਹਮਣੇ ਕਿਸੇ ਨੂੰ ਵੀ ਕੋਈ ਸਾਜ਼ਿਸ਼ ਕਰਨ ਦਾ ਹੌਸਲਾ ਨਹੀਂ ਸੀ ਹੋ ਸਕਦਾ ਪਰ ਜਦੋਂ ਉਹ ਕੁੰਡਾ ਲਹਿ ਗਿਆ ਤੇ ਨਾਲ ਹੀ ਸਿਖ ਰਾਜ ਦੇ ਅਮਲ ਰਾਖੇ ਵੀ ਕਾਲ ਵਸ ਹੋ ਗਏ ਤਾਂ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਭੂਤ ਮੰਡਲੀ ਸਵਾਰ ਹੋ ਗਈ। ਸ: ਸੁਚੇਤ ਸਿੰਘ ਮਹਾਰਾਜ ਖੜਕ ਸਿੰਘ ਜੀ ਦੇ ਨਿਕਟੀ ਸਾਥੀ ਤੋਂ ਕਤਲਾਂ ਦਾ ਆਰੰਭ ਅਤੇ ਸ: ਜਵਾਹਰ ਸਿੰਘ ਦੀ ਮੌਤ ਤੀਕ ਕਿਨੇ ਹੀ ਸਰਦਾਰ ਸਣੇ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ, ਕੰਵਰ ਕਸ਼ਮੀਰਾ ਸਿੰਘ ਕੰਵਰ, ਪਸ਼ੌਰਾ ਸਿੰਘ ਅਤੇ ਭਾਈ ਬੀਰ ਸਿੰਘ ਜੀ ਨੌਰੰਗਾਬਾਦ ਦੇ ਬੁਰਛਾ ਗਰਦੀ ਦੀ ਭੇਟ ਹੋ ਗਏ ਡੋਗਰਿਆਂ ਵਿਚੋਂ ਕੇਵਲ ਗੁਲਾਬ ਸਿੰਘ ਹੀ ਬਚਿਆ ਬਾਕੀ ਸਾਰੇ ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ, ਰਾਜਾ ਹੀਰਾ ਸਿੰਘ ਤੇ ਉਸਦਾ ਯਾਰ ਪੰਡਿਤ ਜੱਲ੍ਹਾ ਤਲਵਾਰ ਦੇ ਘਾਟ ਉਠ ਗਏ।

ਗੁਰੂ ਰਾਮ ਸਿੰਘ ਜੀ ਨੇ ਆਪਣੇ ਨੈਣ ਨਾਲ ਇਸ ਘੋਰ ਤਬਾਹੀ ਨੂੰ ਵੇਖਿਆ, ਇਹ ਕਿਡਾ ਵਡਾ ਦੁਖਾਂਤ ਸੀ, ਕਿ ਕਈ ਸਦੀਆਂ ਦੀਆਂ ਘਾਲਾਂ ਦਾ ਫਲ ਖਾਲਸਾ ਰਾਜ ਨਸ਼ਟ ਹੋ ਗਿਆ। ਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਕੇਵਲ ਦਸ ਵਰੇ ਪਿਛੋਂ ਨਾ ਕੇਵਲ ਸਿਖ ਸੈਂਤਾਂ ਦਾ ਹੀ ਪਤਨ ਹੋ ਗਿਆ, ਸਗੋਂ ਪੰਜਾਬ ਜਿਸ ਨੇ ਸਦੀਆਂ ਦੀ ਗੁਲਾਮੀ ਪਿਛੋਂ ਆਜ਼ਾਦੀ ਅਤੇ ਖੁਸ਼ਹਾਲੀਆਂ ਦਾ ਇਕ ਚਮਤਕਾਰੀ ਦੌਰ ਵੇਖਿਆ ਸੀ ਅੰਗਰੇਜ਼ੀ ਗ਼ੁਲਾਮੀ ਦੀਆਂ ਜੰਜੀਰਾਂ ਨਾਲ ਜਕੜਿਆ ਗਿਆ।

ਅੰਗਰੇਜ਼ ਨੇ ਪੰਜਾਬ ਵਿਚ ਆਉਣ ਤੋਂ ਪਹਿਲਾਂ ਹੀ ਸਿਖਾਂ ਦੇ ਇਤਿਹਾਸ ਨੂੰ ਵਾਚ ਘੋਖ ਲਿਆ ਸੀ। ਉਹ ਜਾਣਦਾ ਸੀ ਕਿ ਗੁਰੂ ਵਿਅਕਤੀ ਦੇ ਉਦਾਲੇ ਸਿਖ ਕਿਡੀ ਸ਼ਕਤੀ ਬਣ ਜਾਂਦੇ ਹਨ। ਗੁਰੂ ਹਰਿ ਗੋਬਿੰਦ ਸਾਹਿਬ ਸਮੇਂ ਉਹਨਾਂ ਸ਼ਾਹ ਜਹਾਨ ਦੇ ਲਸ਼ਕਰਾਂ ਨੂੰ ਮੈਦਾਨ ਵਿਚੋਂ ਲਗ ਪਗ ਅੱਠ ਵਾਰ ਨਸਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਖਾਲਸੇ ਨੂੰ ਇਨਕਲਾਬੀ ਬਣਾ ਦਿਤਾ। ਅਤੇ ਉਸ ਦੇ ਜ਼ਾਲਮ ਰਾਜ ਨੂੰ ਖਤਮ ਕਰਕੇ ਧਰਮ ਦਾ ਰਾਜ ਸਥਾਪਤ ਕੀਤਾ। ਗੁਰੂ ਰਾਮ ਦਾਸ ਜੀ ਨਾਲ ਇਸ



Namdhari Elibrary NamdhariElibrary@gmail.com

ਵੇਲੇ ਦੇ ਸਿਖਾਂ ਦੇ ਸਾਰੇ ਧੜੇ ਅਤੇ ਪ੍ਰਸਿਧ ਸਿਖ ਖਾਨਦਾਨ ਉਨ੍ਹਾਂ ਤੋਂ ਪ੍ਰਭਾਵਤ ਹੋ ਚੁਕੇ ਸਨ। ਸਿਖ ਰਿਆਸਤਾਂ ਦੇ ਬਾ ਰਸੂਖ ਸ੍ਰਦਾਰ ਉਹਨਾਂ ਦੀ ਚਰਨ ਛੋਹ ਪ੍ਰਾਪਤ ਕਰਨਾ ਆਪਣੇ ਲਈ ਮਾਨ ਵਾਲੀ ਗਲ ਸਮਝਦੇ ਸਨ। ਉਹਨਾਂ ਨੇ ਸਿਖਾਂ ਵਿਚ ਸਜਰਾ ਧਾਰਮਕ ਜੋਸ਼ ਅਤੇ ਦੇਸ਼ ਪਿਆਰ ਦਾ ਜਜ਼ਬਾ ਇਕ ਦਮ ਜਗਾ ਦਿਤਾ। ਸਿਖਾਂ ਨੂੰ ਸਿਖ ਹੋਣ ਉਤੇ ਫੇਰ ਫਖਰ ਮਹਿਸੂਸ ਹੋਣ ਲਗਾ। ਉਹ ਲਲਕਾਰਦੇ ਭਬਕਾਰਦੇ ਅਤੇ ਮਨ ਮਤ ਪਰਹਾਰਦੇ ਹੋਏ ਅਗਾਹ ਵਧਣ ਲਗੇ। ਅੰਗਰੇਜ਼ ਦੇ ਸਾਹਮਣੇ ਕਾਲਿਆਂ ਦੇ ਗ਼ਦਰ ਦਾ ਨਕਸ਼ ਫੇਰ ਉਘੜਨ ਲਗਾ। ਉਸ ਨੂੰ ਜਾਪਣ ਲਗਾ ਕਿ ਗੁਰੂ ਰਾਮ ਸਿੰਘ ਜੀ ਸਿਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਵਾਇਤਾਂ ਸਜਰੀਆਂ ਕਰ ਵਿਖਾਉਣ ਲਈ ਤਿਆਰ ਕਰ ਰਹੇ ਹਨ।

## ਡਾ: ਪ੍ਰਦੁਮਨ ਸਿੰਘ

**ਐਮ. ਏ. ਪੀ. ਐਚ. ਡੀ.**

"ਦਸ ਲਖ ਨਾਮਧਾਰੀ ਬਿਲਕੁਲ ਸੁਦੇਸ਼ੀ ਜ਼ਿੰਦਗੀ ਬਸਰ ਕਰਦਾ ਹੈ। ਕੋਈ ਬਦੇਸ਼ੀ ਕਪੜਾ ਜਾਂ ਮਾਲ ਨਾਮਧਾਰੀ ਘਰਾਂ ਵਿਚ ਨਹੀਂ ਵਰਤਿਆ ਜਾਂਦਾ। ਏਸ ਤਰੀਕੇ ਨਾਲ ਘੱਟ ਤੋਂ ਘੱਟ ਜੇ ਇਕ ਆਦਮੀ ਪੰਜ ਰੁਪਏ ਸਾਲ ਦੇ ਭੀ ਬਦੇਸ਼ੀ ਮਾਲ ਖਰੀਦਣ ਦੀ ਥਾਂ ਸੁਦੇਸ਼ੀ ਤੇ ਖਰਚ ਕਰਦਾ ਹੈ ਤਾਂ ਪੰਜਾਹ ਲੱਖ ਰੁਪਿਆ ਸਾਲ ਦਾ ਹਿੰਦੁਸਤਾਨ ਵਿਚ ਹੀ ਖਰਚ ਕਰਦਾ ਹੈ। ਇਸ ਤਰ੍ਹਾਂ ਸੱਤਰ ਸਾਲਾਂ ਵਿਚ ਚਾਲੀ ਕਰੋੜ ਰੁਪਿਆ ਬਚਾ ਕੇ ਰਖਿਆ ਹੈ। ਇਸ ਤਰੀਕੇ ਨਾਲ ਇਨ੍ਹਾਂ ਸਿੰਘਾਂ ਨੇ ਹਿੰਦੁਸਤਾਨ ਦੀ ਬੜੀ ਸੇਵਾ ਕੀਤੀ ਹੈ।"



Namdhari Elibrary NamdhariElibrary@gmail.com

## ਕਲਮ ਦੇ ਧਨੀ ਸ੍ਰ: ਗੁਰਬਖਸ਼ ਸਿੰਘ ਪ੍ਰੀਤ ਲੜੀ

ਮੈਂ ਬੜੀ ਚਾਹ ਨਾਲ ਤਿੰਨ ਚਾਰ ਸੁਘੜ ਸਜਣਾਂ ਕੋਲੋਂ ਮਹਾਰਾਜ ਰਾਮ ਸਿੰਘ ਜੀ ਦਾ ਹਾਲ ਪੁਛਿਆ ਹੈ। ਸੁਣ ਕੇ ਅਸਚਰਜ ਹੋ ਗਿਆ ਹਾਂ। ਕੇਡਾ ਦੂਰ ਅੰਦੇਸ਼, ਕੇਡਾ ਦੇਸ਼ ਭਗਤ, ਕੇਡਾ ਭਰੋਸੇ ਵਾਲਾ, ਕੇਡਾ ਕਰਨੀ ਵਾਲਾ, ਕੇਡਾ ਪਵਿਤ੍ਰ, ਕੇਡਾ ਸੁਤੰਤ੍ਰ, ਅਤੇ ਸੁਤੰਤ੍ਰਤਾ ਦੀਆਂ ਜ਼ੰਗਾਲੀਆਂ ਤਾਰਾਂ ਖੁਰਚ ਕੇ ਗੁਲਾਮ ਸੁਰੰਗੀਆ ਵਿਚੋਂ ਰੱਬੀ ਤਰਾਨੇ ਕਢਣ ਵਾਲਾ ਮਹਾਂ ਪੁਰਖ ਰਾਮ ਸਿੰਘ ਹੋਇਆ ਹੈ। ਮੈਂ ਪੁਛਦਾ ਹਾਂ ਇਨ੍ਹਾਂ ਦਾ ਜੀਵਨ ਮੈਨੂੰ ਸਕੂਲ ਵਿਚ ਕਿਉਂ ਨਹੀਂ ਪੜ੍ਹਾਇਆ ਗਿਆ? ਚੀਨ, ਜਪਾਨ, ਰੂਸ, ਜਰਮਨੀ, ਸਾਰੀਆਂ ਵਲੈਤਾਂ ਵਿਚ ਕੋਈ ਆਦਮੀ ਨਹੀਂ ਜਿਹਦੀ ਕਹਾਣੀ ਹੋਵੇ ਤੇ ਮੈਂ ਨਾ ਜਾਣਦਾ ਹੋਵਾਂ, ਪਰ ਮਹਾਰਾਜ ਰਾਮ ਸਿੰਘ ਮੇਰੇ ਆਪਣੇ ਦੇਸ਼ ਦੇ ਉਜਲੇ ਮਹਾਂ ਪੁਰਖ ਦਾ ਜਾਣੂ ਮੈਂ ਅੱਧੀ ਉਮਰ ਬਿਤਾ ਕੇ ਅਜ ਹੋਇਆਂ ਹਾਂ ਤੇ ਉਹ ਵੀ ਓਨਾਂ ਨਹੀਂ ਕਿ ਉਨ੍ਹਾਂ ਦੇ ਜੀਵਨ ਤੇ ਇਕ ਮੁਕੰਮਲ ਲੇਖ ਲਿਖ ਸਕਾਂ।

ਮੈਨੂੰ ਇਹ ਪਤਾ ਕਰਕੇ ਬੜਾ ਸ਼ੋਕ ਹੋਇਆ ਹੈ, ਕਿ ਸਿਖ ਕੌਮ ਦੇ ਬਹੁਤ ਸਾਰੇ ਹਿਸੇ ਨੇ ਏਸ ਮਹਾਂ ਪੁਰਖ ਨੂੰ ਅਪਣਾਇਆ ਨਹੀਂ ਐਡੀ ਸੋਹਣੀ ਹਸਤੀ ਅਜਿਹੇ ਗੁਣਾਂ ਵਾਲੀ, ਸਹਿਨਸ਼ੀਲ ਸ਼ਾਂਤੀ ਦੀ ਪੁੰਜ, ਨਿਰਵੈਰ, ਦਇਆ ਭਰੀ, ਜਿਹੜੀ ਅਹਿੰਸਾ ਨੂੰ ਆਪਣਾ ਵਡਾ ਧਰਮ ਗਿਣਦੀ ਸੀ, ਸੁਚੀ ਜ਼ਿੰਦਗੀ ਨੂੰ ਜਿਹੜੇ ਲੋਕ ਮਾੜੇ ਜਿਹੇ ਮਤਭੇਦ ਕਰਕੇ ਵਖ ਕਰ ਸਕਦੇ ਹਨ, ਉਹਨਾਂ ਦੀ ਦਨਾਈ ਸ਼ੰਕਾ ਜਨਕ ਹੈ। ਕੀ ਹੋਇਆ ਜੇ ਕੁਝ ਸ਼ਰਧਾਲੂ ਉਹਨਾਂ ਨੂੰ ਸਤਿਗੁਰੂ ਆਖ ਕੇ ਖੁਸ਼ ਹੁੰਦੇ ਹਨ!

ਮੈਨੂੰ ਦਸਣ ਵਾਲਿਆਂ ਨੇ ਨਾਮਧਾਰੀਆਂ ਕੋਲੋਂ ਉਂਝੇ ਹੀ ਡਰਾਈ ਰਖਿਆ। ਉਹਨਾਂ ਦੇ ਅਸੂਲ ਤੇ ਉਹਨਾਂ ਦੇ ਜੀਵਨ ਦਾ ਜਿਹੜਾ ਹਾਲ ਮੈਂ ਹੁਣ ਸੁਣਿਆ ਹੈ, ਉਹਦੇ ਕਰਕੇ ਮੇਰਾ ਸਿਰ ਉਹਨਾਂ ਦੀ ਸਲਾਹਤਾ ਵਿਚ ਝੁਕ ਗਿਆ ਹੈ।

ਅਜ ਸੁਦੇਸ਼ੀ, ਸ਼ਾਂਤ-ਮਨ, ਨਾ-ਮਿਲਵਰਤਨ, ਪੰਚੈਤੀ ਫੈਸਲੇ, ਸ਼ਰਾਬ ਦੀ ਵਿਰੋਧਤਾ ਆਜ਼ਾਦੀ ਦੇ ਗੀਤ ਆਮ ਸੁਣੇ ਜਾਂਦੇ ਹਨ। ਵਰਤੇ ਭਾਵੇਂ ਹੁਣ ਵੀ ਨਹੀਂ ਜਾਂਦੇ ਸਨ ਪਰ ਅਜ ਤੋਂ ਸਠ ਸਤਰ ਸਾਲ ਪਹਿਲੇ ਜਿਸ ਬੀਰ ਹਿਰਦੇ ਨੇ ਇਹਨਾਂ ਦਾ ਪੈਗਾਮ ਦਿਤਾ ਸੀ ਉਹ ਕੇਡੀ ਕੁ ਦੂਰ ਦ੍ਰਿਸ਼ਟੀ ਦਲੇਰੀ ਨਿਡਰਤਾ ਦਾ ਸੁਆਮੀ ਹੋਵੇਗਾ ਉਸ ਨੇ ਆਪਣੇ ਸ਼ਰਧਾਲੂਆਂ ਦੀ ਗੁਲਾਮੀ ਤੇ ਕਟ ਕੇ ਵਖਾ ਦਿਤੀ। ਹੁਣ ਮੈਨੂੰ ਪਤਾ ਲਗਾ ਹੈ ਕਿ ਨਾਮਧਾਰੀ ਵੀਰਾਂ ਦੇ ਸ਼ਰੀਰ ਲੰਮੇ, ਬੀਬੀਆਂ ਮੋਟੀਆਂ, ਚਿਹਰੇ ਦਗ ਮਗ ਕਰਦੇ ਕਿਉਂ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਮਹਾਰਾਜ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਆਜ਼ਾਦ



Namdhari Elibrary NamdhariElibrary@gmail.com

ਕਰ ਦਿਤਾ ਹੈ-ਉਨ੍ਹਾਂ ਦੀਆਂ ਸਰੀਰਕ ਲੋੜਾਂ ਥੋੜੀਆਂ ਕਰਕੇ ਕ੍ਰਿਤ ਕਮਾਈ ਕਰਕੇ ਸਾਦਾ ਰਹਿਣ ਦੀ ਜਾਚ ਦਸਕੇ ਖੁਦ ਮੁਖਤਾਰੀ ਦਾ ਸਬਕ ਦੇ ਕੇ ਖੁਸ਼ਾਮਦ ਤੇ ਚਿੰਤਾ ਦੇ ਰੋਗਾਂ ਤੋਂ ਬਰੀ ਕਰ ਦਿਤਾ ਹੈ। ਜਿਹੜਾ ਆਦਮੀ ਸਾਗ ਭਾਜੇ ਨਾਲ ਚਾਰ ਮੋਟੇ ਪ੍ਰਸ਼ਾਦੇ ਛਕ ਕੇ ਤੇ ਦੋ ਜਾਂ ਤਿੰਨ ਮੋਟੇ ਬਸਤ੍ਰ ਪਹਿਨ ਕੇ ਜੀਉਂਦਾ ਰਹਿ ਸਕਦਾ ਹੈ ਉਹ ਕਿਉਂ ਨਾ ਨਿਡਰ ਹੋਵੇ ਉਹਨੂੰ ਕੇਹੜੀ ਸਰਕਾਰ ਦਬਾ ਸਕਦੀ ਹੈ। ਉਹ ਸੁਤੰਤ੍ਰ ਹੈ।

ਦੁਨੀਆਂ ਵਿਚ ਜਿਨ੍ਹਾਂ ਜਿਨ੍ਹਾਂ ਨੇ ਕੁਝ ਕੀਤਾ ਹੈ ਉਹ ਏਸੇ ਹੀ ਮਰਯਾਦਾ ਦੇ ਆਦਮੀ ਹੋਏ ਹਨ, ਤੇ ਜਦੋਂ ਵੀ ਕੰਮ ਦਾ ਵੇਲਾ ਆਇਆ ਹੈ ਅਜਿਹੇ ਹੀ ਆਪੇ ਤੋਂ ਅਚੇਤ ਤੇ ਕੁਰਬਾਨ ਹੋ ਸਕਣ ਵਾਲ ਬੀਰ ਹੀ ਜਾਨ ਹੀਲ ਕੇ ਦਸ ਸਕੇ ਹਨ।

## ਬਾਬਾ ਮਦਨ ਸਿੰਘ ਗਾਗਾ

ਅਕਾਲੀ ਨੇਤਾ

ਪਰਮ ਸਨਮਾਨੀਯ, ਪਰਮ ਤੇਜਸਵੀ ਅਤੇ ਪਰਮ ਪਵਿਤਰ, ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਉਹ ਮਹਾਨ ਉੱਚ ਤੇ ਪੂਜਯ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਹਿੰਦ ਨੂੰ ਬਦੇਸ਼ੀ ਗੁਲਾਮੀ ਦੇ ਜੂਹੇ ਲੇਠੋਂ ਕੱਢਣ ਲਈ ਉਹ ਦੇਸ਼ ਭਗਤ, ਤਿਆਗੀ ਅਤੇ ਧਰਮੀ ਆਸ਼ਿਕ ਪੈਦਾ ਕੀਤੇ ਜਿਨ੍ਹਾਂ ਨੇ ਤੋਪਾਂ ਅਗੇ ਉਡਦਿਆਂ ਹੋਇਆਂ ਵੀ ਰਤਾ ਜਿਨੀ ਕਾਨ ਨ ਖਾਧੀ।



Namdhari Elibrary NamdhariElibrary@gmail.com

## ਪ੍ਰੋ: ਗੰਗਾ ਸਿੰਘ ਜੀ

ਕੌਣ ਨਹੀਂ ਜਾਣਦਾ ਜੁ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਰਸ਼ਾਂ ਤੋਂ ਲਿਆ ਕੇ ਦਿਤੀ ਹੋਈ ਬਰਕਤ ਦਾ ਬੂਟਾ, ਜੋ ਸ਼ਹੀਦਾਂ ਨੇ ਆਪਣੇ ਪਾਵਨ ਖ਼ੂਨ ਨਾਲ ਸਿੰਜਿਆ ਸੀ, ਰਾਜਮਦ ਵਿਚ ਮਸਤ ਹੋਏ ਕੰਠਿਆਂ ਤੇ ਕੜਿਆਂ ਵਾਲੇ ਸਿਖ ਸਵਾਰਾਂ ਨੇ ਪਾਣੀ ਦੀ ਥਾਂ ਸ਼ਰਾਬ ਪਾ-ਪਾ ਮੁਰਝਾ ਦਿਤੀ ਸੀ। ਸਤਲੁਜ ਦਾ ਪੁਲ ਨਹੀਂ ਸੀ ਟੁਟਾ, ਸਿੱਖ-ਸੱਤਾ ਦਾ ਸ਼ਤੀਰ ਟੁਟਾ ਪਿਆ ਸੀ। ਬਿਜਲੀ ਦੀ ਚਮਕ ਵਾਂਗ ਅਸੀਂ ਜਗਤ ਦੀਆਂ ਅੱਖਾਂ ਚੁੰਧਿਆ ਕੇ ਛੁਪ ਚਲੇ ਸਾਂ। ਆਪੋ ਵਿਚ ਫੱਟੇ ਹੋਏ ਬਗਾਨਿਆਂ ਦੇ ਹੱਥ ਆਏ ਸਾਂ, ਜਿਨ੍ਹਾਂ ਹੋਰ ਵੀ ਤਾਰ ਤਾਰ ਕਰ ਸੁਟਿਆ। ਅੱਧ ਮੋਇਆਂ ਵਾਂਗ ਪਏ ਹੋਏ ਸਾਂ। ਬਲ, ਪਰਾਕ੍ਰਮ, ਵਿਦਾ ਹੋ ਚੁਕਾ ਸੀ। ਤਲਵਾਰ ਖੁਸ ਗਈ ਸੀ, ਹਾਂ ਚਲਾਉਣੀ ਆਉਂਦੀ ਸੀ, ਟਕੇ ਟਕੇ ਤੇਂ, ਜੋ ਬਗਾਨਿਆਂ ਵਾਸਤੇ ਚਲੋਂਦੇ ਰਹੇ। ਆਤਮਬਲ ਕਮਜ਼ੋਰ ਹੋ ਬਦਕਿਸਮਤਾ ! ਤੂੰ ਪਿਤਾ ਦੀਆਂ ਬਰਕਤਾਂ ਤੋਂ ਮਹਿਰੂਮ ਹੋ ਗਿਉਂ। ਹੁਣ ਸੂਰਤ ਸੰਭਾਲ ਤੇ ਬੁਲਾ ਆਪਣੇ ਪਿਤਾ ਨੂੰ। ਜੁਦਾਈ ਦੀ ਤੋਟ ਨੂੰ ਮਹਿਸੂਸ ਕਰ ਰਹੇ ਸਿੱਖ ਨੇ ਪਿਤਾ ਨੇ ਕੂਕਾਂ ਮਾਰ ਮਾਰ ਸਦਣਾ ਸ਼ੁਰੂ ਕੀਤਾ। ਲੋਕ ਉਸਨੂੰ ਕੂਕਾ ਕਹਿੰਦੇ ਸਨ, ਪਰ ਉਹ ਨਹੀਂ ਸਨ ਜਾਣਦੇ ਕਿ ਉਸਦੀਆਂ ਕੂਕਾਂ ਵਿਚ ਕੋਈ ਰਾਜ਼ ਹੈ। ਓੜਕ ਬਲ ਆਇਆ ਤੇ ਬ੍ਰਾਹਮਣ ਢੂੰਗੀ ਦੀਆਂ ਜੰਜ਼ੀਰਾਂ ਤੋਂ ਆਜ਼ਾਦ ਹੋ ਬੈਠਾ ਧਾਰਨਾ ਧਾਰ ਜੁ ਮਨ ਵਿਚ ਇਕ ਸ੍ਰੀ ਅਕਾਲ ਦੀ ਪੂਜਾ ਬਿਨਾਂ ਕਿਸੇ ਹੋਰ ਨੂੰ ਜਗ੍ਹਾ ਨਹੀਂ ਦੇਣੀ। ਮੜ੍ਹੀ, ਮਸਾਣੀ, ਦੇਵੀ, ਦੇਵ, ਗੰਢਾਂ, ਤਵੀਤ, ਭੂਤ, ਪਰੇਤ, ਟੂਣੇ, ਸ਼ਗਨ, ਜ਼ਾਤਪਾਤ ਤੇ ਵਰਨਵੰਡ ਦੇ ਝਮੇਲਿਆਂ ਨੂੰ ਪਰੇ ਸੁਟ ਪਾਣਾ ਹੈ। ਦੁਨਿਆਵੀ ਕਾਰ ਵਿਹਾਰ ਵਿਚ ਸੰਤੋਖ ਧਾਰਨਾ, ਸਾਦਾ ਖਾਣਾ, ਸਾਦਾ ਪਹਿਨਣਾ ਤੇ ਨੌਕਰੀ ਨਹੀਂ ਕਰਨੀ, ਦਾਸ ਨਹੀਂ ਅਖਵੌਣਾ। ਬਸ ਇਸ ਵਰਤੋਂ ਦੀ ਦੇਰ ਸੀ ਜੁ ਪੰਥ ਵਿਚ ਇਕ ਨਵੀਂ ਬਹਾਰ ਆ ਗਈ, ਨਵੇਂ ਖੇੜੇ ਖਿੜ ਪਏ। ਪੰਥਕ ਸ਼ਾਨ ਨੂੰ ਚਾਰ ਚੰਨ ਲਾਏ ਜਿਥੇ ਸਾਡਾ ਅੰਤ ਦਿਸ ਰਹਿਆ ਸੀ, ਉਥੇ ਸਾਡੀ ਬਸੰਤ ਆ ਖਿੜ ਪਈ। ਇਹ ਸਭ ਕੁਝ ਕਿਸਦੀ ਮਿਹਰ ਨਾਲ ਹੋਇਆ ? ਕਿਸ ਨੇ ਇਸ ਮੋਰੀ ਵਾਲੇ ਘਰ ਵਿਚ ਖੁਸ਼ੀ ਦੇ ਗੁੰਜਾਰ ਲਾਈ ਇੱਕੋ ਨੇ। ਉਹ ਕੌਣ ਸੀ ? ਜੋ ਭੈਣੀ ਵਿਚੋਂ ਉਠਿਆ ਸੀ; ਅਜ ਅਸੀਂ ਉਸ ਨਾਲ ਸਤਿਸੰਗ ਮਾਣ ਰਹੇ ਹਾਂ, ਤੇ ਜਦ ਤਕ ਉਸ ਨਾਲ ਜੁੜੇ ਰਹਾਂਗੇ ਇਹ ਬਸੰਤ ਖਿੜੀ ਰਹੇਗੀ। ਸਾਨੂੰ ਸਦਾ ਹੀ ਅਜੇਹੇ ਮਹਾਂ ਪੁਰਖਾਂ ਦੀ ਯਾਦ ਆਪਣੇ ਦਿਲ ਵਿਚ ਤਾਜ਼ੀ ਰਖਣੀ ਚਾਹੀਦੀ ਹੈ। ਜੇ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਬਾਅਦ ਤੋਂ ਅਸੀਂ ਰਮੰਤੀ ਰਾਮ ਦੀ ਯਾਦ ਵਿਚ ਟਿਕੀਏ ਤੇ ਸੱਚੇ ਸਿੰਘ ਸਜਣ ਦਾ ਉਤਸ਼ਾਹ ਸਾਡੇ ਹਿਰਦਿਆਂ ਵਿਚ ਆਵੇ ਤਾਂ ਹੀ ਇਹ ਬਸੰਤ ਸਹੀ ਅਰਥਾਂ ਵਿਚ ਬਸੰਤ ਹੋ ਸਕਦੀ ਹੈ।



Namdhari Elibrary NamdhariElibrary@gmail.com

## ਸ੍ਰ: ਸਰਦੂਲ ਸਿੰਘ ਕਵੀਸ਼ਰ

ਜਦ ਛੇਵੇਂ ਪਾਤਸ਼ਾਹ ਨੇ ਸਿਖਾਂ ਨੂੰ ਮੁਗਲ ਗਰਦੀ ਦੇ ਬਰਖਲਾਫ ਖੜਾ ਕੀਤਾ, ਤਾਂ ਪਹਿਲੀ ਗੱਲ ਜੋ ਉਨ੍ਹਾਂ ਕੀਤੀ ਉਹ ਅਕਾਲ ਤਖਤ ਦੀ ਸਾਜਨਾ ਸੀ, ਜਿਸਦਾ ਸਾਫ ਮਤਲਬ ਇਹ ਸੀ ਕਿ ਮੁਗ਼ਲਾਂ ਦੀ ਹਕੂਮਤ ਨੂੰ ਤੋੜਨ ਵਾਸਤੇ ਇਕ ਨਵੀਂ ਹਕੂਮਤ ਖੜੀ ਕਰ ਲਈ ਜਾਵੇ। ਇਸੇ ਗੱਲ ਨੂੰ ਅੱਗੇ ਰਖ ਕੇ ਜਦ ਬਾਬਾ ਰਾਮ ਸਿੰਘ ਜੀ ਨੇ ਦੇਖਿਆ ਕਿ ਹਿੰਦੀ ਕਮਜ਼ੋਰ ਹਨ ਤੇ ਵੇਲੇ ਦੀ ਹਕੂਮਤ ਹਿੰਦੁਸਤਾਨੀਆਂ ਦੇ ਜਜ਼ਬਾਤ ਦਾ ਖਿਆਲ ਨਹੀਂ ਕਰਦੀ ਤਾਂ ਹਿੰਦੁਸਤਾਨ ਵਿਚ ਸਵੈ-ਵਿਸ਼ਵਾਸ ਪੈਦਾ ਕਰਨ ਵਾਸਤੇ ਭੈਣੀ ਸਾਹਿਬ ਵਿਚ ਨਵਾਂ ਤਖਤ ਰਚ ਦਿਤਾ। ਨ ਸਿਰਫ ਨੌਕਰੀ ਆਦਿ ਤੋਂ ਹੀ ਰੋਕ ਦਿਤੇ ਗਏ ਸਗੋਂ ਥਾਂ-ਥਾਂ ਇਲਾਕਿਆਂ ਨੂੰ ਜੋੜਨ ਤੇ ਪਰੋਣ ਦੀ ਖਾਤਰ ਸੂਬੇ ਕਾਇਮ ਕਰ ਦਿਤੇ ਅਤੇ ਨਾਮਧਾਰੀਆਂ ਨੂੰ ਹੁਕਮ ਹੋਇਆ ਕਿ ਆਪਣੇ ਝਗੜੇ ਇਨ੍ਹਾਂ ਸੂਬਿਆਂ ਦੀ ਮਾਰਫਤ ਆਪਣੀਆਂ ਅਦਾਲਤਾਂ ਵਿਚ ਹੀ ਫੈਸਲੇ ਕਰਵਾਣ। ਇਸਦੇ ਨਾਲ ਹੀ ਨਾਮਧਾਰੀ ਸਿੰਘ ਭਾਵੇਂ ਅਜੇ ਮਾਮਲਾ ਤਾਂ ਦੇਂਦੇ ਸਨ, ਪਰ ਇਹ ਮਾਮਲਾ ਬਰਾਏ ਨਾਮ ਸੀ। ਅਸਲ ਵਿਚ ਉਹ ਆਪਣੀ ਆਮਦਨ, ਆਪਣੀ ਉਪਜੀਵਕਾ ਕਢ ਬਾਬਾ ਜੀ ਦੇ ਹਜ਼ੂਰ ਦੇਸ਼ ਕੌਮ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਭੇਜ ਦੇਂਦੇ ਸਨ।

ਬਾਬਾ ਰਾਮ ਸਿੰਘ ਜੀ ਦਾ ਕਾਇਮ ਕੀਤਾ ਹੋਇਆ ਇਹ ਬਰਾਬਰ ਦੀ ਹਕੂਮਤ ਦਾ ਤਰੀਕਾ ਏਨਾ ਕਾਮਯਾਬ ਸਾਬਤ ਹੋ ਰਿਹਾ ਸੀ ਕਿ ਬਦੇਸ਼ੀ ਸਰਕਾਰ ਇਸਨੂੰ ਦੇਖ ਕੇ ਅਤੀ ਭੈਭੀਤ ਹੋ ਗਈ। ਦੇਸ਼ ਨੇ ਬਾਬਾ ਜੀ ਦਾ ਸਾਥ ਨ ਦਿਤਾ। ਅਕਸਰ ਪਤਵੰਤਿਆਂ ਨੇ ਬਾਬਾ ਜੀ ਨਾਲ ਗਦਾਰੀ ਕੀਤੀ। ਜੇ ਅਜਕਲ੍ਹ ਦਾ ਸਮਾਂ ਹੁੰਦਾ ਤਾਂ ਬਾਬਾ ਜੀ ਦੇਰ ਦੇ ਕਾਮਯਾਬ ਹੁੰਦੇ।



Namdhari Elibrary NamdhariElibrary@gmail.com

# ਕਲਮ ਦੇ ਧਨੀ ਸ: ਖੁਸ਼ਵੰਤ ਸਿੰਘ
**ਐਮ. ਪੀ.**

ਨਾਮਧਾਰੀ ਸਿੱਖਾਂ ਦਾ ਭਾਰਤ ਦੇ ਵਿਚ ਸਵੈਤੰਤਰਤਾ ਸੰਘਰਸ਼ ਦੇ ਇਤਿਹਾਸ ਵਿਚ ਸ਼ਾਨਦਾਰ ਥਾਂ ਹੈ। ਇਹ ਨਾਮਿਲਵਰਤਨ ਤੇ ਸਵਦੇਸ਼ੀ ਪ੍ਰਚਾਰ ਨੂੰ ਰਾਜਨੈਤਕੀ ਸ਼ਸ਼ਤਰ ਵਰਤਣ ਦੇ ਮੋਢੀ ਹਨ। ਇਹਨਾਂ ਨੇ 1860 ਤੋਂ ਪਹਿਲਾਂ ਬਦੇਸ਼ੀ ਮਾਲ, ਸਰਕਾਰੀ ਸਕੂਲ, ਕਚਹਿਰੀਆਂ ਤੇ ਡਾਕ ਦਾ ਬਾਈਕਾਟ ਕੀਤਾ। ਇਨ੍ਹਾਂ ਨੇ ਮਹਾਤਮਾ ਗਾਂਧੀ ਜੀ ਜੀ ਦੇ ਖਾਦੀ ਦੇ ਪ੍ਰਚਾਰ ਤੋਂ 90 ਸਾਲ ਪਹਿਲਾਂ ਹੱਥ ਦੇ ਬਣੇ ਖਦਰ ਨੂੰ ਪਾਣ ਤੇ ਚੋਰ ਦਿੱਤਾ।

ਨਾਮਧਾਰੀ ਲੋਕ ਸਿਖ ਗੁਰੂਆਂ ਦੀਆਂ ਸਿਖਸ਼ਾ ਤੇ ਚਲਣ ਵਾਲੇ ਪੱਕੇ ਸਿਖ ਹਨ। ਇਨ੍ਹਾਂ ਦੇ ਗੁਰਦੁਆਰੇ ਅਡਬਰਾਂ ਤੋਂ ਉਪਰ ਹਨ ਤੇ ਨ ਹੀ ਗਰੰਥ ਸਾਹਿਬ ਤੇ ਵਧੀਆ ਕੀਮਤੀ ਰੇਸ਼ਮੀ ਚੰਦੋਆ ਤੇ ਖਰਚ ਕਰਦੇ ਹਨ ਤੇ ਨ ਹੀ ਬੁੱਤ ਪੂਜ ਪੁਜਾਰੀਆਂ ਵਾਂਗੂ ਮੁਠੀਆਂ ਭਰਦੇ ਹਨ। ਉਹ ਆਤਮ ਸੰਜਮੀ, ਜੀਵਨ ਬਿਤਾਂਦੇ ਹਨ। ਸਵਾਏ ਚਿੱਟੇ ਖੱਦਰ ਦੇ ਕਪੜਿਆਂ ਤੇ ਦੁਧ ਚੁਟੀ ਉਨ੍ਹਾਂ ਦੀ ਮਾਲਾ ਦੇ ਕੋਈ ਗਹਿਣਾ ਗੱਟਾ ਨਹੀਂ ਪਾਂਦੇ। ਇਨ੍ਹਾਂ ਦੇ ਵਿਵਾਹ ਵੀ ਵਾਜਿਆਂ ਗਾਜਿਆਂ ਵਾਲੀਆਂ ਬਰਾਤਾਂ ਤੇ ਢੁਕਾਵਾਂ ਤੋਂ ਬਿਨਾਂ ਹੁੰਦੇ ਹਨ ਤੇ ਆਨੰਦ ਕਾਰਜ ਤੇ 13 ਰੁਪਿਆਂ ਤੋਂ ਵਧ ਖਰਚਾ ਨਹੀਂ ਕਰਦੇ। ਇਹ ਧਰਮ ਸਥਾਨਾਂ ਵਿਚ ਸ਼ਿਸ਼ਟਾਚਾਰੀ ਨਾਲ ਸ਼ਬਦ ਕੀਰਤਨ ਕਰਦੇ ਹਨ ਅਤੇ ਖਾਣ ਪੀਣ ਦੇ ਨਿਯਮਾਨੁਸਾਰ ਪੱਕੇ ਵੈਸ਼ਨੋ ਹਨ ਤੇ ਤੰਬਾਕੂ ਤੇ ਸ਼ਰਾਬ ਆਦਿ ਦੀ ਵਰਤੋਂ ਉੱਕਾ ਹੀ ਨਹੀਂ ਕਰਦੇ।

ਸਿਖ ਰਾਜ ਦੇ ਅੰਤਮ ਦਿਨਾਂ ਵਿਚ ਨਾਮਧਾਰੀ ਲਹਿਰ ਦਾ ਉਤਰ-ਪੱਛਮੀ ਪ੍ਰਾਂਤ ਵਿਚ ਬੇਦੀ, ਸੋਢੀ ਜਿਹੜੇ ਗੁਰੂ ਸਾਹਿਬਾਨ ਦੀ ਅੰਸ਼ ਵਿਚੋਂ ਹਨ ਉਨ੍ਹਾਂ ਦੀਆਂ ਗੁਰਗਦੀਆਂ ਤੇ ਸਿਖਾਂ ਸ਼ਾਹੀ ਦੇ ਵਲਾਇਤੀ ਜੀਵਨ ਦੇ ਵਿਰੁਧ ਆਰੰਭ ਹੋਇਆ। ਪੰਜਾਬ ਦਾ ਅੰਗਰੇਜ਼ ਰਾਜ ਵਿਚ ਸ਼ਾਮਲ ਹੋ ਜਾਣ ਉਪਰੰਤ ਨਾਮ ਧਾਰੀਆਂ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਜਿਲਾ ਲੁਧਿਆਣਾ ਵਿਚ ਬਦਲ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਸਿਖਾਂ ਤੋਂ ਵਖਰੀ ਰਹਿਣੀ, ਬਹਿਣੀ ਤੇ ਭਜਨ ਬੰਦਗੀ ਦਾ ਢੰਗ ਬਦਲਿਆ। ਨਾਮਧਾਰੀ ਸਿਖ ਸੂਫੀ ਦਰਵੇਸ਼ਾਂ ਨਿਆਈ ਸ਼ਬਦ ਪੜ੍ਹਦੇ ਪੜ੍ਹਦੇ ਮਸਤ ਹੋ ਜਾਂਦੇ ਤੇ ਕੂਕਣ ਲਗ ਪੈਂਦੇ ਹਨ, ਜਿੰਨ੍ਹਾਂ ਕਾਰਨਾਂ ਕਰਕੇ ਇਨ੍ਹਾਂ ਦਾ ਨਾਉਂ ਕੂਕੇ



Namdhari Elibrary NamdhariElibrary@gmail.com

ਪੈ ਗਿਆ। ਇਨ੍ਹਾਂ ਨੇ ਦੁਧ ਚਿੱਟਾ ਖੱਦਰ ਪਾਣਾ ਸ਼ੁਰੂ ਕਰ ਦਿੱਤਾ ਅਤੇ ਸਿਰ ਤੇ ਉਹੋ ਅਸਲ ਸਿਖੀ ਦਸਤਾਰ ਕਇਮ ਰੱਖੀ।

ਨਾਮਧਾਰੀਆਂ ਦਾ ਬਦੇਸ਼ੀਆਂ ਨਾਲ ਟਕਰਾਉ ਹੋ ਗਿਆ ਅਤੇ ਕਈ ਖ਼ੂਨੀ ਝੜਪਾਂ ਹੋਈਆਂ। 99 ਸਿਖਾਂ ਨੂੰ ਤੋਪਾਂ ਨਾਲ ਉੜਾ ਦਿਤਾ ਗਿਆ ਅਤੇ ਗੁਰੂ ਰਾਮ ਸਿੰਘ ਜੀ ਨੂੰ ਧਰਮਾਂ ਅੰਦਰ 1972 ਵਿਚ ਜਲਾਵਤਨ ਕਰ ਦਿਤਾ ਗਿਆ।

ਸਤਿਗੁਰ ਰਾਮ ਸਿੰਘ ਪਿਛੋਂ ਉਨ੍ਹਾਂ ਦੇ ਛੋਟੇ ਭਾਈ, ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਨੇ ਜੀਵਨ ਢਾ ਸਾਰਾ ਸਮਾਂ ਸ੍ਰੀ ਭੈਣੀ ਸਾਹਿਬ ਵਿਚ ਨਜ਼ਰ ਬੰਦੀ ਦੀ ਹਾਲਤ ਵਿਚ ਗੁਜ਼ਾਰਿਆ। ਗੱਦੀ ਤੇ ਬੈਠੇ ਤੇ ਉਨ੍ਹਾਂ ਨੂੰ ਤੋਂ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਸਮੇਂ ਨਾਮਧਾਰੀਆਂ ਦੇ ਸਤਿਗੁਰੂ ਜਗਜੀਤ ਸਿੰਘ ਹਨ। ਇਨ੍ਹਾਂ ਦੇ ਦੋ ਕੇਂਦਰ ਹਨ। ਇਕ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਤੇ ਦੂਜਾ ਸ੍ਰੀ ਜੀਵਨ ਨਗਰ ਜਿਲ੍ਹਾ ਸਰਸਾ। ਇਨ੍ਹਾਂ ਦੇ ਚਾਰ ਪੱਤਰ ਛਪਦੇ ਹਨ। ਇਹ ਕਿਸਾਨਾਂ, ਦਸਤਕਾਰਾਂ, ਠੇਕੇਦਾਰਾਂ, ਪਸ਼ੂ-ਪਾਲਿਕਾਂ ਤੇ ਬਿਉਪਾਰੀਆਂ ਦਾ ਸੰਯੁਕਤ ਪੰਥ ਹੈ। ਜਿਹੜੇ ਇਸ ਦੇ ਕੋਨੇ ਕੋਨੇ ਦੂਰ ਦੂਰ ਤਕ ਫੈਲੇ ਹੋਏ ਹਨ।



Namdhari Elibrary NamdhariElibrary@gmail.com

## ਪ੍ਰੋਫ਼ੈਸਰ ਅਬਦੁਲ ਮਜੀਦ

ਜਦੋਂ ਵੀ ਕਿਸੇ ਕੌਮ ਤੇ ਵਿਦੇਸ਼ ਰਾਜ ਹੁੰਦਾ ਹੈ ਉਸਦੀ ਹਾਲਤ ਪਾਰੇ ਵਾਂਗ ਡੋਲਦੀ ਰਹਿੰਦੀ ਹੈ। ਉਸਦੇ ਮੰਨ ਵਿਚ ਅਨੇਕ ਤਰੰਗਾਂ ਉਭਰਦੀਆਂ ਤੇ ਦੱਬੀਆਂ ਰਹਿੰਦੀਆਂ ਹਨ। ਗੁਲਾਮ ਦੇਸ਼ ਨੂੰ ਆਜ਼ਾਦ ਕਰਾਣਾ ਆਸਾਨ ਨਹੀਂ, ਬੜੇ ਬਲਵਾਨ ਇਰਾਦੇ ਦੀ ਜ਼ਰੂਰਤ ਹੁੰਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਵੇਲੇ ਦੀ ਅੰਗਰੇਜ਼ ਹਕੂਮਤ ਨਾਲ ਮੁਕਾਬਲਾ ਕੀਤਾ। ਬੰਦੂਕ, ਤਲਵਾਰ ਜਾਂ ਤੋਪ ਜਾਂ ਕਿਸੇ ਹੋਰ ਹਥਿਆਰ ਨਾਲ ਨਹੀਂ ਬਲਕਿ 108 ਮਨਕੇ ਦੀ ਮਾਲਾ ਤੇ ਦ੍ਰਿੜ ਇਰਾਦੇ ਨਾਲ।

ਉਨ੍ਹਾਂ ਨੇ ਨਾ ਮਿਲਵਰਤਨ ਦੀ ਨੀਂਹ ਰੱਖੀ। ਸਰਕਾਰੀ ਸਕੂਲਾਂ, ਕਚਹਿਰੀਆਂ ਨਹਿਰਾਂ ਤੇ ਸੜਕਾਂ ਦਾ ਪ੍ਰਯੋਗ ਨਹੀਂ ਕੀਤਾ। ਰੂਸ, ਨੇਪਾਲ, ਅਫਗਾਨਿਸਤਾਨ ਤਕ ਉਨ੍ਹਾਂ ਦੇ ਨਿਆਈ ਪਹੁੰਚੇ, ਪਰ ਰੇਲ ਤੇ ਪੈਰ ਨਹੀਂ ਰਖਿਆ ਸੜਕਾਂ ਤੇ ਤੁਰੇ। ਇਥੋਂ ਲਗ ਕੇ ਨਹਿਰ ਦੇ ਕੰਢੇ ਉਗੀ ਟਾਹਲੀ ਦੀ ਦਾਤਨ ਨਹੀਂ ਕੀਤੀ ਛਾਵੇਂ ਨਹੀਂ ਬੈਠੇ। ਮਤਾਂ ਛਾਵੇਂ ਬਹਿਨ ਤੇ ਅੰਗਰੇਜ਼ ਦੇ ਧੰਨਵਾਦ ਲਈ ਮੰਨ ਵਿਚ ਭਾਵਨਾ ਨਾ ਪਵੇ।

ਰਣਜੀਤ ਸਿੰਘ ਦੇ ਵਕਤ ਅੰਗਰੇਜ਼ ਕੋਈ ਪੰਜਾਬ ਆਵੇ ਤਾਂ ਉਸਨੂੰ ਲਿਖ ਕੇ ਦੇਣਾ ਪੈਂਦਾ ਸੀ ਕਿ ਪੰਜਾਬ ਵਿਚ ਗਊ ਦਾ ਮਾਸ ਨਹੀਂ ਖਾਵਾਂਗੇ। ਪਰ ਪੰਜਾਬ ਤੇ ਕਬਜ਼ਾ ਕਰਦਿਆਂ ਹੀ ਅੰਗਰੇਜ਼ ਨੇ ਬੁਚੜ ਖਾਨੇ ਖੋਲ੍ਹ ਦਿਤੇ। ਇਸ ਉਪਕਾਰ ਨੂੰ ਨਾਮਧਾਰੀ ਸਿਖ ਨਾ ਸਹਾਰ ਸਕੇ ਤਾਂ ਕਈ ਥਾਈਂ ਬੁਚੜਾਂ ਨੂੰ ਕਤਲ ਕਰਦੇ ਖਿੜੇ ਮੱਥੇ ਫਾਂਸੀਆਂ ਨੂੰ ਚੁੰਮਿਆ। ਨਚਦੀਆਂ ਹੋਈਆਂ ਤੋਪਾਂ ਸਾਹਮਣੇ ਛਾਤੀਆਂ ਤਾਣੀਆਂ।

ਜਿਲੇ ਦੇ ਡਿਪਟੀ ਕਮਿਸ਼ਨਰ ਆਪਣੀਆਂ ਚਿੱਠੀਆਂ ਰਾਹੀਂ ਸੈਂਟਰ ਸਰਕਾਰ ਨੂੰ ਲਿਖਿਆ ਕਿ ਕੂਕਿਆਂ ਨੇ ਬਿਨਾਂ ਤੋਪ ਤਲਵਾਰ ਤੋਂ ਹੀ ਆਜ਼ਾਦੀ ਜੰਗ ਸ਼ੁਰੂ ਕਰ ਦਿੱਤੀ ਹੈ।

ਕਿਸੇ ਕੰਮ ਨੂੰ ਕਰਨ ਤੋਂ ਪਹਿਲਾਂ ਆਪਣੇ ਸੁਆਰਥ ਵਲ ਧਿਆਨ ਮਾਰੀਦਾ ਹੈ। ਪਰ ਕੂਕਿਆਂ ਨੇ ਜੋ ਕੰਮ ਕੀਤੇ ਹਨ ਇਨ੍ਹਾਂ ਵਿਚੋਂ ਨਿਜੀ ਸੁਆਰਥ ਦੀ ਮਸ ਨਹੀਂ ਮਿਲਦੀ। ਇਨ੍ਹਾਂ ਜੋ ਕੀਤਾ ਨਿਰਸੁਆਰਥ ਦੇਸ਼ ਹਿੱਤ ਕੀਤਾ। ਇਨ੍ਹਾਂ ਬੀਰਾਂ ਦੇ ਅੰਦਰ ਜਲਨ ਨਹੀਂ ਸੀ। ਈਰਖਾ, ਦਵੇਖ ਨਹੀਂ ਸੀ। ਇਨ੍ਹਾਂ ਦਾ ਰਿਸ਼ਤਾ ਪਿਆਰ ਦਾ ਰਿਸ਼ਤਾ ਸੀ। ਇਹ ਸਭ ਬਲਵਾਨ ਇਰਾਦਿਆਂ ਦਾ ਹੀ ਨਤੀਜਾ ਸੀ।

ਵਿਆਹ ਰਸਮ ਸਤਿਗੁਰੂ ਰਾਮ ਸਿੰਘ ਜੀ ਨੇ ਤੋਰੀ ਹੈ, ਇਸ ਤੋਂ ਸਾਦੀ ਤੇ ਸਸਤੀ ਕਿਤੋਂ ਵੀ ਨਹੀਂ ਮਿਲਦੀ।



Namdhari Elibrary NamdhariElibrary@gmail.com

## ਸ੍ਰ: ਕਰਮ ਸਿੰਘ ਐਡਵੋਕੇਟ

ਬਾਬਾ ਜੀ ਦਾ ਜਨਮ ਠੀਕ ਉਸ ਸਮੇਂ ਹੋਇਆ, ਜਦਕਿ ਤਮਾਮ ਸਿਖ ਘਰਾਣਿਆਂ ਅੰਦਰ ਆਮ ਕਰਕੇ ਤੇ ਸਿਖ ਦਰਬਾਰਾਂ ਅੰਦਰ ਖਾਸ ਕਰਕੇ, ਮਨ ਮਤ ਦਾ ਹੁਲੜ ਮਚ ਰਿਹਾ ਸੀ। ਗੁਰਬਾਣੀ ਦੀ ਕੋਈ ਸੂਝ ਨਹੀਂ ਸਿਖ ਸਰਦਾਰ, ਕਿੰਨੀ ਬੁਧਕੀਆਂ, ਗਲੀਕੈਂਠੇ, ਤੇ ਬਾਜ਼ੂ ਬੰਦ ਆਦਿਕ ਜ਼ੇਵਰਾਂ ਦੇ ਸ਼ੌਕੀਨ ਹੋ ਕੇ, ਮਨਮਤੀ ਬ੍ਰਾਹਮਣਾਂ ਦੇ ਵਹੇ ਚੜ੍ਹ ਕੇ ਪੋਪ ਲੀਲ੍ਹਾ ਦੇ ਮਗਰ ਲਗ ਰਹੇ ਸਨ। ਉਸ ਸਮੇਂ ਸ੍ਰੀ ਜੀ ਨੇ ਅਕਾਲੀ ਬਾਣੀ ਦੀ ਗੂੰਜ ਹਜ਼ਰੋ ਤੋਂ ਲੈ ਕੇ, ਅੰਬਾਲੇ ਦੇ ਮੱਘਰ ਪਾਰ ਦੇ ਲੋਕਾਂ ਤਕ ਪਹੁੰਚਾਈ,ਮੁੜ ਗੁਰਬਾਣੀ ਦਾ ਅਭਿਆਸ ਅੰਮ੍ਰਿਤ ਵੇਲੇ ਸਕੇਸੀ ਇਸ਼ਨਾਨ ਕਰਨਾ, ਏਹ ਸਿਖੀ ਦਾ ਇਕ ਜ਼ਰੂਰੀ ਅੰਗ ਬਣਾ ਦਿਤਾ।

ਦੁਨੀਆਂ ਅਜ ਪੋਲੀਟੀਕਲ ਲਹਿਰ ਦੇ ਝੁਕਾਉ ਵਲ ਜਾ ਰਹੀ ਹੈ। ਸ੍ਰੀ ਜੀ ਨੇ ਉਦੋਂ ਇਸ ਲਹਿਰ ਦਾ ਮੁਢ ਬੰਨ੍ਹਿਆਂ, ਜਦੋਂ ਨੀਵੀਂ ਗੁਲਾਮੀ ਲੋਕਾਂ ਪੁਰ ਅਸਰ ਕਰ ਚੁਕੀ ਸੀ, ਜਿਸਦਾ ਸਦਕਾ ਅਜ ਹਰ ਇਕ ਨਾਮਧਾਰੀ ਉਸਦਾ ਪਾਲਨ ਕਰਦਾ ਹੈ, ਜੇਹਾ ਕਿ ਬਦੇਸ਼ੀ ਚੀਜ਼ ਦਾ ਤਿਆਗ, ਸ਼ਰਾਬ ਤੋਂ ਪੂਰੀ ਪੂਰੀ ਘਿਰਨਾ, ਬਦੇਸ਼ੀ ਦੀ ਨੌਕਰੀ ਨ ਕਰਨਾ, ਆਪਣੇ ਐਸ਼ਵਰਯ ਦੀ ਪ੍ਰਾਪਤੀ ਦਾ ਯਤਨ ਕਰਨਾ ਆਦਿ ਆਦਿ। ਏਹ ਹੁਕਮ ਹਜ਼ੂਰ ਨੇ ਉਸ ਵੇਲੇ ਦਿਤੇ, ਜਦੋਂ ਹਕੂਮਤ ਦੇ ਖਿਲਾਫ਼ ਕਿਸੇ ਨੂੰ ਉਭਾਸਰਨ ਦਾ ਹੀਆ ਨਹੀਂ ਪੈਂਦਾ ਸੀ।—ਵਲੋਂ ਗਿਆਨੀ ਈਸ਼ਰ ਸਿੰਘ ਜੀ 'ਦਰਦ' ਗੋਬਿੰਦ ਗੜ੍ਹੀਏ ਹਾਲ ਸ਼ਿਮਲਾ।

ਜਿਸ ਵੇਲੇ ਸਿਖ ਰਾਜ ਗਿਆ ਤੇ ਸਿਖਾਂ ਨੂੰ ਸ਼ਖਤੀ ਨਾਲ ਦਬਾਇਆ ਗਿਆ ਉਸ ਸਮੇਂ ਲਖਾਂ ਸਿਖ ਪਤਤ ਹੋ ਗਏ ਸਨ ਤੇ ਸਿਖਾਂ ਵਿਚ ਬਹੁਤ ਉਦਾਸੀ ਛਾ ਗਈ ਸੀ। ਇਉਂ ਪ੍ਰਤੀਤ ਹੋਣ ਲਗ ਪਿਆ ਸੀ ਕਿ ਸਿਖੀ ਆਖਰੀ ਦਮਾਂ ਉਤੇ ਹੈ। ਗਦਰ ਵੇਲੇ ਸਿਖਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ ਤੇ ਆਪਣੇ ਸਰੀਰਕ ਬਲ ਉਤੇ ਕਾਇਮ ਨਹੀਂ ਹੈ। ਇਹ ਤਾਂ ਆਤਮਕ ਬਲ ਉਤੇ ਕਾਇਮ ਹੈ। ਹੋਰ ਫਿਰਕੇ ਤਾਂ ਧਰਮ ਬਿਨਾਂ ਕਾਇਮ ਰਹਿ ਸਕਦੇ ਹਨ, ਪਰ ਸਿਖ ਕੌਮ ਬਿਨਾਂ ਧਾਰਮਕ ਭਾਵ ਦੇ ਕਾਇਮ ਨਹੀਂ ਰਹਿ ਸਕਦੀ। ਇਹੋ ਵਡਾ ਭੇਦ ਸਿਖੀ ਵਿਚ ਹੈ। ਇਕ ਹਿੰਦੂ ਜੇ ਕੋਈ ਧਰਮ ਦਾ ਖਿਆਲ ਭੀ ਨਾ ਰਖੇ ਤਾਂ ਉਹ ਤਦ ਤਕ ਹਿੰਦੂ ਹੀ ਰਹੇਗਾ, ਜਦ ਤਕ ਕਿ ਉਹ ਖਾਸ ਉਦਮ ਨਾਲ ਧਰਮ ਨਾ ਬਦਲੇ। ਏਸੇ ਤਰ੍ਹਾਂ ਮੁਸਲਮਾਨ ਤੇ ਹੋਰ ਧਰਮਾਂ ਦਾ ਹਾਲ ਹੈ।



Namdhari Elibrary NamdhariElibrary@gmail.com

ਪਰ ਸਿਖ ਵਿਚ ਜਦ ਤਕ ਕੁਝ ਭੀ ਸਿਖੀ ਜਜ਼ਬਾ ਜਾਂ ਸਿਖੀ ਭਾਵ ਹੈ ਜਦ ਤਕ ਉਹ ਸਿਖ ਰਹੇਗਾ। ਜਦ ਕੋਈ ਜਜ਼ਬਾ ਭੀ ਉਸਦੇ ਅੰਦਰ ਨਾ ਰਹੇਗਾ ਤਾਂ ਉਹ ਪਤਿਤ ਹੋ ਜਾਵੇਗਾ। ਦਰਖਤ ਉਤੇ ਚੜ੍ਹਨ ਲਈ ਹਿੰਮਤ ਦੀ ਲੋੜ ਹੈ, ਡਿਗਣ ਲਈ ਤਾਂ ਕੇਵਲ ਹਥ ਹੀ ਛਡ ਦੇਣੇ ਹਨ, ਆਪੇ ਹੇਠਾਂ ਆ ਪਈਦਾ ਹੈ। ਏਸੇਤ੍ਰਾਂ ਸਿਖ ਧਰਮ ਵਿਚ ਰਹਿਣ ਲਈ ਕਿਸੇ ਉਦਮ, ਕਿਸੇ ਜਜ਼ਬੇ ਦੀ ਲੋੜ ਹੈ। ਸਿਖੀ ਤਾਂ ਹਿੰਮਤ ਨਾਲ ਉਤੇ ਚੜ੍ਹਨ ਵਿਚ ਹੈ। ਹਿੰਮਤ ਛਡ ਦੇਵੇ ਤਾਂ ਪਤਿਤ ਹੋ ਕੇ ਹੇਠਾਂ ਆ ਜਾਈਦਾ ਹੈ।

ਸਿਖ ਧਰਮ ਨੂੰ ਕਾਇਮ ਰਖਣ ਲਈ ਸਿਖ ਜਜ਼ਬਾ, ਸਿਖੀ ਅਣਖ ਤੇ ਸਿਖ ਧਰਮ ਉਤੇ ਨਿਸ਼ਚਾ ਹੋਣਾ ਜ਼ਰੂਰੀ ਹੈ। ਇਹ ਗਲਾਂ ਸਿਖ ਰਾਜ ਮਗਰੋਂ ਬੜੀ ਛੇਤੀ ਛੇਤੀ ਘਟ ਰਹੀਆਂ ਸਨ ਤੇ ਸਿਖ ਧਰਮ ਡਾਵੇਂ ਖਤਰੇ ਵਿਚ ਸੀ। ਸਿਖ ਮਹਾਤਮਾ ਪ੍ਰਚਾਰ ਕਰਦੇ ਸਨ ਪਰ ਉਹ ਸਿਖੀ ਨੂੰ ਸੁਰਜੀਤ ਨਹੀਂ ਕਰ ਸਕੇ ਸਨ। ਬਾਬਾ ਰਾਮ ਸਿੰਘ ਜੀ ਵਿਚ ਉਹ ਸਿਖੀ ਪੂਰੀ ਸੀ ਜਿਸਨੇ ਸਾਰੇ ਪੰਥ ਵਿਚ ਮੁੜ ਉਤਸ਼ਾਹ ਪੈਦਾ ਕਰ ਦਿਤਾ ਸੀ। ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਇਹ ਨਤੀਜਾ ਨਿਕਲਿਆ ਕਿ ਸਾਰੇ ਪੰਜਾਬ ਵਿਚ ਸਿਖੀ ਅਣਖ ਦੀ ਲਹਿਰ ਦੌੜ ਗਈ। ਹਰ ਪਾਸੇ ਨਾਮ ਤੇ ਸ਼ਬਦ ਦੀ ਗੂੰਜ ਉਠਣ ਲਗ ਪਈ।

## ਪ੍ਰੋ: ਛਬੀਲਦਾਸ ਜੀ
ਐਮ. ਏ.

ਜਦ ਤਕ ਹਿੰਦੁਸਤਾਨ ਗੁਲਾਮ ਹੈ, ਸਾਡੇ ਵਾਸਤੇ ਭੀ ਕੌਮੀ ਸ਼ਹੀਦ ਦੀ ਪੂਰੀ ਪੂਰੀ ਕਦਰ ਕਰਨੀ ਬਿਲਕੁਲ ਅਸੰਭਵ ਹੈ। ਕੂਕਾ ਪੰਥ ਦੇ ਜਨਮ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਉਸ ਵੇਲੇ ਦੇ ਬਰਤਾਨੀ ਸਮਰਾਜਵਾਦ ਨਾਲ ਟੱਕਰ ਲੈਣ ਦਾ ਪ੍ਰੋਗਰਾਮ ਬਣਾਇਆ, ਜਿਸ ਵੇਲੇ ਲਗਭਗ ਸਾਰਾ ਹੀ ਦੇਸ਼ ਬੇਖਬਰੀ ਦੀ ਨੀਂਦ ਵਿਚ ਮਦਹੋਸ਼ ਸੁਤਾ ਪਿਆ ਸੀ। ਇਹ ਠੀਕ ਹੈ ਕਿ ਆਪਣੇ ਪੈਰਾਂ ਉਤੇ ਖੜੇ ਹੋਣ ਦੀ ਸਿਖਿਆ ਦੇਸ਼ ਨੇ ਨਾ ਮਿਲਵਰਤਣ ਦੇ ਬਾਨੀ ਮਹਾਤਮਾ ਗਾਂਧੀ ਤੋਂ ਪ੍ਰਾਪਤ ਕੀਤੀ ਹੈ। ਪਰ ਸੱਚ ਪੁਛਿਆ ਜਾਵੇ ਤਾਂ ਇਸ ਸਿਖਿਆ ਦੇ ਦਾਤਾ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹੀ ਸਨ। ਉਹਨਾਂ ਦੇ ਸਿੱਦਕੀ ਸਿੱਖਾਂ ਦੇ ਜੀਵਨ ਹੀ ਇਸ ਬਾਤ ਦਾ ਸਬੂਤ ਹਨ ਕਿ ਆਪ ਦੇਸ਼ ਤੇ ਕੌਮ ਨੂੰ ਕਿਥੇ ਲੈ ਜਾਣਾ ਚਾਹੁੰਦੇ ਸਨ। ਅੰਗਰੇਜ਼ੀ ਸਰਕਾਰ, ਗੁਰੂ ਮਹਾਰਾਜ ਦੀਆਂ ਇਹਨਾਂ ਕੋਸ਼ਿਸ਼ਾਂ ਦੀ ਤਹਿ ਤਕ ਪਹੁੰਚ ਗਈ ਤੇ ਗੁਰੂ ਮਹਾਰਾਜ ਦੇ ਅੰਦੋਲਨ ਨੂੰ ਬਾਗੀ ਠਹਿਰਾ ਦਿਤਾ ਗਿਆ।



Namdhari Elibrary NamdhariElibrary@gmail.com

## ਡਾ: ਕਾਲਾ ਸਿੰਘ ਬੇਦੀ

ਸ੍ਰੀ ਗੁਰੂ ਨਾਨਕ ਦੇਵ ਦੀ ਪੈਦਾਇਸ਼ ਸਮੇਂ ਭਾਰਤ ਦੀ ਹਾਲਤ ਬਹੁਤ ਹੀ ਨਾਜ਼ਕ ਹੋ ਚੁਕੀ ਸੀ। ਸ਼ਾਸਕ ਵਰਗ ਆਪਣੇ ਸੁਖਾਂ ਦੀ ਪੂਰਤੀ ਲਈ ਗਰੀਬ ਜਨਤਾ ਦਾ ਲਹੂ ਜੋਕਾਂ ਵਾਂਗ ਚੂਸ ਰਹੇ ਸਨ। ਪ੍ਰਜਾ ਨਾਲ ਔਲਾਦ ਵਰਗਾ ਸਲੂਕ ਨਹੀਂ ਸੀ ਕੀਤਾ ਜਾਂਦਾ। ਜ਼ਾਤ ਪਾਤ, ਊਚ-ਨੀਚ, ਛੂਤ-ਛਾਤ, ਵਡੇ-ਛੋਟੇ ਅਤੇ ਅਮੀਰ ਗਰੀਬ ਦੇ ਵਿਤਕਰੇ ਹਿਮਾਲੇ ਪਰਬਤ ਨਾਲੋਂ ਵੀ ਉਚੇ ਸਨ। ਇਸਤਰੀ ਜਾਤੀ ਦਾ ਕੋਈ ਸਨਮਾਨ ਨਹੀਂ ਕੀਤਾ ਜਾਂਦਾ ਸੀ। ਇਸਤਰੀ ਸਮਾਜ ਨੂੰ ਨਫਰਤ ਨਾਲ ਦੇਖਿਆ ਜਾਦਾ ਸੀ। ਦੇਸ਼ ਦੀ ਆਰਥਕ ਤੇ ਨੈਤਿਕ ਅਵਸਥਾ ਡਾਵਾਂ ਡੋਲ ਸੀ। ਭਾਰਤੀ ਸਮਾਜ ਦਾ ਧੁਰਾ, ਧਰਮ ਸੀ ਜੋ ਇਸ ਵੇਲੇ ਵਿਕ੍ਰਤ ਹੋ ਚੁਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਾਰੀ ਸਥਿਤੀ ਦਾ ਜਾਇਜ਼ਾ ਬਚਪਨ ਵਿਚ ਹੀ ਲੈ ਲਿਆ ਸੀ। ਆਪ ਦਾ ਪਵਿਤਰ ਮਨ ਜਗਤ-ਜਲੰਦੇ ਨੂੰ ਦੇਖ ਕੇ ਪਿਘਲ ਗਿਆ ਤੇ ਆਪ ਨੇ ਇਨ੍ਹਾਂ ਕਰੜਿਆਂ ਸਮਿਆਂ ਵਿਚ ਰਾਜ ਨੀਤੀ ਦੇ ਵਿਰੁਧ ਆਵਾਜ਼ ਉਠਾਈ ਤੇ ਸ਼ਾਸਕ ਵਰਗ ਦੀਆਂ ਸਖਤੀਆਂ ਦਾ ਪਰਦਾ ਫਾਸ਼ ਕੀਤਾ। ਪਰਮਾਤਮਾ ਦੀ ਏਕਤਾ ਉਪਰ ਬਲ ਦਿਤਾ ਤੇ ਸਦਾਚਾਰ ਅਤੇ ਭਾਈਚਾਰੇ ਦੀ ਪਰੇਰਨਾ ਦਿਤੀ। ਇਸਤਰੀ ਸਮਾਜ ਲਈ ਆਵਾਜ਼ ਬੁਲੰਦ ਕੀਤੀ। ਹਿੰਦੂ ਧਰਮ ਦੀ ਕਿਸ਼ਤੀ ਜੋ ਘੁੰਮਣ ਘੇਰੀਆਂ ਵਿਚ ਫਸੀ ਹੋਈ ਸੀ ਤੇ ਗਰਕ (ਡੁਬਣ) ਹੋਣ ਵਾਲੀ ਸੀ ਉਸ ਨੂੰ ਸਹਾਰਾ ਦਿਤਾ ਤੇ ਇਕ ਅਮੀਰੁਲ ਬਹਿਰ ਦੀ ਹਸਤੀ ਵਿਚ ਕਿਨਾਰੇ ਤੇ ਲੇ ਆਏ। ਇਸਤਰੀ ਸਮਾਜ ਨੂੰ ਮਨੁਖ-ਸਮਾਜ ਦੀ ਬਰਾਬਰੀ ਪੇਰਦਾਨ ਕੀਤੀ। ਗੁਰਮਤ ਦੀ ਇਹ ਲਹਿਰ ਜਦ ਕਲਗੀਧਰ (ਦਸਮ-ਨਾਨਕ) ਤਕ ਪਹੁੰਚੀ, ਆਪ ਨੇ (ਗੁਰੂ ਗੋਬਿੰਦ ਸਿੰਘ) ਭਾਰਤ ਵਾਸੀਆਂ ਦੀ ਹਾਲਤ ਦਾ ਜਾਇਜ਼ਾ ਐਕਸਰੇ ਨਜ਼ਰਾਂ ਨਾਲ ਕੀਤਾ ਅਤੇ "ਖਾਲਸਾ ਪੰਥ" ਦੀ ਸਥਾਪਨਾ ਕੀਤੀ ਅਤੇ ਇਸ ਪੰਥ ਨੂੰ ਵਾਹਿਗੁਰੂ ਨੂੰ ਸਮਰਪਤ ਕਰ ਦਿਤਾ—ਵਾਹਿਗੁਰੂ ਜੀ ਕਾ ਖਾਲਸਾ...। ਇਨ੍ਹਾਂ ਵੀਰ ਬਹਾਦਰਾਂ ਨੂੰ ਅੰਮ੍ਰਿਤ ਛਕਾ ਕੇ ਭਾਰਤੀ ਸੰਸਕ੍ਰਿਤੀ ਦੀ ਰਖਿਆ ਦਾ ਆਦੇਸ਼ ਦਿਤਾ। ਗਊ, ਗਰੀਬ, ਅਪਾਹਜ, ਤੇ ਮਜ਼ਲੂਮਾਂ ਦੀ ਸਹਾਇਤਾ ਕਰਨ ਦਾ ਹੁਕਮ ਦਿਤਾ। ਖਾਲਸਾ ਆਪਣੇ ਦਸਾਂ ਗੁਰੂਆਂ ਦੀ ਨੀਤੀ ਉਪਰ ਚਲਦੇ ਹੋਏ ਦੇਸ਼ ਸੁਤੰਤਰਤਾ ਲਈ ਅਗੇ ਵਧੇ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਪੰਜਾਬੀ ਸੁਤੰਤਰ ਰਾਜ ਕਾਇਮ ਕੀਤੀ। ਮਹਾਰਾਜਾ ਦਾ ਇਹ ਰਾਜ ਲੋਕ-ਤੰਤਰੀ ਸੀ ਜਿਸ ਵਿਚ ਪੰਜਾਬੀਅਤ ਦਾ ਬੂਟਾ ਵਧ ਫੁਲ ਕੇ ਸਾਇਆਦਾਰ ਬਣ ਗਿਆ। ਜਿਸ ਦੀਆਂ ਮਾਵਾਂ ਵਰਗੀਆਂ ਠੰਡੀਆਂ



Namdhari Elibrary NamdhariElibrary@gmail.com

ਛਾਵਾਂ ਹੇਠ ਪੰਜਾਬੀਆਂ ਨੇ ਸੁਖ ਦਾ ਸਾਹ ਲਿਆ। ਰਜਵੀਂ ਰੋਟੀ ਖਾਧੀ, ਤੇ ਭਾਈਚਾਰੇ ਤੇ ਪ੍ਰੇਮ ਦੀ ਬੁਕਲ ਵਿਚ ਇਕ ਮਿਕ ਹੋ ਗਏ, ਵਿਤਕਰਿਆਂ ਦੇ ਨਾਮ ਨਿਸ਼ਾਨ ਮਿਟ ਗਏ। ਪਰ ਇਹ ਹਾਲਤ ਜ਼ਿਆਦਾ ਦੇਰ ਤਕ ਨਹੀਂ ਰਹੀ ਕਿਉਂਕਿ ਮਹਾਰਾਜਾ ਰਣਜੀਤ ਸਿੰਘ, ਸ਼ੇਰੇ ਪੰਜਾਬ, ਦੇ ਅਕਾਲ ਚਲਾਣੇ ਮਗਰੋਂ ਖਾਲਸਾ ਫੌਜਾਂ ਵਿਚ ਫੁਟ ਪੈ ਗਈ ਜਿਸਦਾ ਲਾਭ ਅੰਗਰੇਜ਼ਾਂ ਨੇ ਉਠਾਇਆ। ਪੰਜਾਬ ਵਿਚ ਲੋਕ-ਤੰਤਰੀ ਰਾਜ ਖਤਮ ਹੋਇਆ ਤੇ ਉਸ ਦੀ ਜਗ੍ਹਾ ਅੰਗਰੇਜ਼ੀ ਰਾਜ ਨੇ ਸੰਭਾਲ ਲਈ।

ਪੰਜਾਬ ਵਿਚ ਖਾਲਸਾ ਰਾਜ ਦੀ ਪੁਨਰ ਸਥਾਪਨਾ ਲਈ ਇਕ ਮਹਾਨ ਲਹਿਰ ਦਾ ਵਜੂਦ ਕਾਇਮ ਹੋਇਆ, ਇਹ ਸੀ ਨਾਮਧਾਰੀ (ਕੂਕਾ) ਲਹਿਰ, ਜਿਸ ਦੇ ਸੰਸਥਾਪਕ ਤੇ ਮਹਾਨ ਆਗੂ ਸਨ ਬਾਬਾ ਰਾਮ ਸਿੰਘ। ਆਪ (ਬਾਬਾ ਰਾਮ ਸਿੰਘ) ਖਾਲਸਾ ਫੌਜ ਵਿਚ ਮੁਲਾਜ਼ਮ ਰਹਿ ਚੁਕੇ ਸਨ, ਉਨ੍ਹਾਂ ਨੇ ਸਿਖ ਰਾਜ ਦੀ ਪ੍ਰਫੁਲਤਾ, ਪ੍ਰਭੁਤਾ ਤੇ ਢਹਿੰਦੀ ਕਲਾ ਨੂੰ ਆਪਣੀਆਂ ਅਖਾਂ ਨਾਲ ਤਕਿਆ ਸੀ। ਉਹ ਖਾਲਸਾ ਰਾਜ ਦੇ ਪਤਨ ਦੇ ਅਸਲੀ ਧਾਰਮਿਕ ਕਾਰਣਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਆਪ ਜੀ ਨੇ ਅਨੁਭਵ ਕੀਤਾ ਕਿ ਸਿਖਾਂ ਵਿਚ ਬੀਰਤਾ, ਦਲੇਰੀ ਤੇ ਚੜ੍ਹਦੀ ਕਲਾ ਦੀ ਭਾਵਨਾ ਜਾਗ੍ਰਤ ਤੇ ਸੁਦ੍ਰਿੜ ਕਰਨ ਲਈ, ਨਾਮ ਸਿਮਰਨ, ਕਿਰਤ ਕਰਨ, ਵੰਡ ਛਕਣ ਤੇ ਗੁਰਬਾਣੀ ਦੇ ਪ੍ਰਚਾਰ ਅਤੇ ਪਰਸਾਰ ਅਤੇ ਸਦਾਚਾਰਕ ਮਿਆਰ ਦੀ ਡਾਢੀ ਲੋੜ ਹੈ, ਕਿਉਂਕਿ ਅੰਗਰੇਜ਼ਾਂ ਦੀ ਛਤ੍ਰ ਛਾਇਆ ਹੇਠਾਂ ਗੁਰਬਾਣੀ ਤੇ ਭਾਰਤੀ ਸੰਸਕ੍ਰਿਤੀ ਨੂੰ ਜ਼ਬਰਦਸਤ ਧਕਾ ਲਗਾ ਸੀ। ਕੁਝ ਸਾਲਾਂ ਵਿਚ ਹੀ ਆਪਦੀ ਚਲਾਈ ਲਹਿਰ (ਕੂਕਾ ਲਹਿਰ) ਸਿਖ ਸ਼ਕਤੀ ਦਾ ਮਜ਼ਬੂਤ ਸੰਗਠਨ ਬਣ ਗਿਆ ਤੇ ਲਖਾਂ ਦੀ ਸੰਖਿਆ ਵਿਚ ਲੋਕ ਇਸ ਲਹਿਰ ਦੇ ਪੈਰੋਕਾਰ ਬਣ ਗਏ ਕਿਉਂਕਿ ਇਸ ਲਹਿਰ ਦਾ ਆਧਾਰ ਹੀ ਮਾਨਵਤਾ ਸੀ। ਇਸ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਅੰਗਰੇਜ਼ ਸਰਕਾਰ ਚਿੰਤਾਤੁਰ ਹੋਈ ਅਤੇ ਫਲ ਸਰੂਪ ਕੂਕਿਆਂ ਦੇ ਜਲਸਿਆਂ ਤੇ ਉਤਸਵਾਂ ਉਪਰ ਪਾਬੰਦੀਆਂ ਲਾਈਆਂ ਜਾਣ ਲਗ ਪਈਆਂ। ਸੰਨ 1857 ਦੀ ਪਹਿਲੀ ਜੰਗਿਆਜ਼ਾਦੀ ਲਹਿਰ ਵਿਚ ਈਸਟ ਇੰਡੀਆ ਕੰਪਨੀ ਅਸਫਲ ਰਹੀ ਤੇ ਪੰਜਾਬ ਉਪਰ ਅੰਗਰੇਜ਼ੀ ਰਾਜ ਦਾ ਅਧਿਕਾਰ ਹੋ ਗਿਆ। ਚੂੰਕਿ ਅੰਗਰੇਜ਼ ਨਾ ਤਾਂ ਮੁਸਲਮਾਨ ਸਨ ਤੇ ਨਾ ਹੀ ਹਿੰਦੂ, ਇਸ ਲਈ ਆਪਣੇ ਰਾਜ ਨੂੰ ਪਕਾ ਤੇ ਸੁਦ੍ਰਿੜ ਬਨਾਉਣ ਲਈ ਉਨ੍ਹਾਂ ਨੇ ਰਾਜਨੀਤੀ ਦੀਆਂ ਕਈ ਚਾਲਾਂ ਖੇਡਣੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਚਾਲਾਂ ਵਿਚੋਂ ਇਕ ਚਾਲ ਸੀ ਕਿ ਪੰਜਾਬ ਵਿਚ ਬੁਚੜਖਾਨੇ ਖੋਲ੍ਹੇ ਗਏ ਤੇ ਗਊ-ਹਤਿਆ ਦੀ ਸਮਸਿਆ ਪੈਦਾ ਹੋ ਗਈ। ਕੂਕਾ ਲਹਿਰ ਤੋ ਗਊ-ਗਰੀਬ ਦੀ ਰਖਿਆ ਲਈ ਵਜੂਦ ਵਿਚ ਆਈ ਸੀ, ਇਸ ਲਈ ਬਾਬਾ ਰਾਮ ਸਿੰਘ ਜੀ ਦੇ ਸਚੇ ਸੇਵਕਾਂ ਨੇ ਬੁਚੜਾਂ ਨੂੰ ਅੰਮ੍ਰਿਤਸਰ ਤੇ ਰਾਏਕੋਟ ਤੇ ਅਖੀਰ ਮਲੇਰ ਕੋਟਲੇ ਵਿਚ ਕਤਲ ਕਰ ਦਿਤਾ। ਸੰਨ 1872 ਈ: ਵਿਚ ਮਾਘੀ ਨੂੰ ਭੈਣੀ ਸਾਹਿਬ ਵਿਚ ਇਕ ਬਹੁਤ ਵਡਾ ਇਕਠ ਬੁਲਾਇਆ ਗਿਆ। ਇਸ ਅਵਸਰ ਦੇ ਛੇਤੀ ਹੀ ਪਿਛੋਂ ਮਲੇਰ ਕੋਟਲੇ ਦਾ ਸਾਕਾ ਵਰਤਿਆ। ਜਿਸ ਵਿਚ ਲਗ ਪਗ 66 ਦੇ ਕਰੀਬ ਕੂਕੇ



Namdhari Elibrary NamdhariElibrary@gmail.com

ਤੋਪਾਂ ਅਗੇ ਉਡਾ ਦਿਤੇ ਗਏ। ਅੰਗਰੇਜ਼ੀ ਸਰਕਾਰ ਹੁਣ ਕੂਕਾ ਲਹਿਰ ਤੋਂ ਬੇਜ਼ਾਰ ਹੋ ਗਈ ਤੇ ਇਸ ਲਹਿਰ ਨੂੰ ਦਬਾਉਣ ਲਈ ਬਾਬਾ ਰਾਮ ਸਿੰਘ ਜੀ ਨੂੰ ਜਿਲ੍ਹਾਵਤਨ ਕਰ ਦਿਤਾ ਗਿਆ ਅਤੇ ਇਸ ਘਟਨਾ ਪਿਛੋਂ ਬਾਬਾ ਰਾਮ ਸਿੰਘ ਜੀ ਦੇ ਛੋਟੇ ਭਾਈ ਬੁਧ ਸਿੰਘ ਜੋ ਮਗਰੋਂ ਹਰੀ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਏ, ਕੂਕਾ ਲਹਿਰ ਦੇ ਆਗੂ ਥਾਪੇ ਗਏ। ਅੰਗਰੇਜ਼ਾਂ ਇਸ ਮਹਾਨ ਕਰੂਬਲ ਨੂੰ ਤਹਿਸ ਨਹਿਸ ਕਰਨ ਲਈ ਕੂਕਿਆਂ ਦੇ ਗੁਰਧਾਮਾਂ ਤੇ ਪਾਬੰਦੀਆਂ ਲਾ ਦਿਤੀਆਂ, ਤੇ ਸਖਤੀ, ਤਸ਼ਦਦ ਦਾ ਦੌਰ ਚਲਦਾ ਰਿਹਾ। ਇਹ ਠੀਕ ਹੈ ਕਿ ਨਾਮਧਾਰੀ ਲਹਿਰ ਭਾਵੇਂ ਧਾਰਮਿਕ ਭਾਵਨਾਵਾਂ ਵਿਚੋਂ ਉਪਜੀ ਸੀ ਪਰ ਅਗੇ ਚਲ ਕੇ ਇਸ ਨੇ ਬਹੁਤ ਹੀ ਮਹਤਵ ਪੂਰਣ ਕਾਰਨਾਮਿਆਂ ਦੀ ਸਿਲਾਧਾਰ ਰਖੀ। ਸ਼ੁਰੂ ਸ਼ੁਰੂ ਵਿਚ ਇਹ ਲਹਿਰ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਨਹੀਂ ਸੀ। ਪਰ ਆਪਣੀ ਹੋਂਦ ਨੂੰ ਕਾਇਮ ਰਖਣ ਤੇ ਗੁਰਮਤ ਦਾ ਪਰਚਾਰ, ਵਤਨ-ਪ੍ਰਸਤੀ ਦੇ ਜਜ਼ਬੇ ਨੂੰ ਉਭਾਰਨ ਲਈ ਆਪਣੇ ਗੁਰੂ ਦੀ ਅਗਵਾਈ ਹੇਠ 22 ਸੂਬੇ ਸਥਾਪਤ ਕੀਤੇ ਤੇ ਆਪਣਾ ਹੀ ਡਾਕ ਤੇ ਅਦਾਲਤੀ ਪ੍ਰਬੰਧ-ਢਾਂਚਾ ਕਾਇਮ ਕੀਤਾ। ਇਸ ਦੇ ਨਾਲ ਨਾਲ ਸੁਦੇਸ਼ੀ (ਭਾਰਤੀ) ਵਸਤਾਂ ਨੂੰ ਅਪਨਾਉਣ ਤੇ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ ਕੀਤਾ। ਅੰਗਰੇਜ਼ੀ ਵਿਦਿਆ ਤੇ ਅਲਮਦਾਰੀ ਨਾਲ ਪੂਰਨ ਨਾ-ਮਿਲਵਰਤਨ ਦਾ ਮਾਰਗ ਅਪਨਾਇਆ। ਜੋ ਪਿਛੋਂ ਕਾਂਗਰਸ ਵਲੋਂ ਚਲਾਏ ਗਏ ਮਹਾਤਮਾ ਗਾਂਧੀ ਦੇ ਸ਼ਾਂਤਮਈ ਅੰਦੋਲਨ (ਤਹਿਰੀਕੇ ਅਦਮ ਤਸ਼ਦਦ) ਦਾ ਇਕ ਵਡਾ ਭਾਗ ਤੇ ਅਨਿਖੜਵਾਂ ਅੰਗ ਬਣ ਗਿਆ। ਅੰਗਰੇਜ਼ੀ ਜਾਂ ਵਿਦੇਸ਼ੀ ਮਾਲ ਬਾਈਕਾਟ ਕੀਤਾ ਗਿਆ। ਅੰਗਰੇਜ਼ੀ ਰੰਗ ਢੰਗ ਦੀ ਵਿਦਿਅਕ ਪ੍ਰਣਾਲੀ ਦੇ ਟਾਕਰੇ ਵਿਚ ਬਾਬਾ ਰਾਮ ਸਿੰਘ ਦੇ ਹੁਕਨਾਮਿਆਂ ਅਨੁਸਾਰ ਗੁਰਮੁਖੀ ਅਖਰਾਂ ਤੇ ਪੰਜਾਬੀ ਬੋਲੀ ਨੂੰ ਗ੍ਰਹਿਣ ਕਰਨ ਉਤੇ ਬਹੁਤ ਬਲ ਦਿਤਾ ਗਿਆ। ਇਹ ਹਕੀਕਤ ਸਿਧ ਕਰਦੀ ਹੈ ਕਿ ਕੂਕਾ-ਲਹਿਰ ਦਾ ਮਨੋਰਥ ਵਕਤੀ ਸੰਘਰਸ਼ਾਂ ਤੋਂ ਕਿਤੇ ਉਚੇਰਾ, ਵਡੇਰਾ ਤੇ ਡੂੰਘੇਰਾ ਸੀ। ਇਸ ਲਹਿਰ ਨੇ ਅਨੇਕਾਂ ਦੇਸ਼ ਭਗਤ ਪੈਦਾ ਕੀਤੇ ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ (ਸਦਰ) ਬਾਬਾ ਸੋਹਣ ਸਿੰਘ ਭਕਨਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਵਿਸਤ੍ਰਿਤ ਚਰਚਾ ਤੋਂ ਸਾਡਾ ਇਹ ਮਤਲਬ ਹੈ ਕਿ ਪੰਜਾਬ ਦੇ ਰਾਜਸੀ ਸਮਾਚਾਰਾਂ ਨੂੰ ਘੜਨ ਤੇ ਬਦਲਣ ਵਿਚ ਕੂਕਾ ਲਹਿਰ ਨੇ ਸਾਰਥਕ ਯੋਗਦਾਨ ਦਿਤਾ ਹੈ ਅਤੇ ਅੰਗਰੇਜ਼ ਸਾਮਰਾਜ ਵਿਰੁਧ ਚਲਾਏ ਗਏ ਸੰਗਰਾਮਾਂ ਤੇ ਅੰਦੋਲਨਾਂ ਵਿਚੋਂ ਇਸ ਲਹਿਰ ਨੂੰ ਵੀ ਮੁਖੀ ਮੰਨਿਆ ਜਾ ਸਕਦਾ ਹੈ ਜਿਸ ਨੇ ਆਪਣੇ ਕਾਰਨਾਮਿਆਂ ਰਾਹੀਂ ਦੇਸ਼ ਭਗਤੀ, ਕੌਮੀ ਏਕਤਾ ਤੇ ਪਿਆਰ ਜਜ਼ਬੇ ਨੂੰ ਲੋਕ ਸਮੂੰਹ ਵਿਚ ਜਾਗ੍ਰਤ ਕੀਤਾ।

ਉਪਰ ਅਸੀਂ ਕੂਕਾ ਲਹਿਰ ਦੀਆਂ ਰਾਜਸੀ ਸੇਵਾਵਾਂ ਦਾ ਜ਼ਿਕਰ ਕੀਤਾ ਹੈ। ਇਸ ਲਈ ਜੇ ਅਸੀਂ ਇਸ ਲਹਿਰ ਦੇ ਸਦਾਚਾਰਕ (ਇਖਲਾਕੀ) ਪਹਿਲੂਆਂ ਬਾਰੇ ਸੰਖੇਪ ਜਿਹੀ ਚਰਚਾ ਨਹੀਂ ਕਰਾਂਗੇ, ਤਦ ਇਹ ਬੇਇਨਸਾਫੀ ਹੋਵੇਗੀ। ਸਤਿਗੁਰੂ ਨਾਨਕ ਦੇਵ ਨੇ ਸਭ ਤੋਂ ਉਚਾ ਸਚ ਨੂੰ ਮੰਨਿਆ ਹੈ ਤੇ ਆਚਾਰ ਨੂੰ ਸੱਚ ਤੋਂ ਵੀ ਵਡਾ ਕਿਹਾ



Namdhari Elibrary NamdhariElibrary@gmail.com

ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਸਤੋਗੁਣੀ ਆਹਾਰ ਨੂੰ ਪ੍ਰਥਾਮਿਕਤਾ ਦਿਤੀ ਹੈ। ਕੂਕਾ ਲਹਿਰ ਦੇ ਪੈਰੋਕਾਰਾਂ ਦੇ ਰੋਜ਼ਾਨਾ ਜੀਵਨ ਉਪਰ ਜੇ ਝਾਤ ਮਾਰੀਏ ਤਦ ਪਤਾ ਚਲਦਾ ਹੈ ਕਿ ਇਹ ਲੋਕ ਮਾਸ, ਸ਼ਰਾਬ, ਚੋਰੀ, ਯਾਰੀ, ਠੱਗੀ ਅਤੇ ਝੂਠ ਤੋਂ ਪਰਹੇਜ਼ ਕਰਦੇ ਹਨ। ਬਿਆਜ ਨਾ ਲੈਣਾ, ਜਿਣਸ ਦੇ ਕੇ ਸਵਾਈ ਡਿਊੜੀ ਨਹੀਂ ਲੈਣੀ, ਕਰਜ਼ਾ ਲੈ ਕੇ ਵਾਪਸ ਕਰਨਾ, ਕਿਸੇ ਨੂੰ ਧੋਖੇ ਤੇ ਫਰੇਬ ਦੇ ਜਾਲਾਂ ਵਿਚ ਨਹੀਂ ਫਸਾਉਣਾ ਇਹ ਇਨ੍ਹਾਂ ਦੀ ਜੀਵਨੀ ਦੇ ਨਿਯਮ ਹਨ।

ਮੁਕਦੀ ਗਲ ਇਹ ਕਿ ਇਹ ਲੋਕ ਸ਼ੁਭ ਕਰਮਾਂ ਤੇ ਨੇਕੀਆਂ ਦੇ ਭੰਡਾਰ ਹਨ, ਜੋ ਆਮ ਲੋਕਾਂ ਦਾ ਪਰੇਰਣਾ ਸਰੋਤ ਬਣ ਸਕਦੇ ਹਨ। ਸਾਦਗੀ-ਪਸੰਦ ਤੇ ਇਲਮ ਦੋਸਤ ਹਨ ਇਹ ਲੋਕ। ਅਸਾਂ ਜ਼ਾਤੀ ਤੌਰ ਤੇ ਇਨਾਂ ਲੋਕਾਂ ਦਾ ਨੇੜ ਪ੍ਰਾਪਤ ਕਰਕੇ ਦੇਖਿਆ ਹੈ ਕਿ ਕੂਕਾ ਲਹਿਰ ਦੇ ਪੈਰੋਕਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚੇ ਸੁਚੇ ਉਪਾਸ਼ਕ ਹਨ। ਇਕ ਐਸਾ ਸਮਾਂ ਆਇਆ ਕਿ ਆਮ ਸਿਖ ਅੰਗਰੇਜ਼ੀ ਹਕੂਮਤ ਦੇ ਅਸਰ ਅਧੀਨ ਗੁਰਮਤ ਵਿਚਾਰਧਾਰਾ ਜਾਂ ਸਿਖੀ ਤੋਂ ਕੁਝ ਦੁਰੇਡੇ ਹੋ ਗਏ ਤਦ ਵੀ ਕੂਕੇ ਆਪਣੇ ਉਚੇ ਗੁਰਮਤ ਸਿਧਾਂਤਾਂ ਤੇ ਪੂਰਨ ਤੌਰ ਤੇ ਦ੍ਰਿੜ ਰਹੇ, ਅਟੱਲ ਰਹੇ, ਅਚੱਲ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਗੁਰਧਾਮ ਜਾਣ ਮਗਰੋਂ ਪੰਜਾਬ ਉਪਰ ਨਿਰਾਸ਼ਤਾ ਤੇ ਉਦਾਸੀਨਤਾ ਦੀਆਂ ਕਾਲੀਆਂ ਬੋਲੀਆਂ ਘਟਾਵਾਂ ਛਾ ਗਈਆਂ ਸਨ, ਪਰ ਕੋਈ ਵੀਹ ਕੁ ਸਾਲ ਮਗਰੋਂ ਕੂਕਾ ਲਹਿਰ ਦੇ ਰੂਪ ਵਿਚ ਆਸ਼ਾ ਦੀ ਕਿਰਣ ਚਮਕੀ। ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਦੇਖ ਬਾਬਾ ਰਾਮ ਸਿੰਘ ਨੇ ਸੁਵਤੰਤਰਤਾ ਸੰਗਰਾਮ ਦਾ ਮਾਰਗ ਦਰਸ਼ਨ ਕੀਤਾ। ਆਪ ਨੇ ਵੀ ਇਕ ਬੁਲੰਦ ਪਾਇਆ ਨੇਤਾ (ਆਗੂ) ਵਾਂਗ ਆਪਣੇ ਸਮੇਂ ਵਿਚ ਉਸ ਵੇਲੇ ਦੀਆਂ ਲੋੜਾਂ ਦੀ ਪੂਰਤੀ ਲਈ ਪਰ ਅਧੀਨ ਹੋ ਚੁਕੇ ਦੇਸ਼ ਵਾਸੀਆਂ ਨੂੰ 1857 ਈ: ਦੀ ਪਹਿਲੀ ਆਜ਼ਾਦੀ ਦੀ ਲੜਾਈ ਮਗਰੋਂ ਦੂਸਰੀ ਜੰਗੇ ਆਜ਼ਾਦੀ ਲਈ ਪਰੇਰਨਾ ਦਿਤੀ।

ਸ੍ਰੀ ਗੁਰੂ ਹਰਿਗੋਬਿੰਦ ਦੇ ਸਮੇਂ ਇਕ ਫਾਰਸੀ ਦਾ ਇਤਿਹਾਸਕਾਰ ਮੁਹਸਬ ਫਾਨੀ ਸੀ ਜਿਸ ਨੇ ਦਬਸਤਾਨੇ ਮਜ਼ਾਹਬ ਨਾਮੀ ਫਾਰਸੀ ਵਿਚ ਕਿਤਾਬ ਲਿਖੀ। ਇਸ ਸਖਸ਼ ਨੂੰ ਗੁਰੂ ਘਰ ਨਾਲ ਬਹੁਤ ਪਿਆਰ ਸੀ ਤੇ ਨੇੜ ਵੀ। ਇਸ ਨੇ ਲਿਖਿਆ ਹੈ ਕਿ ਸਤਿਗੁਰੂ ਨਾਨਕ ਤੋਂ ਲੈ ਕੇ ਹਰਿਗੋਬਿੰਦ ਸਾਹਿਬ ਤਕ ਗੁਰੂ ਕੋਈ ਨਸ਼ਾ ਨਹੀਂ ਕਰਦੇ ਸਨ ਤੇ ਨਾ ਹੀ ਉਨ੍ਹਾਂ ਦੇ ਲੰਗਰ ਵਿਚ ਮਾਸ ਪਕਾਇਆ ਜਾਂਦਾ ਸੀ। ਗੁਰੂ ਸਾਹਿਬਾਨ ਦਾ ਇਸ਼ਟ ਦੇਵ ਇਕ ਪਰਮਾਤਮਾ (੧ਓ) ਹੀ ਸੀ। ਪਰ ਆਪ ਹਿੰਦੂਆਂ ਦੇ ਅਵਤਾਰਾਂ ਦੇਵੀ ਦੇਵਤਿਆਂ ਮੁਸਲਮਾਨਾਂ ਦੇ ਪੀਰ ਪੈਗੰਬਰਾਂ ਦਾ ਨਾਮ ਬੜੇ ਪਿਆਰ ਤੇ ਸਤਿਕਾਰ ਨਾਲ ਲੈਂਦੇ ਸਨ। ਕੂਕਾ ਲਹਿਰ ਦੇ ਪੈਰੋਕਾਰ ਗੁਰੂ ਸਾਹਿਬਾਨ ਦੇ ਇਨ੍ਹਾਂ ਸਿਧਾਂਤਾਂ ਨਾਲ ਪੂਰਾ ਪੂਰਾ ਇਤਫਾਕ ਰਖਦੇ ਹਨ ਤੇ ਇਨ੍ਹਾਂ ਸਿਧਾਂਤਾਂ ਦੇ ਆਮਲ ਵੀ ਹਨ।

ਇਸ ਵੇਲੇ ਮਾਨਵਤਾ ਖਤਰੇ ਵਿਚ ਪੈ ਗਈ ਹੈ। ਸੰਸਾਰ ਭਰ ਵਿਚ ਆਤੰਕਵਾਦੀਆਂ ਨੇ ਊਧਮ ਮਚਾਇਆ ਹੋਇਆ ਹੈ। ਖਾਸ ਕਰ ਪੰਜਾਬ ਵਿਚ ਤੇ ਇਖਲਾਕੀ ਤੇ



Namdhari Elibrary NamdhariElibrary@gmail.com

ਧਾਰਮਿਕ ਸੀਮਾਵਾਂ ਟੁਟ ਚੁਕੀਆਂ ਹਨ। ਗੁਰੂ ਨਾਨਕ ਵਿਚਾਰਧਾਰਾ ਵਲੋਂ ਮੂੰਹ ਮੋੜ ਕੇ ਉਗਰਵਾਦੀ ਬੇਗੁਨਾਹਾਂ ਦੇ ਕਤਲ ਕਰ ਰਹੇ ਹਨ ਤੇ ਮਾਨਵਤਾ ਨੂੰ ਆਪਣੇ ਕਾਲੇ ਕਾਰਨਾਮਿਆਂ ਨਾਲ ਦਾਗੀ ਕਰ ਰਹੇ ਹਨ। ਸੋ ਸਾਡੀ ਕੂਕਾ ਲਹਿਰ ਅਗੇ ਬੇਨਤੀ ਹੈ ਕਿ ਆਪਣੇ ਸ਼ੁਧ ਆਚਰਣ ਅਤੇ ਅਮਲੀ ਜੀਵਨ ਦੇ ਸਹਾਰੇ ਗੁਰਮਤ ਵਿਚਾਰਧਾਰਾ ਦਾ ਸਹੀ ਢੰਗ ਨਾਲ ਪਰਚਾਰ ਤੇ ਪਾਸਾਰ ਕਰਨ ਤਾਂ ਕਿ ਮੁੜ ਲੋਕ ਇਨਸਾਨੀ ਜੀਵਨ ਨੂੰ ਅਪਣਾ ਸਕਣ।

## ਦੀਵਾਨ ਬਹਾਦਰ

**ਰਾਜਾ ਨਰੇਂਦਰ ਨਾਥ ਲਾਹੌਰ**

ਸ੍ਰੀ 108 ਹਜ਼ੂਰ ਮਹਾਰਾਜ ਗੁਰੂ ਰਾਮ ਸਿੰਘ ਜੀ ਸਾਹਿਬ ਨੇ ਸਿਖ ਕੌਮ ਵਿਚ ਦੋਰ ਨਵੀਂ ਰੂਹ ਫੂਕ ਕੇ ਗਊ ਗਰੀਬ ਦੀ ਰਖਿਆ ਕੀਤੀ। ਆਪ ਦੇ ਹੀ ਪਾਏ ਪੂਰਣਿਆਂ ਉਤੇ ਚਲ ਕੇ ਅਤੇ ਆਪ ਦੇ ਹੀ ਸੁਨਿਹਰੀ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਇਸ ਪਰਮ ਉਦੇਸ਼ ਨੂੰ ਪੂਰਾ ਕਰਨ ਲਈ ਸੈਂਕੜੇ ਨਾਮਧਾਰੀ ਸਿਖਾਂ ਨੇ ਮਲੇਰ ਕੋਟਲੇ ਵਿਚ ਖੁਸ਼ੀ ਖੁਸ਼ੀ ਆਪਣੇ ਜੀਵਣ ਵਾਰ ਦਿਤੇ ਤੇ ਸ਼ਹੀਦੀ ਮੁਰਾਤਬਾ ਪਾ ਗਏ। ਭਾਰਤ ਦੇ ਇਤਿਹਾਸ ਵਿਚ ਗਊ ਰਖਿਆ ਲਈ ਆਪਾ ਵਾਰਨ ਦੀ ਇਹ ਪਹਿਲੀ ਹੀ ਸ਼ਾਨਦਾਰ ਮਿਸਾਲ ਹੈ।



Namdhari Elibrary NamdhariElibrary@gmail.com

## ਸ੍ਰ: ਸੂਰਤ ਸਿੰਘ
ਬੀ. ਏ. ਬੀ-ਟੀ.

ਖ'ਲਸਈ ਐਸ਼ਵਰਜ ਦਾ ਸੂਰਜ ਢਲ ਗਿਆ ਤੇ ਸਿੱਖਾਂ ਨੇ ਦੁਨੀਆਂ ਨੂੰ ਦਸ ਦਿਤਾ ਕਿ ਇਕ ਅਜ਼ਾਦ ਤੇ ਗੁਲਾਮ ਕੌਮ ਵਿਚ ਕੀ ਫਰਕ ਹੋਇਆ ਕਰਦਾ ਹੈ—ਅਰਥਾਤ ਸਿਖ ਆਪਣੀ ਪਹਿਲੀ ਸ਼ਾਨ ਨੂੰ ਭੁਲ ਕੇ ਆਪਣੇ ਨਵੇਂ ਆਏ ਹਾਕਮਾਂ ਦੇ ਗੋਲੇ ਬਣ ਕੇ ਉਨ੍ਹਾਂ ਵਾਸਤੇ ਹਰ ਥਾਂ ਆਪਣਾ ਸਿਰ ਵਾਰਨ ਵਾਸਤੇ ਤਿਆਰ ਹੋ ਗਏ—ਚੁਨਾਂਚਿ ਇਕ ਅੰਗਰੇਜ਼ ਅਫਸਰ ਉਨ੍ਹਾਂ ਦਾ ਜ਼ਿਕਰ ਕਰਦਾ ਹੋਇਆ ਵਲੈਤ ਨੂੰ ਲਿਖਦਾ ਹੈ,—"ਸਿਖਾਂ ਨੇ ਸਾਨੂੰ ਬਰਮਾ ਦੀ ਲੜਾਈ ਵਿਚ ਚੋਖੀ ਸਹਾਇਤਾ ਦਿੱਤੀ, ਸਾਨੂੰ ਉਨ੍ਹਾਂ ਤੋਂ ਡਰ ਸੀ ਕਿ ਉਹ ਆਪਣੀ ਪਹਿਲੀ ਦਸ਼ਾ ਨੂੰ ਯਾਦ ਰਖਣਗੇ ਅਤੇ ਸਾਡੇ ਲਈ ਏਨੇ ਲਾਭਦਾਇਕ ਨਹੀਂ ਸਾਬਤ ਹੋਣਗੇ, ਪਰ ਨਹੀਂ ਉਹ ਲੰਮੀ ਯਾਦ ਦਾਸ਼ਤ ਵਾਲੇ ਬੰਦੇ ਨਹੀਂ ਤੇ ਉਨ੍ਹਾਂ ਵਿਚੋਂ ਸਾਡੀਆਂ ਫੌਜਾਂ ਲਈ ਬੜੇ ਸੋਹਣੇ ਸਿਪਾਹੀ ਮਿਲ ਸਕਦੇ ਹਨ, ਮੈਂ ਇਸ ਗੱਲ ਤੋਂ ਫਾਇਦਾ ਉਠਾ ਰਿਹਾ ਹਾਂ।"

ਬਾਬਾ ਰਾਮ ਸਿੰਘ ਜੀ ਦੇ ਦਿਲ ਵਿਚ ਗੈਰਤ ਤੇ ਖੁਦਦਾਰੀ ਉਸੇ ਤਰ੍ਹਾਂ ਹੀ ਉਬਾਲੇ ਮਾਰਦੀ ਸੀ ਜਿਸ ਤਰ੍ਹਾਂ ਕਿ ਪਹਿਲਾਂ। ਚੁਨਾਂਚਿ ਜਿਸ ਵੇਲੇ ਆਪਣੇ ਨਾਮਧਾਰੀਆਂ ਨੂੰ ਉਪਦੇਸ਼ ਦਿਤਾ ਤਾਂ ਬਾਕੀ ਗਲਾਂ ਵਿਚ ਇਹ ਵੀ ਆਖਿਆ—"ਚੰਡੀ ਦੀ ਵਾਰ ਜ਼ਰੂਰੀ ਪੜ੍ਹਨੀ—ਬਸਤਰ ਖੱਦਰ ਦੇ ਸਫੈਦ ਪਹਿਨਣੇ, ਵਿਦੇਸੀਆਂ ਦੀ ਨੌਕਰੀ ਨਹੀਂ ਕਰਨੀ" ਮਤਲਬ ਇਹ ਸੀ ਕਿ ਉਹ ਸਿਖਾਂ ਵਿਚ ਖੁਦਦਾਰੀ ਵਾਲੀ ਅਣਖੀਲੀ ਜੰਗਜੂ ਸਪਿਰਟ ਕਾਇਮ ਰਖਣਾ ਚਾਹੁੰਦੇ ਸਨ। ਆਪ ਸਮਝਦੇ ਸਨ ਕਿ ਵਿਦੇਸ਼ੀ ਰਾਜਾ ਹਟਵਾਣੀਆਂ ਹੈ ਅਤੇ ਉਹ ਭਾਰਤ ਵਿਚ ਆਪਣੀਆਂ ਚੀਜ਼ਾਂ ਵੇਚਣ ਵਾਸਤੇ ਅੱਡਾ ਜਮਾ ਰਿਹਾ ਹੈ—ਇਸ ਨਾਲ ਉਹ ਭਾਰਤ ਨੂੰ ਨਿਪੁੰਸਕ ਕਰ ਦੇਵੇਗਾ ਅਤੇ ਸਦਾ ਲਈ ਨਕਾਰਾ ਬਣਾ ਦੇਵੇਗਾ—ਇਸ ਲਈ ਆਪ ਨੇ ਇਸ ਦੇ ਬਰਖਿਲਾਫ ਆਵਾਜ਼ ਉਠਾਈ—ਆਪ ਇਹ ਵੀ ਚੰਗੀ ਤਰ੍ਹਾਂ ਵੇਖਦੇ ਸਨ ਕਿ ਫਰੰਗੀ ਦੀ ਵਡੀ ਤਾਕਤ ਦੇਸੀ ਬੰਦਿਆਂ ਵਿਚੋਂ ਹੀ ਬਣੀ ਹੋਈ ਹੈ। ਉਹ ਜਾਣਦੇ ਸਨ ਕਿ ਜੇ ਹਿੰਦੁਸਤਾਨੀ ਉਸ ਦੇ ਮਾਲ ਦਾ ਬਾਈਕਾਟ ਕਰਕੇ ਉਸ ਨਾਲ ਪੂਰਾ ਨਾ-ਮਿਲਵਰਤਣ ਕਰ ਦੇਣਗੇ ਤਾਂ ਉਸ ਲਈ ਭਾਰਤ ਵਰਸ਼ ਵਿਚ ਕੇਵਲ ਰਾਜ ਕਰਨ ਲਈ ਇਕ ਦਿਨ ਵੀ ਰਹਿਣਾ ਅਸੰਭਵ ਹੋ ਜਾਵੇਗਾ—ਆਪ ਏਹ ਵੀ ਜਾਣਦੇ ਸਨ ਕਿ ਹਿੰਦੀ ਅਜੇਹੀ ਗਿਰੀ ਹੋਈ ਦਸ਼ਾ ਵਿਚ ਜਾ ਚੁਕੇ ਹਨ, ਕਿ ਉਹ ਵਿਦੇਸ਼ੀ ਬੁਰੀ ਪਰ ਬਾਹੂ ਬਲ ਵਾਲੀ ਤਾਕਤ ਦਾ ਮੁਕਾਬਲਾ ਬਾਹੂ-ਬਲ ਨਾਲ ਕਰਨ ਦੇ ਅਸਮਰਥ ਹਨ ਇਸ ਲਈ ਆਪ ਨੇ ਸਿਖਾਂ ਵਿਚ ਐਨੀ ਜੰਗਜੂ ਸਪਿਰਟ ਕਾਇਮ ਕਰਦਿਆਂ ਹੋਇਆਂ ਵੀ ਉਨ੍ਹਾਂ ਨੂੰ ਸ਼ਾਂਤਮਈ ਰਹਿਣ ਦਾ ਪੱਕਾ ਉਪਦੇਸ਼ ਦਿਤਾ।



Namdhari Elibrary NamdhariElibrary@gmail.com

## ਸ੍ਰੀ ਮਹਾਸ਼ਾ ਕ੍ਰਿਸ਼ਨ ਜੀ
### ਰੋਜ਼ਾਨਾ 'ਪ੍ਰਤਾਪ' ਲਾਹੌਰ

ਜਦ ਮੈਂ ਮਹਾਰਾਜ ਦੇ ਜੀਵਨ ਉਤੇ ਨਿਗਾਹ ਮਾਰਦਾ ਹਾਂ ਤੇ ਸੋਚਦਾ ਹਾਂ ਕਿ ਉਸਦਾ ਕਿਹੜਾ ਭਾਗ ਵਿਸ਼ੇਸ਼ ਮਹੱਤਵ ਰਖਦਾ ਹੈ, ਤਾਂ ਮਹਾਰਾਜ ਦੇ ਜੀਵਨ ਦੇ ਮੈਨੂੰ ਦੋ ਪਹਿਲੂ ਵਿਖਾਈ ਦਿੰਦੇ ਹਨ। ਇਕ ਰਾਜਨੀਤਕ ਦੇ ਦੂਸਰਾ ਹੈ ਧਾਰਮਿਕ। ਉਹਨਾਂ ਅਜ ਤੋਂ 70 ਵਰ੍ਹੇ ਪਹਿਲਾਂ ਜਨਤਾ ਨੂੰ ਉਹ ਰਾਜਨੀਤਕ ਗੁਰ ਸਿਖਲਾਏ ਜਿਨ੍ਹਾਂ ਉਤੇ ਅਜ ਸਿਰਫ ਸਾਡਾ ਹੀ ਦੇਸ਼ ਨਹੀਂ ਬਲਕਿ ਸਾਰਾ ਸੰਸਾਰ ਆਚਰਨ ਕਰ ਰਿਹਾ ਹੈ। ਇਸੇ ਗੁਰ ਦੀ ਸਹਾਇਤਾ ਨਾਲ ਹੀ ਕਈ ਦੇਸ਼ਾਂ ਨੇ ਸੁਤੰਤਰਤਾ ਪ੍ਰਾਪਤ ਕੀਤੀ ਹੈ। ਮਹਾਤਮਾ ਗਾਂਧੀ ਜੀ ਨੇ ਸਭ ਤੋਂ ਪਹਿਲਾਂ ਸੰਨ 1919 ਵਿਚ ਅਸਹ ਜੋਗ ਅਰ ਸਤਿਆਗ੍ਰਹਿ ਦੀ ਸਿਖਿਆ ਦਿਤੀ ਹਿੰਦੁਸਤਾਨ ਨੂੰ ਇਸ ਵੇਲੇ ਤਕ ਜੋ ਕੁਝ ਪ੍ਰਾਪਤ ਹੋਇਆ ਹੈ ਇਸੇ ਸ਼ਾਸਤਰ ਦੇ ਪ੍ਰਯੋਗ ਨਾਲ, ਪਰ ਸ੍ਰੀ ਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਏਹੀ ਉਪਦੇਸ਼ ਅਜ ਤੋਂ 70 ਸਾਲ ਪਹਿਲੇ ਦਿਤਾ ਸੀ ਕਿ ਅਦਭੁਤ ਅਚਰਜ ਨਹੀਂ ਕਿ ਮਹਾਰਾਜ ਨੂੰ ਉਸ ਵੇਲੇ ਹੀ ਬਦੇਸ਼ੀ ਹਕੂਮਤ ਵਿਰੁਧ ਇਤਨੀ ਜ਼ਬਰਦਸਤ ਘਿਰਣਾ ਸੇ ਜਿਤਨੀ ਮੇਰੇ ਦੇਸ਼ਵਾਸੀ ਅਜ ਪ੍ਰਗਟ ਕਰ ਰਹੇ ਹਨ। ਉਹਨਾਂ ਨੇ ਇਸ ਪਵਿਤਰ ਭਾਰਤ ਭੂਮੀ ਨੂੰ ਬਦੇਸ਼ੀ ਰਾਜ ਦੀ ਗੁਲਾਮੀ ਤੋਂ ਛੁਡਾਣ ਲਈ ਅਸਹਯੋਗ ਦਾ ਗੁਰ ਸਿਖਲਾਇਆ। ਮਹਾਰਾਜ ਦੇ ਸਿਖ ਇਸ ਵੇਲੇ ਤਕ ਗੁਰੂ ਉਤੇ ਆਚਰਨ ਕਰ ਰਹੇ ਹਨ ਤੇ ਉਹਨਾਂ ਦਾ ਸਹਿਯੋਗ ਕਾਂਗਰਸ ਦੇ ਸਹਿਯੋਗ ਨਾਲੋਂ ਬਹੁਤ ਸਖਤ ਹੈ। ਉਹ ਇਸ ਵੇਲੇ ਕਿਸੇ ਵੀ ਕੰਮ ਵਿਚ ਅੰਗਰੇਜ਼ੀ ਰਾਜ ਦੀ ਸ਼ਰਮ ਦਾ ਖਿਆਲ ਤਕ ਨਹੀਂ ਕਰਦੇ। ਅਦਾਲਤਾਂ ਵਿਚ ਉਹ ਨਹੀਂ ਜਾਂਦੇ, ਅੰਗਰੇਜ਼ੀ ਦਵਾਈਆਂ ਉਹ ਨਹੀਂ ਵਰਤਦੇ। ਉਹ ਹੋਰ ਭੀ ਅਨੇਕ ਐਸੀਆਂ ਗੱਲਾਂ ਜਿਨ੍ਹਾਂ ਨੂੰ ਅਜ ਕਲ੍ਹ ਅਸਹਜੋਗੀ ਬੁਰਾ ਨਹੀਂ ਸਮਝਦੇ। ਤਦ ਕੀ ਮਹਾਰਾਜ ਦਾ ਮਿਸ਼ਨ ਪੁਲੀਟੀਕਲ ਸੀ ? ਨਾ ਹੀ ਉਹਨਾਂ ਦਾ ਮਿਸ਼ਨ ਸੱਚੇ ਅਰਥਾਂ ਵਿਚ ਧਾਰਮਕ ਸੀ। ਮੈਂ ਧਰਮ ਨੂੰ ਮਤ ਮਾਤਰਾ ਵਾਲੇ ਸੰਕੁਚਿਤ ਅਰਥਾਂ ਵਿਚ ਨਹੀਂ ਲੈਂਦਾ। ਅਨਿਆਂ ਜ਼ੁਲਮ ਕਿਤੇ ਭੀ ਹੋਵੇ, ਉਸਦੇ ਵਿਰੁਧ ਆਵਾਜ਼ ਉਠਾਣਾ ਧਰਮ ਦਾ ਸਭ ਤੋਂ ਵੱਡਾ ਅੰਗ ਹੈ। ਮਹਾਰਾਜ ਇਸ ਨੂੰ ਅਨਿਆਂ ਸਮਝਦੇ ਸਨ ਕਿ ਇਕ ਕੌਮ ਦੂਸਰੀ ਕੌਮ ਉਤੇ ਹਕੂਮਤ ਕਰੇ। ਇਸ ਵਾਸਤੇ ਉਨ੍ਹਾਂ ਦਿਨਾਂ ਵਿਚ ਜਦ ਭਾਰਤ ਵਰਤ ਦਾ ਤੰਦ ਤੰਣਾ ਵਿਗੜਿਆ ਹੋਇਆ ਸੀ। ਬਦੇਸ਼ੀ ਹਕੂਮਤ ਨੂੰ ਦੇਸ਼ ਵਿਚੋਂ ਕੱਢਣਾ ਤਾਂ ਕਿਤੇ ਰਿਹਾ,



Namdhari Elibrary NamdhariElibrary@gmail.com

ਉਸਦੇ ਵਿਰੁਧ ਆਵਾਜ਼ ਉਠਾਣ ਦੀ ਕਿਸੇ ਨੂੰ ਹਿੰਮਤ ਨਹੀਂ ਪੈਂਦੀ ਸੀ, ਉਨ੍ਹਾਂ ਇਸਦੇ ਵਿਰੁਧ ਆਵਾਜ਼ ਉਠਾਈ ਤੇ ਪਰਜਾ ਨੂੰ ਆਵਾਜ਼ ਪ੍ਰਾਪਤ ਕਰਨ ਲਈ ਅਮਲੀ ਤੌਰ ਤੇ ਤਿਆਰ ਕੀਤੀ। ਇਹੀ ਕਾਰਨ ਹੈ ਕਿ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਜਲਾ ਵਤਨ ਕਰਕੇ ਬਰਮਾ ਵਿਚ ਨਜ਼ਰਬੰਦ ਕਰ ਦਿਤਾ। ਮਹਾਰਾਜ ਬੜੇ ਭਾਰੀ ਗਊ ਭਗਤ ਸਨ। ਉਨ੍ਹਾਂ ਗਊ ਮਾਤਾ ਨੂੰ ਬੁਚੜ ਦੇ ਛੁਰੇ ਤੋਂ ਬਚਾਉਣ ਦਾ ਜਤਨ ਕੀਤਾ। ਇਹ ਭੀ ਇਸੇ ਬਾਤ ਦਾ ਪ੍ਰਮਾਣ ਹੈ ਕਿ ਆਪ ਅਨਿਆਂ ਹੁੰਦਾ ਦੇਖ ਕੇ ਸਹਾਰ ਨਹੀਂ ਸਕੇ ਸਨ। ਉਨ੍ਹਾਂ ਦੀ ਨਿਆਂ ਪ੍ਰਿਯਤਾ ਦਾ ਇਹ ਇਕ ਉਜਵਲ ਪ੍ਰਮਾਣ ਹੈ ਕਿ ਮਾਸ ਖਾਣ ਦਾ ਸਖਤ ਨਿਸ਼ੇਦ ਕੀਤਾ ਤੇ ਉਹਨਾਂ ਦਾ ਕੋਈ ਭੀ ਸਿਖ ਜਾਂ ਸ਼ਰਧਾਲੂ ਮਾਸ ਦੇ ਨੇੜੇ ਨਹੀਂ ਜਾ ਸਕਦਾ। ਆਪ ਦੀ ਸਿਖਿਆ ਸਭ ਤੋਂ ਜ਼ਿਆਦਾ ਪਿਆਰੀ ਲਗਦੀ ਹੈ।

ਮਹਾਰਾਜ ਨੇ ਆਪਣੇ ਸਿਖਾਂ ਵਿਚ ਜੋ ਰੂਹ ਫੂਕੀ ਹੈ। ਉਹ ਉਸੇ ਵੇਲੇ ਤੋਂ ਆਪਣਾ ਕੰਮ ਕਰ ਰਹੀ ਹੈ। ਨਾਮਧਾਰੀ ਸਾਦਾ ਜੀਵਨ ਬਤੀਤ ਕਰਦੇ ਹਨ, ਖੱਦਰ ਪਹਿਨਦੇ ਹਨ ਤੇ ਮਾਸ ਸ਼ਰਾਬ ਨੂੰ ਹੱਥ ਭੀ ਨਹੀਂ ਲਾਉਂਦੇ, ਸਦਾ ਚਾਰੀ ਜੀਵਨ ਗੁਜ਼ਾਰਦੇ ਹਨ। ਇਸ ਤੋਂ ਵਧ ਕੇ ਮਹਾਰਾਜ ਦੇ ਮਿਸ਼ਨ ਦੀ ਸਫਲਤਾ ਦਾ ਕੀ ਪ੍ਰਮਾਣ ਹੋ ਸਕਦਾ ਹੈ ? ਕਾਸ਼ ! ਗੁਰੂ ਰਾਮ ਸਿੰਘ ਜੀ ਮਹਾਰਾਜ ਜੈਸੀ ਆਤਮਾ ਫੇਰ ਪ੍ਰਗਟ ਹੋਵੇ ਤਾਂ ਭਾਰਤ ਦਾ ਸਾਰਾ ਕਸ਼ਟ ਮਿਟ ਜਾਵੇ।



Namdhari Elibrary NamdhariElibrary@gmail.com

## ਸੂ: ਹਰਸਾ ਸਿੰਘ ਚਾਤਰ

ਉਸ ਕਲਿਜੁਗ ਅੰਦਰ ਆ ਕੇ ਸਤਿਜੁਗ ਵਰਤਾਇਆ ।
ਉਸ ਸੁੱਤਾ ਮੁਲਕ ਪੰਜਾਬ ਦਾ ਲਾ ਅਣਖ ਜਗਾਇਆ ।
ਉਸ ਨਾਮ ਗੁਰਮੰਤ੍ਰ ਜੀਹਦਿਆ ਕੰਨਾਂ ਵਿਚ ਪਾਇਆ ।
ਉਹ ਬਣਿਆ ਸਾਧ ਸ਼ੈਤਾਨ ਤੋਂ ਅਸਚਰਜ ਵਿਖਾਇਆ ।
ਜਦ ਪੈਂਦਾ ਡਿੱਠਾ ਜਗ ਤੇ ਜ਼ੁਲਮਾਂ ਦਾ ਸਾਇਆ ।
ਤਦ ਜੁਗ ਜੁਗ ਭਗਤ ਉਪਾਇਕੇ ਪੈਜ ਰਖਦਾ ਆਇਆ ।
ਇਉਂ ਰੱਖ ਵਿਖਾਈ ਕੂਕਿਆਂ, ਕੁਲ ਆਲਮ ਜਾਣੇ ।
ਸਭ ਤੋਪਾਂ ਹਿੱਕੀ ਝਲੀਆਂ, ਸਤਿਗੁਰ ਦੇ ਭਾਣੇ ।
ਹੈ ਆਣ ਵਿਆਹੀ ਸੰਯੋਗਤਾ, ਵਿੰਦੇ ਰਹੇ ਰਾਣੇ ।
ਉਨ੍ਹਾਂ ਅਣਖ ਪੁਗਾਈ, ਆਖਰੀ, ਕਰ ਜ਼ਾਲਮ ਕਾਣੇ ।
ਸੌ ਸੀਸ ਤਲੀ ਤੇ ਰਖਦੇ, ਜਗ ਪਾਪ ਮਿਟਾਣੇ ।
ਇਹ ਚਾਤਰ ਸਾਕੇ ਉਨ੍ਹਾਂ ਦੇ ਨਾ ਹੋਣ ਪੁਰਾਣੇ ।



Namdhari Elibrary NamdhariElibrary@gmail.com

## ਸ੍ਰੀ ਭਾਈ ਪਰਮਾ ਨੰਦ ਜੀ
ਸਾਬਕਾ ਐਮ. ਪੀ.

ਅੱਜ ਕੱਲ ਪੜ੍ਹੀ ਲਿਖੀ ਸਭ ਜਨਤਾ ਇਹ ਸਮਝਦੀ ਹੈ ਕਿ ਮਹਾਤਮਾ ਗਾਂਧੀ ਸਭ ਤੋਂ ਬੜੀ ਤਜਵੀਜ ਇਹ ਨਿਕਾਲੀ ਹੈ ਕਿ ਬ੍ਰਿਟਸ਼ ਗੌਰਮਿੰਟ ਤੋਂ ਪੂਰਨ ਸੁਤੰਤਰਤਾ ਪ੍ਰਾਪਤ ਕਰਨ ਵਾਸਤੇ ਇਕ ਏਹੀ ਸੱਚੀ ਵਿਧੀ ਹੈ ਕਿ ਗੌਰਮਿੰਟ ਨਾਲ ਸਹਿਯੋਗ ਨ ਕੀਤਾ ਜਾਵੇ। ਇਸ ਨੂੰ ਲੋਕ ਨਾਨ ਕੋਆਪਰੇਸ਼ਨ ਯਾ ਨਾ ਮਿਲਵਰਤਨ ਦਾ ਸਿਧਾਂਤ ਕਹਿੰਦੇ ਹਨ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਹਿੰਦੁਸਤਾਨ ਵਿਚੋਂ ਬ੍ਰਿਟਸ਼ ਰਾਜ ਹਿੰਦੁਸਤਾਨੀਆਂ ਦੇ ਸਹਾਰੇ ਹੀ ਖੜਾ ਹੈ। ਸਾਡੇ ਕਾਲਜ, ਸਰਕਾਰੀ ਅਦਾਲਤਾਂ, ਸਰਕਾਰੀ ਅਤੇ ਪੁਲਸ ਸਭ ਬ੍ਰਿਟਸ਼ ਰਾਜ ਨੂੰ ਵਧੌਣ ਤੇ ਕਾਇਮ ਰਖਣ ਵਾਸਤੇ ਥੰਮਾਂ ਦਾ ਹੀ ਕੰਮ ਕਰ ਰਹੇ ਹਨ। ਜਿਸ ਤਰ੍ਹਾਂ ਮਕਾਨ ਦੇ ਹੇਠੋਂ ਥੰਮ ਹਟਾ ਦਿਤੇ ਜਾਣ ਤਾਂ ਸਾਰਾ ਮਕਾਮ ਧੜੰਮ ਕਰਕੇ ਨੀਚੇ ਗਿਰ ਜਾਂਦਾ ਹੈ। ਵੈਸੇ ਹੀ ਸਰਕਾਰੀ ਪੁਲਿਸ, ਫੌਜ ਔਰ ਦੂਸਰਿਆਂ ਮਹਿਕਮਿਆਂ ਨੂੰ ਚਲੌਣ ਵਾਲੇ ਵਕੀਲ, ਕਲੱਰਕ ਤੇ ਰੇਲਵੇ ਆਦਿ ਦਫਤਰਾਂ ਦੇ ਬਾਬੂ ਕੰਮ ਕਰਨਾ ਛੱਡ ਦੇਣ ਤਾਂ ਰਾਜ ਇਕ ਮਿੰਟ ਲਈ ਚਲਣਾ ਭੀ ਅਸੰਭਵ ਹੋ ਜਾਵੇ।

ਉਹਨਾਂ ਨੇ ਆਪਣੇ ਦੇਸ਼ ਵਿਚ ਇਨਕਲਾਬ ਲਿਆਉਣ ਵਾਸਤੇ ਬੜੇ ਬੜੇ ਸਿਧਾਂਤ ਬਣਾਏ ਜਿਨਾਂ ਦੇ ਅੰਦਰ ਦੇਸ਼ ਦੀ ਆਜਾਦੀ ਦਾ ਹੀ ਇਕ ਭਾਵ ਕੰਮ ਕਰ ਰਿਹਾ ਸੀ ਉਹਨਾਂ ਹੁਕਮ ਦਿਤਾ ਕਿ ਕੋਈ ਨਾਮਧਾਰੀ ਆਪਣੇ ਬਚਿਆਂ ਨੂੰ ਸਰਕਾਰੀ ਸਕੂਲ ਵਿਚ ਨਾਂ ਭੇਜੇ। ਕੋਈ ਨਾਮਧਾਰੀ ਸਰਕਾਰ ਦੀ ਨੌਕਰੀ ਨਾ ਕਰੇ। ਕੋਈ ਨਾਮਧਾਰੀ ਰੇਲਾਂ ਦੀ ਸਵਾਰੀ ਨਾ ਕਰੇ। ਨਾ ਵਿਦੇਸ਼ੀ ਕਪੜਾ ਵਰਤੇ ਤੇ ਨਾ ਹੀ ਸਰਕਾਰੀ ਅਦਾਲਤ ਵਿਚ ਆਪਣਾ ਕੋਈ ਝਗੜਾ ਲੈ ਜਾਵੇ ਇਥੋਂ ਤਕ ਕਿ ਕੋਈ ਨਾਮਧਾਰੀ ਸਰਕਾਰੀ ਡਾਕ ਰਾਹੀਂ ਚਿਠੀਆਂ ਨਾ ਭੇਜੇ।

ਇਹ ਹੈ ਸਤਿਗੁਰੂ ਰਾਮ ਸਿੰਘ ਜੀ ਦਾ ਦਸਿਆ ਹੋਇਆ ਅਸਹਿ ਯੋਗ ਨਾਨਕੋਆਪਰੇਸ਼ਨ। ਇਸ ਸਾਹਮਣੇ ਮਹਾਤਮਾ ਗਾਂਧੀ ਦਾ ਅਸਹਿ ਯੋਗ ਮਾਤ ਹੋ ਜਾਂਦਾ ਹੈ ਇਕ ਛੋਟੀ ਜਿਹੀ ਗੱਲ ਹੋਰ, ਅੱਜ ਕੱਲ ਦੇ ਨੌਜਵਾਨ ਸੋਸ਼ਲਿਜ਼ਮ ਦੀ ਬੜੀ ਚਰਚਾ ਕਰਦੇ ਸੁਣੇ ਜਾਂਦੇ ਹਨ ਕਿ ਸਭ ਲੋਕਾਂ ਖਾਨ ਪਾਨ ਤੇ ਖਰਚ ਸਾਂਝਾ ਹੋਣਾ ਚਾਹੀਦਾ ਹੈ।



Namdhari Elibrary NamdhariElibrary@gmail.com

ਜੇ ਉਹ ਨਾਮਧਾਰੀ ਪੰਥ ਦੀ ਮਰਯਾਦਾ ਦੇਖਣ ਤਾਂ ਉਹਨਾਂ ਨੂੰ ਪਤਾ ਲਗ ਜਾਵੇ ਕਿ ਇਸ ਪੰਥ ਦਾ ਸਭ ਤੋਂ ਬੜਾ ਅਸੂਲ ਏਹੀ ਹੈ ਕਿ ਉਹ ਹਰ ਇਕ ਨਾਮਧਾਰੀ ਨੂੰ ਆਪਣਾ ਭਾਈ ਅਰ ਸਾਂਝੀਵਾਲ ਸਮਝਦਾ ਹੈ ਕੋਈ ਨਾਮਧਾਰੀ ਕਿਸੇ ਭੀ ਆਪਣੇ ਦੂਸਰੇ ਭਾਈ ਦੇ ਘਰ ਚਲਾ ਜਾਵੇ, ਤਾਂ ਉਸ ਘਰ ਵਿਚ ਉਸਦੇ ਵਾਸਤੇ ਅੰਨ, ਬਸਤਰ ਅਰ ਹੋਰ ਸਭ ਲੋੜੀਂਦੀਆਂ ਚੀਜ਼ਾਂ ਵੈਸੇ ਹੀ ਹਾਜ਼ਰ ਹੁੰਦੀਆਂ ਹਨ ਜਿਵੇਂ ਉਸ ਘਰ ਦੇ ਬਾਕੀ ਮੈਂਬਰਾਂ ਵਾਸਤੇ। ਮੈਂ ਸਮਝਦਾ ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪੰਥ ਦੀ ਨੀਂਹ ਇਸ ਸੋਸ਼ਲਿਜਮ ਦੇ ਉਚੇ ਅਸੂਲ ਉਤੇ ਹੀ ਰੱਖੀ ਹੋਈ ਹੈ।

## ਸ੍ਰੀ ਲਾਲਾ ਧਨੀ ਰਾਮ "ਚਾਤ੍ਰਿਕ"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਤੇ ਹੋਏ ਪੰਜਾਬ ਨੂੰ ਨਾਮ ਦੀਆਂ ਮਿਠੀਆਂ ਲੋਰੀਆਂ ਨਾਲ ਸਾਵਧਾਨ ਕਰਕੇ ਇਕ ਨਵੇਂ ਆਤਮਕ ਜੰਗ ਵਾਸਤੇ ਤਿਆਰ ਕੀਤਾ।



Namdhari Elibrary NamdhariElibrary@gmail.com

## ਸ੍ਰੀ ਵੀ. ਐਸ. ਸੂਰੀ
ਐਮ. ਏ.

ਪੰਜਾਬ ਵਿਚ ਬਰਤਾਨਵੀ ਸ਼ਾਨ ਦੀ ਆਮਦ ਅਤੇ ਬਹਾਦੁਰ ਲੋਕਾਂ ਦੀ ਨਮਾਨੀ ਹਾਲਤ ਦਾ ਨਤੀਜਾ ਜਿੰਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਧੀਨ ਮੁਗਲ ਸ਼ਾਸ਼ਨ ਦੇ ਖਿਲਾਫ ਬੇ-ਤਰਸ ਲੜਾਈ ਲੜੀ, ਇਹ ਅਜਿਹੀਆਂ ਗੰਭੀਰ ਗਲਾਂ ਸਨ। ਜਿਨ੍ਹਾਂ ਨੂੰ ਗੁਰੂ ਰਾਮ ਸਿੰਘ ਜੀ ਵਰਗੀ ਡੂੰਘੀ ਧਾਰਮਿਕ ਅਤੇ ਦੇਸ਼ ਭਗਤ ਵਿਅਕਤੀ ਕਿਸੇ ਤਰ੍ਹਾਂ ਆਸਾਨੀ ਨਾਲ ਨਹੀਂ ਭੁਲਾ ਸਕਦੀ ਸੀ।

ਪੰਜਾਬ ਵਿਚ ਪੁਖਤਾ ਗਵਰਨਮੈਂਟ ਅਤੇ ਅਮਨ ਦੀ ਬਹਾਲੀ ਦੀ ਚਮਕ ਵਿਚ ਕੁਝ ਸਮਾਂ ਉਹ ਬਦੇਸ਼ੀਆਂ ਦੀ ਹਕੂਮਤ ਦੀ ਲੰਮੀ ਲੜੀ ਦੇ. ਨਤੀਜਿਆਂ ਅਤੇ ਇਸਦੀ ਲੋਕਾਂ ਦੇ ਧਾਰਮਿਕ ਤੇ ਸਮਾਜਿਕ ਜ਼ਿੰਦਗੀ ਉਤੇ ਜਕੜ ਨੂੰ ਸੋਚਣ ਲਈ ਥੋੜ੍ਹਾ ਕੁ ਰੁਕੇ। ਗੁਰੂ ਰਾਮ ਸਿੰਘ ਜੀ ਆਪਣੇ ਧਾਰਮਿਕ ਜੋਸ਼ ਅਤੇ ਭਵਿਖਤ ਸੋਚ ਰਾਹੀਂ ਫਰੰਗੀ ਰਾਜ ਦੇ ਭੈੜੇ ਅਸਰਾਂ ਨੂੰ ਜਾਣ ਸਕੇ ਅਤੇ ਧਾਰਮਿਕ ਮੁੜ ਉਸਾਰੀ ਅਤੇ ਲੋਕਾਂ ਚੋ ਇਖਲਾਕੀ ਉਭਾਰ ਦੇ ਮਿਸ਼ਨ ਵਾਸਤੇ ਮੁਢ ਬਣ ਸਕੇ, ਜਦੋਂ ਕਿ ਕੁਝ ਸਿਆਸੀ ਲੀਡਰ ਹਾਰ ਖਾ ਗਏ ਅਤੇ ਕੁਝ ਕੁ ਇਨ੍ਹਾਂ ਨੂੰ ਜਲਾਵਤਨ ਕੀਤਾ ਗਿਆ, ਕੁਝ ਅਜਿਹੇ ਸਨ ਜੋ ਨਵੇਂ ਹਾਕਮਾਂ ਥਲੇ ਆਪਣੇ ਆਲ੍ਹਣੇ ਪੁਖਤਾਹ ਕਰਨ ਵਿਚ ਰੁਝੇ ਹੋਏ ਸਨ। ਉਦੋਂ ਉਨ੍ਹਾਂ (ਗੁਰੂ ਰਾਮ ਸਿੰਘ ਜੀ ਨੇ) ਪਕੇ ਇਰਾਦੇ ਨਾਲ ਧਾਰਮਿਕ ਸ਼ੁਧਤਾ ਵਿਚ ਯਕੀਨ ਪੈਦਾ ਕਰਨ ਅਤੇ ਆਪਣੀ ਸਿਆਸੀ ਆਜ਼ਾਦੀ ਆਪਣੀ ਹੀ ਰਹਿਨੁਮਾਈ ਥਲੇ ਹਾਸਲ ਕਰਨ ਦੀ ਭਾਰੀ ਜ਼ਿੰਮੇਵਾਰੀ ਆਪਣੇ ਸਿਰ ਤੇ ਲੈ ਲਈ। ਬਰਤਾਨੀਆਂ ਦੀ ਅਤਉਤਮ ਫੌਜੀ ਸ਼ਕਤੀ ਨੂੰ ਮੁੱਖ ਰਖਦਿਆਂ ਹੋਇਆਂ ਲਹਿਰ ਦਾ ਕੰਮ ਬੜੀ ਖਬਰਦਾਰੀ ਨਾਲ ਅਤੇ ਧਾਰਮਿਕ ਸ਼ਕਲਾਂ ਵਿਚ ਹੀ ਸਰਗਰਮ ਰਖਣ ਦੀ ਲੋੜ ਸੀ।

ਇਸ ਵਾਸਤੇ ਉਹਨਾਂ ਨੇ ਕਾਇਮ ਹੋ ਚੁਕੀ ਸਰਕਾਰ ਦੇ ਬਾਰੇ ਬਰਬਾਦੀ ਸ਼ੱਕਾਂ ਨੂੰ ਰੋਕਣ ਲਈ ਬੜੀ ਚਤੁਰਤਾ ਨਾਲ ਮੁਢਲੀਆਂ ਹਾਲਤਾਂ ਵਿਚ ਹੀ ਚਲਣਾ ਸ਼ੁਰੂ ਕੀਤਾ। ਆਪ ਨੇ ਆਪਣੇ ਸਾਰੇ ਅਨੁਆਇਆਂ ਵਿਚ ਪਰਦੇਸੀ ਜੂਲੇ ਨੂੰ ਗਲੋਂ ਲਾਹੁਣ ਲਈ ਸਦਾ ਹੀ ਬੁੱਧੀ ਮਤਾ ਨਾਲ ਉਭਾਰਿਆ। ਪਿਛੋਕੜ ਤੋਂ ਗੁਰੂ ਰਾਮ ਸਿੰਘ ਜੀ ਦੇ ਖਤਰਿਆਂ ਭਰੇ ਮਿਸ਼ਨ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਸੁਲਾਹਿਆ ਜਾ ਸਕਦਾ ਹੈ। ਉਨ੍ਹਾਂ ਦੀ ਜ਼ਿੰਦਗੀ ਦਾ ਕੰਮ ਗੁਰੂ ਗੋਬਿੰਦ ਸਿੰਘ ਜੀ ਦੇ ਮੱਤ ਨੂੰ ਜਾਰੀ ਰੱਖਣਾ ਲਗਦਾ ਸੀ। ਜਿਨ੍ਹਾਂ ਦੇ ਕਿ ਉਹ ਜਾਨਸ਼ੀਨ ਸਨ। ਜਿਵੇਂ ਉਨ੍ਹਾਂ ਦੇ ਬਹੁਤ ਸਾਰੇ ਅਨੁਆਈ ਮੰਨਦੇ ਹਨ।



Namdhari Elibrary NamdhariElibrary@gmail.com

## ਸ੍ਰ: ਅਮਰ ਸਿੰਘ ਦੁਸਾਂਝ
ਐਡੀਟਰ ਅਕਾਲੀ

ਤਾਰਿਕਾ ਮੰਡਲ ਵਿਚ ਜਿਵੇਂ ਚੰਨ ਪ੍ਰਧਾਨ ਹੈ, ਸੁੰਦਰ ਤਾਜ ਵਿਖੇ ਜੋ ਹੈਸੀਅਤ ਨਗੀਨੇ ਦੀ ਹੈ, ਫੁੱਲਾਂ ਵਿਚੋਂ ਗੁਲਾਬ ਤੇ ਪੰਛੀਆਂ ਵਿਚੋਂ ਬਾਜ਼ ਨੂੰ ਜੋ ਵਿਸ਼ੇਸ਼ ਸਰਦਾਰੀ ਤੇ ਸਤਿਕਾਰ ਪ੍ਰਾਪਤ ਹੈ, ਉਸ ਤੋਂ ਕਿਤੇ ਵਧ ਮਾਣ ਤੇ ਇਜ਼ਤ ਸੁਹਾਵਣੀ ਤੇ ਸੁੰਦਰ ਬਸੰਤ ਨੂੰ ਰੁੱਤਾਂ ਤੇ ਥਿਤਾਂ ਵਿਚੋਂ ਪ੍ਰਾਪਤ ਹੈ। ਗੁਰੂ ਗਰੰਥ ਸਾਹਿਬ ਦਾ ਫੁਰਮਾਨ ਹੈ :-

> ਮਾਉਲੀ ਧਰਤੀ ਮਉਲਿਆ ਆਕਾਸ।
> ਘਟਿ ਘਟਿ ਮਉਲਿਆ ਆਤਮ ਪ੍ਰਕਾਸ।

ਮਨੋ-ਵਿਗਿਆਨੀਆਂ ਦੀ ਇਹ ਸੋਚੀ ਸਮਝੀ ਤੇ ਗਿਣੀ ਮਿਥੀ ਰਾਏ ਹੈ ਕਿ ਨੇਕੀ ਮੱਧਯ ਵਿਤ ਵਸਦੀ ਹੈ। ਇਸ ਦ੍ਰਿਸ਼ਟੀ ਕੋਣ ਤੋਂ ਸਿਆਲੇ ਤੇ ਹੁਨਾਲੇ ਦੇ ਦੁਰਾਹੇ ਤੇ ਖੜੋਤੀ ਬਸੰਤ ਮੁਬਾਰਕ ਹੈ, ਸਾਹਿਤਯ ਤੇ ਕਾਵਿ-ਕਲਾ ਦੇ ਝਰੋਖੇ ਵਿਚ ਬੈਠ ਕੇ ਅਸੀਂ ਜਦੋਂ ਬਸੰਤ ਦਾ ਮੁਜਰਾ ਲੇਂਦੇ ਹਾਂ, ਤਾਂ ਇੰਜ ਪ੍ਰਤੀਕ ਹੁੰਦਾ ਹੈ, ਜਿਵੇਂ ਕੁਦਰਤ ਦੇ ਹੁਸਨ ਵਿਚ ਹੁਸਨ ਆ ਰਿਹਾ ਹੈ। ਪੱਤਝੜ ਦੇ ਮਾਰੇ ਹੋਏ ਬ੍ਰਿਛਾਂ ਦੀਆਂ ਟਾਹਣੀਆਂ ਤੇ ਟਾਹਣੀਆਂ ਦੀਆਂ ਕੂਹਣੀਆਂ ਤੇ ਉੱਗੀਆਂ ਜੰਮੀਆਂ ਨਿੱਕੀਆਂ ਨਿੱਕੀਆਂ ਕੋਮਲ ਹਰੀਆਂ ਪੱਤੀਆਂ ਇਹ ਸੁਨੇਹਾ ਦਿੰਦੀਆਂ ਹਨ ਕਿ ਮੌਤ ਮੌਤ ਨਹੀਂ ਸਗੋਂ ਜ਼ਿੰਦਗੀ ਦਾ ਸੁਹਣਾ ਅਨੁਵਾਦ ਹੈ। ਦਰਸ਼ਕ ਸਮਝਦੇ ਹਨ ਪੱਤੇ ਝੜ ਗਏ ਪਰ ਕੁਦਰਤ ਦੀ ਜੀਭਾ ਪੁਕਾਰਦੀ ਹੈ, ਇਹ ਝੜੇ ਜ਼ਰੂਰ ਹਨ ਇਨ੍ਹਾਂ ਕੂੜੇ ਦੇ ਢੇਰ ਵਿਚ ਚਲਣਾ ਪਰਵਾਨ ਕੀਤਾ ਹੈ। ਇਸ ਲਈ ਤਾਕਿ ਆਪਣੀ ਹਸਤੀ ਤੇ ਹੋਂਦ ਮਿਟਾ ਕੇ ਨਵੇਂ ਬਾਲ ਪੱਤਿਆਂ ਨੂੰ ਜਨਮ ਦੇ ਸਕਣ। ਇਨ੍ਹਾਂ ਪੱਤਿਆਂ ਦੀ ਲੁਕਣ-ਮੀਚੀ ਵੇਖ ਕੇ ਹੀ ਸ਼ਾਇਦ ਕਵੀ ਬੋਲ ਉਠਿਆ ਸੀ :

> ਮਿਟਾ ਦੇ ਆਪਣੀ ਹਸਤੀ ਕੋ,
> ਅਗਰ ਕੁਛ ਮਰਤਬਾ ਚਾਹੇ, ਕਿ ਦਾਨਾ ਖਾਕ ਮੇਂ ਮਿਲਕਰ,
> ਗੁਲੇ ਗੁਲਜ਼ਾਰ ਹੋਤਾ ਹੈ।

ਬਸੰਤ ਅੱਜ ਮਨ-ਮੋਹਣੀ ਤੇ ਅਤਿ ਪਿਆਰੀ ਇਸ ਲਈ ਜਾਪਦੀ ਹੈ ਕਿਉਂ ਕਿ ਸ਼ਗਨਾਂ-ਲੱਦੀ ਮੁਟਿਆਰ ਵਾਂਗੂੰ ਬਨਾਸਪਤੀ ਲਿਸ਼ਕਦੀ ਪੁਸ਼ਦੀ ਵਿਖਾਈ ਦੇਂਦੀ ਹੈ।



Namdhari Elibrary NamdhariElibrary@gmail.com

ਪ੍ਰਸੰਸਾ ਤਾਂ ਨੈਣਾਂ ਨਾਲ ਤੱਕੋ, ਸਰ੍ਹੋਂ ਦੇ ਫੁਲ ਇਕ ਲੱਤ ਭਾਰ ਹੋ ਕੇ ਤਪੱਸਿਆ ਕਰਨ ਵਾਲੇ ਰਿਸ਼ੀਆਂ ਤੇ ਜੋਗੀਆਂ ਵਲ ਕਿਵੇਂ ਬਸੰਤ ਆਈ ਰੇ ਦਾ ਜਾਪੁ ਕਰ ਰਹੇ ਸਨ। ਗੁਲਸ਼ਨ ਚਮਨ ਤੇ ਫੁਲਵਾੜੀਆਂ ਕਿਉਂ ਨ ਮਹਿਕਣ, ਅੱਜ ਦੇ ਭਾਗਾਂ ਭਰੇ ਦਿਨ ਨ ਕੇਵਲ ਵੀਰ ਹਕੀਕਤ ਰਾਏ ਨੇ ਧਰਮ ਦੀ ਵੇਦੀ ਤੇ ਆਪਣਾ ਬਲੀਦਾਨ ਦਿੱਤਾ ਸੀ। ਸਗੋਂ ਨਿਰਮਲ ਆਤਮਾ ਨੇ ਉਜਲ ਦੀਦਾਰ ਦੇ ਮਾਲਿਕ ਬਾਬਾ ਰਾਮ ਸਿੰਘ ਜੀ ਦਾ ਜਨਮ ਭੀ ਇਸ ਖਿੜੇ ਵਿਗਸੇ ਦਿਨ ਤੇ ਹੋਇਆ ਸੀ।

ਬਾਬਾ ਰਾਮ ਸਿੰਘ ਜੀ ਦੇ ਇਨਕਲਾਬੀ ਤੇ ਹੋਣੀਆਂ ਤੇ ਭਰਪੂਰ ਜੀਵਨ ਨੂੰ ਪੜ੍ਹਿਆ ਜਾਵੇ ਕਿ ਸਿਖ ਰਾਜ ਦੇ ਅੰਤ ਉਪਰੰਤ ਬਾਬਾ ਜੀ ਨੇ ਸਿਖ ਨੂੰ ਚੜ੍ਹਦੀ ਕਲਾ ਵਿਚ ਲਿਆਂਦਾ ਸੇਵਾ ਤੇ ਸਿਮਰਣ ਰਾਹੀਂ ਉਨ੍ਹਾਂ ਨੇ ਸਿਖ ਸਮਾਜ ਨੂੰ ਸੁੱਚ ਕੀਤਾ। ਫਿਰ ਅੰਗਰੇਜ਼ੀ ਸਾਮਰਾਜ ਨਾਲ ਫੈਸਲਾਕੁਨ ਟੱਕਰ ਲੈਣ ਲਈ ਹਰ ਵਿਉਂਤ ਸੋਚੀ ਤੇ ਹਰ ਉਪਰਾਲਾ ਕੀਤਾ, ਵਰਤਮਾਨ ਸਦੀ ਦੇ ਇਤਿਹਾਸ ਦੀ ਨਵੀਨ ਖੋਜ ਦਸਦੀ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਪ੍ਰਤੀਨਿਧ ਨੇ ਰੂਸ ਨਾਲ ਤਾਲਮੇਲ ਪੈਦਾ ਕਰਨ ਲਈ ਹਰ ਸੰਭਵ ਯਤਨ ਕੀਤਾ ਪਰ ਇਹ ਯਤਨ ਸਫਲ ਤਾਂ ਨਾ ਹੋ ਸਕਿਆ ਕਿਉਂਕਿ ਕੁਦਰਤ ਨੂੰ ਅਜੇ ਕੁਝ ਹੋਰ ਮਨਜ਼ੂਰ ਸੀ। ਅਸੀਂ ਵਡੇ ਗੌਰਵ ਨਾਲ ਆਖਦੇ ਹਾਂ ਕਿ ਭਗਤੀ, ਤਪੱਸਿਆ ਤੇ ਬੰਦਗੀ ਕਰਨ ਵਾਲੇ ਭਾਰਤ ਦੀ ਨੁਕਰ ਨੁਕਰ ਵਿਚ ਮਿਲ ਜਾਣਗੇ ਪਰੰਤੂ ਅਜਿਹੇ ਭਗਤ ਤੇ ਸੰਤ ਜੋ ਲੋੜ ਪੈਣ ਤੇ ਨੱਚਦੇ ਨੱਚਦੇ ਤੋਪਾਂ ਸਾਹਮਣੇ ਤੂੰਬਾ 2 ਹੋ ਜਾਣ, ਕੇਵਲ ਕੂਕਾ ਪੰਥ ਵਿਚੋਂ ਹੀ ਮਿਲਣਗੇ। ਨਿਰਦਈ ਕਾਵਨ ਡਿਪਟੀ ਕਮਿਸ਼ਨਰ ਜਦੋਂ ਪਤ ਸੰਤਾਂ ਨੂੰ ਸ਼ਹੀਦੀ ਬਾਟੇ ਛਕਾ ਚੁਕਿਆ ਤਾਂ ਕਮਿਸ਼ਨਰ ਦੀ ਚਿੱਠੀ ਪੁੱਜੀ। ਲੇਕਿਨ ਜ਼ਾਲਮ ਅੰਗਰੇਜ਼ ਨੇ ਬਾਕੀ ਸੰਤਾਂ ਨੂੰ ਭੀ ਉਸੀ ਦਿਨ ਮਾਰ ਮੁਕਾਇਆ। ਉਹ ਅਜੇਹਾ ਖੂੰਨੀ ਕਾਰਾ ਕਰਨ ਵਿਚ ਇਸ ਲਈ ਦ੍ਰਿੜ੍ਹ ਸੀ ਕਿਉਂਕਿ ਉਸਨੂੰ ਇਹ ਖਿਆਲ ਪੈਦਾ ਹੋ ਚੁਕਿਆ ਸੀ ਕਿ ਬਾਗੀ ਕੂਕਿਆਂ ਨੂੰ ਮਾਰਨਾ ਤਾਜਦੀ ਭਾਰੀ ਤੇ ਮਹਾਨ ਸੇਵਾ ਹੈ। ਦੂਜੇ ਦਿਨ 16 ਨਾਮਧਾਰੀਆਂ ਨੂੰ ਸ਼ਹੀਦ ਕੀਤਾ ਗਿਆ।



Namdhari Elibrary NamdhariElibrary@gmail.com

## ਸ੍ਰ: ਰਾਜਿੰਦਰ ਸਿੰਘ ਐਮ. ਏ.
ਮਾਸਿਕ ਪਤਰ ਜਾਗ੍ਰਤੀ

ਪੰਜਾਬ ਵਿਚ ਬਰਤਾਨਵੀ ਰਾਜ ਸ਼ੁਰੂ ਹੋਣ ਦੇ ਸਮੇਂ ਤੋਂ ਇਸ ਸੂਬੇ ਵਿਚ ਉਠ ਰਹੀ ਨਾਮਧਾਰੀ ਲਹਿਰ ਨੂੰ ਦਬਾ ਦੇਣ ਲਈ ਕਰੜੀਆਂ ਕਾਰਵਾਈਆਂ ਕੀਤੀਆਂ ਗਈਆਂ। ਇਸ ਪੰਥ ਦੇ ਆਗੂ ਗੁਰੂ ਰਾਮ ਸਿੰਘ ਜੀ ਨੂੰ ਤੇ ਉਨ੍ਹਾਂ ਦੇ ਮੁਖੀ ਹਿਮਾਤੀਆਂ ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ ਤੇ ਪੰਜਾਹ ਵਰ੍ਹਿਆਂ ਤੋਂ ਵਧੀਕ ਇਸ ਲਹਿਰ ਦੇ ਗੜ ਭੈਣੀ ਸਾਹਿਬ ਵਿਚ ਤਾਚੀਰੀ ਪੁਲਿਸ ਚੌਂਕੀ ਬੈਠੀ ਰਹੀ। ਹਰੇਕ ਆਉਣ ਜਾਣ ਵਾਲੇ ਪੁਰਸ ਦੀ ਤਲਾਸ਼ੀ ਲਈ ਜਾਂਦੀ। ਜੇ ਕਦੇ ਭੁਲ ਭਲੇਖੇ ਵੀ ਪੰਜ ਨਾਮਧਾਰੀ ਇਕੱਠੇ ਹੋ ਜਾਂਦੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਤੇ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ।

ਪੱਕੇ ਨਾਮਧਾਰੀਆਂ ਤੇ ਅੰਧਾ ਧੁੰਦ ਜਬਰ ਤੇ ਜ਼ੁਲਮ ਹੋਏ ਪਰ ਇਸ ਖੂਨੀ ਇਨਕਲਾਬ ਦੇ ਨਾਲ ਨਾਲ ਪੰਜਾਬ ਵਿਚ ਇਕ ਅਹਿੰਸਤਾਮਕ ਲਹਿਰ ਵੀ ਉਗਮ ਰਹੀ ਸੀ ਜਿਸ ਨੂੰ ਨਾਮਧਾਰੀਆਂ ਜਾਂ ਕੂਕਾ ਲਹਿਰਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਲਹਿਰ ਦੇ ਪ੍ਰਸਿਧ ਆਗੂ ਸਨ, ਬਾਬਾ ਰਾਮ ਸਿੰਘ ਜੀ ਜਿਨ੍ਹਾਂ ਦੀ ਅਗਵਾਈ ਹੇਠ ਅੰਗਰੇਜ਼ੀ ਤਾਕਤ ਨੂੰ ਖਤਮ ਕਰਨ ਲਈ ਨਾਮਧਾਰੀ ਅਨੁਆਈਆਂ ਨੇ ਬਹੁਤ ਕੁਰਬਾਨੀਆਂ ਦਿਤੀਆਂ। ਅੰਗਰੇਜ਼ ਨੇ ਇਸ ਅੰਦੋਲਨ ਨੂੰ ਕੁਚਲਣ ਲਈ ਅਣਗਿਣਤ ਜ਼ੁਲਮ ਕੀਤੇ। ਉਨ੍ਹਾਂ ਬਾਬਾ ਰਾਮ ਸਿੰਘ ਤੇ ਕਈ ਇਕ ਸਾਥੀਆਂ ਨੂੰ ਦੇਸ਼ ਨਿਕਾਲਾ ਦੇ ਦਿਤਾ। ਕੂਕਾ ਲਹਿਰ ਦੇ ਗੜ੍ਹ ਭੈਣੀ ਸਾਹਿਬ ਵਿਚ ਪੂਰੇ ਪੰਜਾਹ ਸਾਲ ਤਕ ਤਾਚੀਰੀ ਪੁਲਸ ਦੀ ਚੌਂਕੀ ਬਿਠਾਈ ਰਖੀ। ਨਿਰਾ ਇਹੀ ਨਹੀਂ ਬਾਬਾ ਰਾਮ ਸਿੰਘ ਜੀ ਦੇ ਇਸ ਜਨਮ ਅਸਥਾਨ ਭੈਣੀ ਸਾਹਿਬ ਨੂੰ ਜਾਣ ਵਾਲੇ ਹਰ ਸਖਸ਼ ਦੀ ਤਾਲਾਸ਼ੀ ਲਈ ਜਾਂਦੀ ਸੀ। ਬਾਬਾ ਜੀ ਦੇ ਘਰ ਦੇ ਹਰ ਜੀ ਨੂੰ ਕਿਤੇ ਵੀ ਜਾਣ ਲਈ ਪੁਲਸ ਅਧਿਕਾਰੀਆਂ ਤੋਂ ਉਚੇਚੇ ਤੌਰ ਤੇ ਆਗਿਆ ਲੈਣੀ ਪੈਂਦੀ ਸੀ। ਅਤੇ ਸਬੰਧਤ ਥਾਂਵਾਂ ਪੁਰ ਪਹੁੰਚਣ ਅਤੇ ਉਹਨਾਂ ਨੂੰ ਉਥੋਂ ਦੇ ਥਾਨਿਆਂ ਵਿਚ ਹਾਜ਼ਰੀ ਦੇਣੀ ਪੈਂਦੀ ਸੀ। ਗਲਤੀ ਨਾਲ ਵੀ ਜੇ ਕਿਤੇ ਪੰਜ ਨਾਮਧਾਰੀ ਇਕੱਠੇ ਹੋ ਜਾਂਦੇ ਸਨ ਤਾਂ ਉਹ ਜੇਹਲ ਭੇਜ ਦਿਤੇ ਜਾਂਦੇ ਸਨ। ਨੰਬਰਦਾਰਾਂ ਅਤੇ ਚੌਂਕੀਦਾਰਾਂ ਨੂੰ ਇਹ ਪੱਕੇ ਹੁਕਮ ਸਨ ਕਿ ਉਹ ਨਾਮਧਾਰੀਆਂ ਦੀ ਹਰ ਹਰਕਤ ਉਪਰ ਸਖਤ ਨਿਗਰਾਨੀ ਰਖਣ। ਪਰ ਫਿਰ ਵੀ ਇਹਨਾਂ ਸਖਤੀਆਂ ਦੇ ਹੁੰਦਿਆਂ ਨਾਮਧਾਰੀਆਂ ਦੇ ਲਗਾਤਾਰ ਤਿਆਗ ਅਤੇ ਜਦੋਜਹਿਦ ਦੀ ਮਿਸਾਲ



Namdhari Elibrary NamdhariElibrary@gmail.com

ਕਾਇਮ ਕਰ ਕੇ ਸਵਾਧੀਨਤਾ ਸੰਗਰਾਮ ਦੀ ਅੱਗ ਨੂੰ ਆਪਣੇ ਖੂਨ ਨਾਲ ਪ੍ਰਜਵਲਤ ਰਖਿਆ।

ਬਾਬਾ ਰਾਮ ਸਿੰਘ ਜੀ ਨੇ ਵਿਧਵਾਵਾਂ ਦੇ ਮੁੜ ਵਿਆਹ ਤੋਂ ਪਾਬੰਦੀ ਹਟਾਉਣ, ਨਸ਼ਿਆਂ ਦੇ ਤਿਆਗ ਅਤੇ ਬਦੇਸ਼ੀ ਰਾਜ ਨਾਲ ਨਾਮਿਲਵਰਤਣ ਦਾ ਹੁਕਮ ਦਿਤਾ। ਉਹਨਾਂ ਆਪਣੇ ਅਨੁਆਈਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹਨਾਂ ਦਾ ਕੋਈ ਵੀ ਬੱਚਾ ਸਕੂਲ ਨਾ ਜਾਵੇ। ਕੋਈ ਅਨੁਆਈ ਅਦਾਲਤ ਦਾ ਆਸਰਾ ਨਾ ਲਵੇ। ਆਪਣੇ ਝਗੜੇ ਆਪਸੀ ਨਬੇੜੇ ਨਾਲ ਸੁਲਝਾਏ ਜਾਣ, ਬਦੇਸ਼ੀ ਚੀਜ਼ਾਂ ਅਤੇ ਡਾਕਖਾਨਿਆਂ ਆਦਿ ਦਾ ਪੂਰੀ ਤਰ੍ਹਾਂ ਬਾਈਕਾਟ ਹੋਵੇ। ਤੇ ਤਨ, ਮਨ ਨਾਲ ਗਊ-ਰਖਸ਼ਾ ਕੀਤੀ ਜਾਵੇ। ਪੰਜਾਬ ਦੇ ਇਨਸਪੈਕਟਰ ਜਨਰਲ ਪੁਲਸ ਨੇ ਉਸ ਵੇਲੇ ਸਰਕਾਰ ਨੂੰ ਆਪਣੀ ਰਾਏ ਦਿਤੀ ਕਿ ਕੂਕੇ ਬ੍ਰਿਟਿਸ਼ ਰਾਜ ਲਈ ਇਕ ਭਿਆਨਕ ਖਤਰਾ ਪੈਦਾ ਕਰ ਸਕਦੇ ਸਨ, ਇਨ੍ਹਾਂ ਖਿਆਲਾਂ ਕਰਕੇ ਬਾਬਾ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬੇ ਨਜ਼ਰਬੰਦ ਕਰ ਦਿਤੇ ਗਏ, ਨਾਮਧਾਰੀਆਂ ਅਤੇ ਬਰਿਟਸ਼ ਅਧਿਕਾਰੀਆਂ ਦੇ ਦਰਮਿਆਨ ਪਹਿਲਾਂ ਲੜਾਈ 1869 ਨੂੰ ਹੋਈ ਜਦੋਂ ਪੁਲਸ ਦੇ ਇਕ ਇਨਸਪੈਕਟਰ ਤੇ ਹਮਲਾ ਕੀਤਾ ਗਿਆ ਅਤੇ ਉਥੇ ਖਾਲਸੇ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ। ਉਸੇ ਸਾਲ ਬਾਬਾ ਰਾਮ ਸਿੰਘ ਜੀ ਨੇ ਸਹਾਇਤਾ ਲਈ ਮਹਾਰਾਜਾ ਨਿਪਾਲ ਪਾਸ ਆਪਣੇ ਦੂਤ ਭੇਜੇ ਸਨ।



Namdhari Elibrary NamdhariElibrary@gmail.com

## ਸ੍ਰੀ ਰਣਬੀਰ ਜੀ
**ਐਡੀਟਰ ਰੋਜ਼ਾਨਾ ਮਿਲਾਪ**

ਤਾਰਿਆਂ ਭਰੀ ਰਾਤ ਚੌਪਾਸੀਂ ਛਾਈ ਖਾਮੋਸ਼ੀ ਵਿਚ ਇਉਂ ਮਲੂਮ ਹੁੰਦਾ ਸੀ ਜਿਵੇਂ ਰੂਹਾਨੀਅਤ ਦੀ ਨਿਰਮਲ ਗੰਗਾ ਵਗ ਰਹੀ ਹੈ ਇਕ ਖੁਲ੍ਹੇ ਮੈਦਾਨ ਵਿਚ, ਹਰ ਵਸਤੂ ਨੂੰ ਪਵਿਤਰ ਕਰਦਿਆਂ ਹੋਇਆਂ ਇਸ ਚੁਪ ਚਾਪ ਵਿਚ ਕਿਸੇ ਵੇਲੇ ਮਸਤਾਨੇ ਕੂਕਦੇ ਉਸ ਪੂਜਯ ਸਤਿਗੁਰੂ ਜੀ ਨੂੰ ਨਹੀਂ ਭੁਲਦੇ ਜਿਸਨੂੰ ਅੰਗਰੇਜ਼ ਕਈ ਵਰ੍ਹਿਆਂ ਪਹਿਲਾਂ ਗ੍ਰਿਫਤਾਰ ਕਰਕੇ ਪ੍ਰਦੇਸ ਲੈ ਗਏ ਸਨ। ਉਸ ਅੰਮ੍ਰਿਤ ਛਲਕਦੇ ਦ੍ਰਿਸ਼ ਨੂੰ ਕਈ ਵਾਰਾਂ ਵਰਨਣ ਕਰਨ ਦਾ ਜਤਨ ਕੀਤਾ ਅਤੇ ਅਸਫਲ ਰਿਹਾ। ਕਈ ਵਾਰ ਯਾਦ ਆਉਂਦੀ ਅਤੇ ਸਾਰੇ ਦ੍ਰਿਸ਼ ਅਖਾਂ ਸਾਹਮਣੇ ਆ ਜਾਂਦਾ ਮਗਰ ਉਸਨੂੰ ਵਰਨਣ ਕਰਨ ਦੀ ਸ਼ਕਤੀ ਕਦੀ ਨਾ ਆਈ। ਮੈਂ ਮਨੁਖਾਂ ਨੂੰ ਬਿਆਨ ਕਰ ਸਕਦਾ ਹਾਂ, ਖਾਮੋਸ਼ ਧਰਤੀ ਨੂੰ ਬਿਆਨ ਕਰ ਸਕਦਾ ਹਾਂ, ਤਾਰਿਆਂ ਭਰੇ ਅਕਾਸ਼ ਨੂੰ ਬਿਆਨ ਕਰ ਸਕਦਾ ਹਾਂ, ਮਗਰ ਉਸ ਰੂਹਾਨੀਅਤ ਦੇ ਸਾਗਰ ਨੂੰ ਕਿਵੇਂ ਵਰਨਣ ਕਰਾਂ ਜਿਹੜਾ ਵੇਖਣ ਦਾ ਵਿਸ਼ਾ ਨਹੀਂ, ਮਹਿਸੂਸ ਕੀਤਾ ਜਾ ਸਕਦਾ ਹੈ। ਜਿਸ ਅਖਾਂ ਨਹੀਂ ਦਿਲ ਵੇਖਦਾ ਹੈ। ਦਿਲ ਨਾਲੋਂ ਵੀ ਉਹਨੂੰ ਆਤਮਾ ਦੇਖਦੀ ਹੈ, ਜਿਸਦਾ ਆਪਣਾ ਵੀ ਕੋਈ ਰੂਪ ਨਹੀਂ। ਉਸ ਦ੍ਰਿਸ਼ ਵਿਚ ਇਕ ਹੋਰ ਗਲ ਵੇਖੀ ਜਿਹੜੀ ਵਰਨਣ ਕਰਨ ਦੀ ਉਤਨੀ ਹੀ ਮੁਸ਼ਕਿਲ ਹੈ ਜਿੰਨੀ ਰੂਹਾਨੀਅਤ ਦੀ ਉਹ ਨਦੀ ਜਿਹੜੀ ਬਿਨਾ ਅਵਾਜ਼ ਵਗ ਰਹੀ ਹੈ। ਉਸ ਵਿਚ ਗਵਾਚਿਆਂ ਹੋਇਆਂ ਮੈਂ ਉਸ ਮਹਾਂ ਪੁਰਸ਼ ਨੂੰ ਵੇਖਿਆ ਜਿਹੜਾ ਵਰ੍ਹਿਆਂ ਪਹਿਲਾਂ ਇਸ ਪਿੰਡ ਵਿਚ ਸੀ। ਜਿਸਦੇ ਚਰਨਾਂ ਨੂੰ ਛੂਹ ਕੇ ਇਸ ਧਰਤੀ ਦਾ ਕਣ ਕਣ ਪਵਿਤਰ ਹੋਇਆ ਅਤੇ ਜਿਹੜਾ ਇਕ ਸਮੇਂ ਅਨੇਕ ਮਿਸ਼ਨ ਲੈ ਕੇ ਅਗਾਂਹ ਵਧ ਰਿਹਾ ਸੀ।

ਇਕ ਰੂਪ ਵਿਚ ਉਹ ਸਿਖਾਂ ਦੇ ਸਤਿਗੁਰੂ ਸਨ। ਅਨੇਕਾਂ ਦਾ ਵਿਸ਼ਵਾਸ ਹੈ, ਕਿ ਉਨ੍ਹਾਂ ਅੰਦਰ ਉਹ ਜੋਤ ਹੈ ਜਿਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸੀ। ਤੇ ਦੂਸਰੇ ਗੁਰੂਆਂ ਵਿਚ ਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਹਥ ਵਿਚ ਖੰਡਾ ਲੈ ਕੇ ਗਰਜ ਉਠੀ। ਉਨ੍ਹਾਂ ਦਾ ਵਿਸ਼ਵਾਸ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਸਿਖਾਂ ਦੇ ਗੁਰੂ ਹਨ।

ਦੂਜੇ ਰੂਪ ਵਿਚ ਉਹ ਇਕ ਮਹਾਨ ਸਮਾਜ ਸੁਧਾਰਕ ਬਣ ਕੇ ਅਗੇ ਵਧੇ। ਵਿਆਹ ਸ਼ਾਦੀਆਂ ਅਤੇ ਹੋਰ ਰਸਮਾਂ ਬਾਰੇ ਬੜੀ ਦਲੇਰੀ ਨਾਲ ਟਾਕਰਾ ਕੀਤਾ। ਅਤੇ ਦਸਿਆ



Namdhari Elibrary NamdhariElibrary@gmail.com

ਕਿ "ਇਸ ਨਵੇਂ ਰਾਹ ਤੇ ਚਲੋ। ਫਜ਼ੂਲ ਖਰਚੀ ਠੀਕ ਨਹੀਂ। ਵਿਖਾਵਾ ਦਰੁਸਤ ਨਹੀਂ।"

ਤੀਜੇ ਰੂਪ ਵਿਚ ਉਹ ਹਿੰਦੂ ਸਿਖ ਏਕਤਾ ਦੀ ਮਹਾਨ ਸ਼ਕਤੀ ਬਣ ਕੇ ਆਏ। ਉਹਨਾਂ ਦੀਆਂ ਦੂਰ ਦਰਸ਼ਕ ਅਖਾਂ ਦੇਖ ਰਹੀਆਂ ਸਨ ਕਿ ਦੇਸ ਅੰਦਰ ਜ਼ਾਲਮ ਵਿਦੇਸ਼ੀ ਹਕੂਮਤ ਆ ਘੁਸੀ ਹੈ, "ਪਾੜੋ ਅਤੇ ਰਾਜ ਕਰੋ" ਜਿਸਦੀ ਇਹ ਨੀਤੀ ਹੈ। ਉਹ ਹਿੰਦੂ ਸਿਖਾਂ ਨੂੰ ਪਾੜਨ ਦਾ ਜਤਨ ਕਰੇਗੀ। ਇਸ ਵਾਸਤੇ ਉਸ ਨਾਮਧਾਰੀ ਪੰਥ ਨੂੰ ਆਪਣੀਆਂ ਲੀਹਾਂ ਤੇ ਟੋਰਿਆ। ਜਿਹੜਾ ਹਿੰਦੂਆਂ ਅਤੇ ਸਿਖਾਂ ਦੇ ਵਿਚਾਲੇ ਪੁਲ ਦਾ ਕੰਮ ਕਰ ਸਕੇ ਅਤੇ ਹੋਰਨਾਂ ਵਿਚ ਮਿਲਾਪ ਪੈਦਾ ਕਰੇ।

ਚੌਥੇ ਰੂਪ ਉਹ ਮਹਾਨ ਦੇਸ਼ ਭਗਤ ਬਣ ਕੇ ਅਗੇ ਵਧੇ। ਜਿਨ੍ਹਾਂ ਵਿਚ ਡਰ ਨਹੀਂ ਸੀ, ਭੈ ਨਹੀਂ ਸੀ, ਲਾਲਚ ਨਹੀਂ ਸੀ, ਕਦੇ ਵੀ ਜ਼ੁਲਮ ਦੇ ਸਾਹਮਣੇ ਝੁਕਣ ਦਾ ਖਿਆਲ ਨਹੀਂ ਸੀ। ਝੂਠ ਅਤੇ ਅੰਨਿਆਂ ਦੇ ਨਾਲ ਸਮਝੌਤਾ ਕਰਨ ਦਾ ਖਿਆਲ ਵੀ ਨਹੀਂ ਸੀ। ਕੇਵਲ ਇਕੋ ਖਿਆਲ ਸੀ ਕਿ ਦੇਸ ਅਜ਼ਾਦ ਹੋਵੇ, ਭਾਵੇਂ ਆਪਣਾ ਸਭ ਦਾਅ ਤੇ ਲਾਉਣਾ ਪਵੇ ਮਗਰ ਅਜ਼ਾਦੀ ਦੀ ਜੰਗ ਰੁਕਣੀ ਨਹੀਂ ਚਾਹੀਦੀ।

ਪਹਿਲੇ ਦੋ ਰੂਪ ਧਰਮ ਅਤੇ ਸਮਾਜ ਨਾਲ ਸਬੰਧ ਰਖਦੇ ਸਨ। ਮਗਰ ਆਖਰੀ ਰੂਪ ਅਜਿਹਾ ਹੈ ਕਿ ਜਿਸ ਬਾਰੇ ਲਿਖ ਕੇ ਸੰਤੋਖ ਨਹੀਂ ਆਉਂਦਾ। ਉਹਦਾ ਰੂਪ ਉਹ ਹੈ ਜਿਹੜਾ ਇੰਡੀਅਨ ਨੈਸ਼ਨਲ ਕਾਂਗਰਸ ਨੇ ਦਰਜਨਾਂ ਵਰ੍ਹਿਆਂ ਪਿਛੋਂ ਵੇਖਿਆ ਅਤੇ ਸ੍ਰੀ ਭੈਣੀ ਸਾਹਿਬ ਦੇ ਉਸ ਮਹਾਂ ਪੁਰਸ਼ ਨੇ ਜਦੋਂ ਜਹਦ ਨੂੰ ਇਉਂ ਵੇਖਿਆ ਜਿਵੇਂ ਕਿਸੇ ਤਲੀ ਪਈ ਹੋਈ ਚੀਜ਼ ਨੂੰ ਵੇਖ ਸਕੀਦਾ ਹੈ। ਬਦੇਸ਼ੀ ਚੀਜਾਂ ਨੂੰ ਬਾਈਕਾਟ ਸੁਦੇਸ਼ੀ ਚੀਜ਼ਾਂ ਦੀ ਵਰਤੋਂ ਬਰਤਾਨਵੀ ਹਕੂਮਤ ਨਾਲ ਨਾ ਮਿਲਵਰਤਨ ਉਨ੍ਹਾਂ ਦੀ ਵਾਰ-2 ਇਹ ਕੋਸ਼ਿਸ਼ ਹੈ ਕਿ ਅਜ਼ਾਦੀ ਸ਼ਾਂਤਮਈ ਢੰਗਾਂ ਤੋਂ ਵਖ ਨਾ ਹੋ ਜਾਵੇ ਕਿ ਇਕ ਅਜਿਹਾ ਪ੍ਰੋਗਰਾਮ ਸੀ ਜਿਸਨੂੰ ਪਿਛਲਿਆਂ ਨੇਤਾਵਾਂ ਵਰ੍ਹਿਆਂ ਪਿਛੋਂ ਸਮਝਿਆ ਅਤੇ ਅਪਨਾਇਆ। ਕੂਕਾ ਅੰਦੋਲਨ ਦਾ ਇਤਿਹਾਸ ਜੰਗ ਅਜ਼ਦੀ ਦਾ ਇਕ ਅਜਿਹਾ ਹਿਸਾ ਹੈ, ਜਿਸਨੂੰ ਇਹ ਦੇਸ਼ ਕਦੇ ਭੁਲ ਨਹੀਂ ਸਕਦਾ ਬੜਾ ਕੁਝ ਲਿਖਿਆ ਗਿਆ ਹੈ ਅਤੇ ਹੋਰ ਬਹੁਤ ਕੁਝ ਲਿਖਣਾ ਚਾਹੀਦਾ ਹੈ।



Namdhari Elibrary NamdhariElibrary@gmail.com

## ਡਾ. ਐਮ. ਐਮ. ਆਹਲੂਵਾਲੀਆ
**M. A. PHD.**

ਜਦੋਂ ਬੰਦਾ ਵੈਰਾਗੀ ਸ਼ਕਤੀਸ਼ਾਲੀ ਦਸ਼ਮੇਸ਼ ਜੀ ਦੇ ਹੁਕਮਨਾਮਿਆਂ ਅਤੇ ਸੋਨੇ ਜੜੇ ਤੀਰਾਂ ਨਾਲ ਪੰਜਾਬ ਆਇਆ, ਜਦੋਂ ਉਸ ਨੇ ਜਰਵਾਣਿਆਂ ਪਾਸੋਂ ਲੈਣ ਲਈ ਗੌਰਵ ਮਈ ਧਰਮ ਯੁਧ ਜਾਂ ਜਹਾਦ ਸ਼ੁਰੂ ਕੀਤਾ ਤਾਂ ਦਲ ਖਾਲਸਾ ਪਹਾੜੀ ਖੁਦਰਾਂ ਤੇ ਘਣੇ ਜੰਗਲਾਂ ਵਿਚੋਂ ਨਿਕਲ ਕੇ ਰਣ ਭੂਮੀ ਵਿਚ ਆਣ ਕੁਦਿਆ। ਫਿਰ ਐਸਾ ਸਮਾਂ ਵੀ ਆ ਗਿਆ ਜਦੋਂ ਜਲਾਦ ਅਗਨੀ ਵਿਚ ਲਾਲ ਕੀਤੇ ਹੋਏ ਜਮੂਦ ਲੈ ਕੇ ਬੰਦਾ ਬਹਾਦਰ ਦੇ ਸਰੀਰ ਦੀ ਬੋਟੀ-ਬੋਟੀ ਕਰਦੇ ਰਹੇ ਵੇਲੇ ਦੀ ਹਕੂਮਤ ਦੇ ਅਧਿਕਾਰੀਆਂ ਨੇ ਹੁਕਮ ਦੇ ਦਿਤਾ ਕੀ ਜਿਥੇ ਵੀ ਦਲ ਖਾਲਸਾ ਦਾ ਕੋਈ ਸੈਨਕ ਨਜ਼ਰ ਆਵੇ ਮਾਰ ਮੁਕਾ ਦਿਓ। ਉਹ ਸਮਾਂ ਵੀ ਆਇਆ ਜਦੋਂ ਸਿਰਾਂ ਦਾ ਮੁਲ ਪੈਂਦਾ ਸੀ। ਉਹ ਵੀ ਕੁਝ ਸ਼ਕਤੀਆਂ ਖਾਲਸੇ ਵਿਰੁਧ ਕੰਮ ਕਰਦੀਆਂ ਰਹੀਆਂ ਪਰ ਖਾਲਸਾ ਅਮਰ ਰਿਹਾ।

ਫਿਰ ਇਕ ਐਸਾ ਸਮਾਂ ਆਇਆ ਜਦੋਂ ਦੂਰਦਰਸ਼ੀ ਮਹਾਰਾਜਾ ਰਣਜੀਤ ਸਿੰਘ ਨੇ ਐਸੇ ਕਾਰਨਾਮੇ ਵਿਖਾਏ ਜਿਨ੍ਹਾਂ ਦੇ ਫਲ ਰੂਪ ਖਾਲਸਾ ਕਾਮਨ ਵੈਲਥ ਦੀ ਸਥਾਪਨਾ ਦਾ ਸੁਫਨਾ ਸਾਕਾਰ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਗੁਰ ਮਤਿਆਂ ਉਤੇ ਅੱਖਰ ਅੱਖਰ ਅਮਲ ਹੁਦਾ ਸੀ ਤੇ ਖਾਲਸੇ ਕਾ ਰਾਜ ਭਾਗ ਸੀ। ਪਰ ਐਸਾ ਵਕਤ ਵੀ ਆਇਆ ਕਿ ਕੁਝ ਲੋਕਾਂ ਮਹਾਰਾਜੇ ਵਿਰੁਧ ਗੋਂਦਾਂ ਗੁੰਦੀਆਂ, ਇਨ੍ਹਾਂ ਨੇ ਇਕ ਵਿਦੇਸ਼ੀ ਤਾਕਤ ਅੰਗਰੇਜ਼ ਨਾਲ ਗਾਂਢ ਸਾਂਢ ਕੀਤਾ ਪਰ ਖਾਲਸਾ ਅਮਰ ਸੀ ਤੇ ਅਮਰ ਰਿਹਾ।

### ਸਿਖਾਂ ਦੇ ਪਤਨ ਦਾ ਜ਼ਮਾਨਾ

ਜਦੋਂ ਪੰਜਾਬ ਦੀ ਰਾਜਧਾਨੀ ਲਾਹੌਰ ਉਤੇ ਮੁਸੀਬਤਾਂ ਦੇ ਬੱਦਲ ਛਾ ਗਏ, ਜਦੋਂ ਅੰਗਰੇਜ਼ਾਂ ਦੀਆਂ ਫੌਜਾਂ ਖਾਲਸਾ ਰਾਜ ਦੀ ਪ੍ਰਭੂ-ਸੱਤਾ ਨੂੰ ਖੱਤਮ ਕਰਨ ਲਈ ਅਗੇ ਵਧੀਆਂ, ਜਦੋਂ ਨਿਰਭੈ ਖਾਲਸਾ ਯੋਧਿਆਂ ਤੇ ਮਹਾਨ ਦੇਸ਼ ਭਾਰਤ ਸ੍ਰ: ਸ਼ਾਮ ਸਿੰਘ ਅਟਾਰੀ ਵਾਲਿਆਂ, ਸੰਤ ਸਰੂਪ ਮਹਾਰਾਜ ਸਿੰਘ ਤੇ ਪੰਜਾਬ ਦੀ ਗੌਰਵਮਈ ਮਹਾਰਾਣੀ ਜਿੰਦਾਂ ਨੇ ਕੌਮੀ ਰਾਜ ਲਈ ਆਪਣਾ ਸਭ ਕੁਝ ਨਿਛਾਵਰ ਕਰ ਤਾਂ ਦਿਤਾ ਕੁਝ ਦੇਸ਼ ਧਰੋਹੀ ਅੰਗਰੇਜ਼ ਸਾਮਰਾਜੀਆਂ ਵਲ ਹੋ ਕੇ ਜਾਸੂਸੀ ਕਰਦੇ ਰਹੇ। ਇਹਨਾਂ ਨੇ ਪੰਜਾਬ ਦੀ ਰਖਵਾਲੀ ਕਰਨ ਵਾਲੀਆਂ ਫੌਜਾਂ ਨੂੰ ਪੁਠੇ ਰਾਹ ਤੇ ਪਾਇਆ। ਇਹਨਾਂ ਲੋਕਾਂ ਨੇ



Namdhari Elibrary NamdhariElibrary@gmail.com

ਦੇਸ਼ ਨਾਲ ਧਰੋਹ ਕਮਾਇਆ। ਇਹਨਾਂ ਨੇ ਵਕਤ ਨਾਲ ਗ਼ਦਾਰੀ ਕੀਤੀ। (ਸੈਨਾਪਤੀ ਤੇਜਾ ਸਿੰਘ ਤੇ ਲਾਲ ਸਿੰਘ ਆਦਿ ਇਸਦਾ ਸਿਟਾ ਉਹੀ ਨਿਕਲਿਆ ਜਿਸਦੀ ਆਸ ਕੀਤੀ ਜਾਂਦੀ ਸੀ। ਇਹਨਾਂ ਨੇ ਕੀਤੇ ਦਾ ਫਲ ਪਾਇਆ। ਇਹਨਾਂ ਗ਼ਦਾਰਾਂ ਨੇ ਸਿਖਾਂ ਦਾ ਨਾਂ ਕਲੰਕਿਤ ਕੀਤਾ ਤੇ ਅਪਯੱਸ਼ ਖਟਿਆ।

ਜਦੋਂ 1857 ਦੀ ਅਗਨੀ ਪਰਚੰਡ ਹੋਈ। ਜਦੋਂ ਦੇਸ ਦੀ ਆਜ਼ਾਦੀ ਲਈ ਸੁਤੰਤਰਤਾ ਸੰਗਰਾਮੀਏ ਮੈਦਾਨ ਵਿਚ ਕੁਦੇ ਜਦੋਂ ਸਾਰਾ ਦੇਸ਼ ਇਕ ਸਿਰੇ ਤੋਂ ਲੈ ਕੇ ਦੂਜੇ ਤਕ ਵਿਦੇਸ਼ੀ ਰਾਜ ਵਿਰੁਧ ਉਠ ਖਲੋਤਾ, ਜਦੋਂ ਧਰਮ ਤੇ ਸੁਤੰਤਰਤਾ ਦੇ ਨਾਹਰੇ ਹਰ ਘੜੀ ਹਰ ਪਾਸਿਉਂ ਬੁਲੰਦ ਹੋ ਰਹੇ ਸਨ, ਜਦੋਂ ਲੱਖਾਂ ਦੇਸ਼ਵਾਸ਼ੀ ਆਜਾਦੀ ਦੀ ਇਹ ਖਤਰਨਾਕ ਲੜਾਈ ਲੜ ਰਹੇ ਸਨ, ਜਦੋਂ ਹਜ਼ਾਰਾਂ ਦੇਸ਼ ਭਗਤ ਆਜ਼ਾਦੀ ਦੀ ਇਸ ਜੰਗ ਵਿਚ ਆਪਣੀਆਂ ਜਾਨਾਂ ਦੀ ਆਹੂਤੀ ਪਾ'ਰਹੇ ਸਨ ਉਦੋਂ ਵੀ ਕੁਝ ਲੋਕ ਹਮਲਾ ਆਵਰ ਕਾਰਵਾਈ ਕਰਨ ਵਾਲੇ ਅੰਗਰੇਜ਼ਾਂ ਦੀ ਸਰਗਰਮ ਇਮਦਾਦ ਕਰ ਰਹੇ ਸਨ। ਇਹਨਾਂ ਲੋਕਾਂ ਨੇ ਆਪਣੇ ਨਵੇਂ ਮਾਲਕਾਂ (ਅੰਗਰੇਜ਼ ਹੁਕਮਰਾਨਾਂ ਦੀਆਂ ਬਸਤੀਆਂ, ਫੌਜਾਂ ਦੇ ਰਸਤਿਆਂ ਦੀ ਰਖਵਾਲੀ ਕੀਤੀ। ਇਹਨਾਂ ਲੋਕਾਂ ਨੇ ਆਪਣੇ ਭਾੜੇ ਦੇ ਟਟੂ ਸਿਪਾਹੀਆਂ, ਆਪਣੀਆਂ ਸੈਨਾਵਾਂ ਦੀਆਂ ਸੇਵਾਵਾਂ ਪੇਸ਼ ਕੀਤੀਆਂ ਇਹ ਫੌਜਾਂ ਅੰਗਰੇਜ਼ਾਂ ਵਲੋਂ ਲੜੀਆਂ ਇਨ੍ਹਾਂ ਲੋਕਾਂ ਨੇ ਇਸ ਗੱਲ ਤੋਂ ਵੀ ਪਰਵਾਹ ਨਾ ਕੀਤੀ ਕਿ ਇਨ੍ਹਾਂ ਨੂੰ ਇਕ ਇਤਿਹਾਸਕ ਵੰਗਾਰ ਕੀ ਕਹਿ ਰਹੀ ਹੈ ਇਹਨਾਂ ਇਤਿਹਾਸ ਦੇ ਤਕਾਜਿਆਂ ਨੂੰ ਪੂਰਾ ਨਾ ਕੀਤਾ ਸਗੋਂ ਇਹਨਾਂ ਨੇ ਆਪਣੇ ਦੂਸ਼ਿਤ ਰੋਲ ਤੇ ਆਪਣੇ ਕਸੂਰ ਨੂੰ ਲੁਕਾਉਣ ਲਈ ਇਤਿਹਾਸ ਨੂੰ ਵਿਗਾੜਿਆ, ਉਦੋਂ ਵੀ ਅਮਰ ਜੋਤੀ ਜਗਦੀ ਰਹੀ।

## ਸਤਿਗੁਰੂ ਰਾਮ ਸਿੰਘ ਦੇ ਉਪਕਾਰ

ਫਿਰ ਇਕ ਸਮਾਂ ਆ ਗਿਆ ਜਦੋਂ ਨਾਮਧਾਰੀ ਨੇ ਇਕ ਨਵਾਂ ਝੰਡਾ ਝੁਲਾਇਆ। ਉਹ ਸਮਾਂ ਆਇਆਂ ਜਦੋਂ ਸਤਿਗੁਰੂ ਰਾਮ ਸਿੰਘ ਨੇ ਗਰੀਬ ਤੇ ਸਰਣ ਸਾਧਾਰਨ ਕਿਰਤੀਆਂ ਨੂੰ ਆਤਮ ਵਿਸ਼ਵਾਸ ਤੇ ਪਵਿਤਰਤਾ ਦਾ ਉਚਾ ਸੰਦੇਸ਼ ਦੇ ਕੇ ਇਨ੍ਹਾਂ ਵਿਚ ਇਕ ਨਵੀਂ ਰੂਹ ਫੂਕ ਦਿਤੀ, ਜਦੋਂ ਆਪਣੇ ਲੋਕਾਂ ਨੂੰ ਨਵ-ਜੀਵਨ ਦਿਤਾ ਤਾਂ ਧਰਤੀ ਦੇ ਖਾਮੋਸ਼ ਕਿਣਕਿਆਂ ਵਿਚੋਂ ਬਬਰ ਸ਼ੇਰਾਂ ਦੀ ਭਬਕ ਦੀਆਂ ਆਵਾਜ਼ਾਂ ਗੂੰਜਣ ਲਗ ਪਈਆਂ। ਇਸ ਅਮਰਨਾਦ ਨੇ ਆਕਾਸ਼ ਗੂੰਜਾ ਦਿਤਾ।

ਸਤਿਗੁਰੂ ਰਾਮ ਸਿੰਘ ਨੇ ਸੰਦੇਸ਼ੀ ਤੇ ਨਾ ਮਿਲਵਰਤਣ ਲਹਿਰਾਂ ਦੇ ਰੂਪ ਵਿਚ ਸਾਨੂੰ ਅਜਿਤ ਤੇ ਅਮਰ ਸਸਤਰ ਬਖਸ਼ਸ਼ ਕੀਤੇ ਤਾਂ ਜੋ ਅਸੀਂ ਇਨ੍ਹਾਂ ਰਾਹੀਂ ਆਜ਼ਾਦੀ ਪ੍ਰਾਪਤ ਕਰ ਸਕੀਏ। ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ਾਂ ਦੇ ਮੁਕਾਬਲੇ ਤੇ ਆਪਣੀ ਗੌਰਮਿੰਟ ਕਾਇਮ ਕਰਨ ਜਾਂ ਸਵਰਾਜ ਦੀ ਨੀਂਹ ਰੱਖਣ ਲਈ ਅਗੇ ਵਧੇ ਆਪ ਨੇ ਸਾਰੀਆਂ ਸਮਾਜਕ ਬੁਰਾਈਆਂ ਤੇ ਕੁਰਹਿਤਾਂ ਤੋਂ ਬਚਾਉਣ ਲਈ ਤੇ ਆਪਣੇ ਪੈਰੋਕਾਰਾਂ ਨੂੰ ਵਿਦੇਸ਼ੀ ਭਰਭਾਵਾਂ ਤੋਂ ਮੁਕਤ ਕਰਨ ਲਈ ਕੌਮ ਨੂੰ ਇਕ ਹਲੂਣਾ ਦਿਤਾ। ਆਪ ਨੇ



Namdhari Elibrary NamdhariElibrary@gmail.com

ਖਿੜੇ ਮਥੇ ਚੌਦਾਂ ਸਾਲਾਂ ਤੋਂ ਵਧ ਅਰਸੇ ਲਈ ਜਲਾਵਤਨੀ ਦੇ ਤਸੀਹੇ ਸਹੇ। ਆਪ ਨੇ ਧਰਮ ਤੇ ਆਜ਼ਾਦੀ ਦੇ ਪਵਿਤਰ ਕਾਜ਼ ਲਈ ਅਨ-ਗਿਣਤ ਕੁਰਬਾਨੀਆਂ ਕੀਤੀਆਂ। ਆਪ ਨੇ ਇਕ ਕਾਲ, ਕੋਠੜੀ ਵਿਚ ਰਹਿ ਕੇ ਵੀ ਹਸਦਿਆਂ ਹਸਦਿਆਂ ਅੰਗਰੇਜ਼ ਸਰਕਾਰ ਦੇ ਤਸੀਹੇ ਸਹੇ ਤਾਂ ਜੋ ਆਪ ਦੇ ਦੂਜੇ ਕਰੋੜਾਂ ਦੇਸ਼ ਵਾਸੀਆਂ ਨੂੰ ਭੇਜਦੇ ਰਹੇ ਉਦੋਂ ਵੀ ਦੋਖੀਆਂ ਤੇ ਨਿੰਦਕਾ ਨੇ ਅੰਗਰੇਜ਼ਾਂ ਪਾਸ ਚੁਗਲੀਆਂ ਖਾਧੀਆਂ।

ਅੰਗਰੇਜ਼ ਸਾਮਰਾਜੀਆਂ ਦੇ ਇਨ੍ਹਾਂ ਪਿਠੂਆਂ ਨੇ ਆਪਣੀਆਂ ਤੋਪਾਂ ਦੀ ਪੇਸ਼ਕਸ਼ ਕੀਤੀ ਤਾਂ ਜੋ ਇਨ੍ਹਾਂ ਨਾਲ ਨਾਮਧਾਰੀ ਸਿਖਾਂ, ਆਪਦੇ ਪੈਰੋਕਾਰਾਂ ਨੂੰ ਉੜਾ ਦਿਤਾ ਜਾਵੇ। ਇਨ੍ਹਾਂ ਦੋਖੀਆਂ ਤੇ ਨਿੰਦਕਾਨੇ ਅਗਰੇਜ਼ ਹੁਕਮਰਾਨਾਂ ਨੂੰ ਚਿਠੀਆਂ ਲਿਖੀਆਂ ਤਾਂ ਜੋ ਆਪ ਦੀ ਬਰਮਾ ਵਿਚ ਜਲਾਵਤਨੀ ਸਦੀਵੀਂ ਹੋ ਜਾਵੇ। ਇਨ੍ਹਾਂ ਲੋਕਾਂ ਇਤਿਹਾਸਕ ਸਚਾਈਆਂ ਤੇ ਅਸਲ ਘਟਨਾਵਾਂ ਨੂੰ ਤੋੜ ਮਰੋੜ ਦੇ ਲਿਖਵਾਇਆ। ਇਹਨਾਂ ਲੋਕਾਂ ਨੇ ਆਪਣੇ ਸੁਨਹਿਰੀ ਮਿਸ਼ਨ ਦੀ ਤਵਾਰੀਖ ਤੇ ਇਤਿਹਾਸਕ ਘਟਨਾਵਾਂ ਦੀ ਰੂਪ ਰੇਖਾ ਹੀ ਵਿਗਾੜ ਦਿਤੀ। ਕਈ ਇਤਿਹਾਸਕ ਘਟਨਾਵਾਂ ਨੂੰ ਏਸ ਲਈ ਗਲਤ ਰੰਗ ਵਿਚ ਕੀਤਾ ਕਿ ਆਪ ਨੂੰ ਇਤਿਹਾਸ ਵਿਚ ਜਿਹੜਾ ਸਤਿਕਾਰ ਤੇ ਮਹਾਨ ਉੱਚਾ ਅਸਥਾਨ ਮਿਲਣਾ ਚਾਹੀਦਾ ਸੀ, ਉਹ ਨਾ ਮਿਲ ਸਕੇ। ਤਾਂ ਵੀ ਉਹ ਅਸਫਲ ਰਹੇ। ਸੂਰਜ ਚੜ੍ਹਿਆ ਤੇ ਮੁੜ ਚੜ੍ਹਿਆ। ਅਮਰ ਜੋਤੀ ਜਗਦੀ ਰਹੀ ਤੇ ਜਗਦੀ ਰਹੇਗੀ।



Namdhari Elibrary NamdhariElibrary@gmail.com

## ਮੌਲਵੀ ਗ਼ੁਲਾਮ ਭੀਖ ਜਲੰਧਰੀ

ਮੈਂ ਖੁਦ ਭੈਣੀ ਗਿਆ ਔਰ ਦੇਖਾ ਕੂਕਿਉ ਨੇ ਜੋ ਤਰੀਕਾ ਅਖਤਿਆਰ ਕੀਆ ਹੈ। ਵੋਹ ਔਰ ਕੁਛ ਨਹੀਂ ਹੈ ਵੋਹ ਅਸਲ ਮਜ਼ਬ ਸਿੱਖੋਂ ਕਾ ਹੀ ਹੈ, ਔਰ ਉਸੇ ਉਹਨੋਂ ਨੇ ਦੁਬਾਰਾ ਰੌਣਕ ਦੀ ਹੈ। ਮੈਲਾਨੇ ਉਨਕੀ ਤਬੀਅਤ ਕਾ ਅਸਲੀ ਰੂਪ ਮਜ਼ਬ ਕੀ ਜ਼ਾਨਬ ਹੈ। ਪਰ ਉਨ ਕੇ ਤਰੀਕ ਔਰ ਛੋਦ ਲਾਖ ਆਦਮੀਉਂ ਸੇ ਭੀ ਜ਼ਿਆਦਾ ਗਰੋਹ ਕੇ ਇਤਫਾਕ ਸੇ ਯਿਹ ਵੀ ਦਿਯਾਂ ਹੈ ਕਿ ਯਿਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕੇ ਪਰ ਚਲਤੇ ਹੈ। ਉਨ ਕੀ ਜੋਲਾਨੀਏ ਤਬਅ, ਸਖਤ ਗੁਜ਼ਰਾਨ, ਨੀਮਸ਼ਭੀ ਪੰਚਾਇਤਾਂ ਔਰ ਸ਼ਪਾਹੀਯਾਨਾ ਵਜਾਹ ਕੋ ਦੇਖ ਕਰ ਗੌਰਮਿੰਟ ਪੰਜਾਬ ਦੀ ਨਜ਼ਰ ਉਨ ਕੇ ਉਪਰ ਹੁਈ, ਔਰ ਉਹਨੋਂ ਨੇ ਉਨ ਕੇ ਸਰਗਰੋਹ ਕੋ ਨਿਗਾਹ ਮੇ ਰਖਾ ਥਾ।

ਨਾਨਕ ਸ਼ਾਹ ਦੀ ਤਰ੍ਹਾਂ ਰਾਮ ਸਿੰਘ ਵੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਆਪਣੇ ਮਜ਼ਬ ਵ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋਂ ਕੋ ਵੀ ਕੂਕਾ ਕਰ ਲੇਤਾ ਹੈ। ਇਨ ਕੂਕੋਂ ਮੇਂ ਅਕਸਰ ਨੀਚੀ ਜ਼ਾਤ ਕੇ ਲੋਗ ਮਿਸਲ ਪੰਜਾਬੀ, ਜਾਟ, ਔਰ ਚਮਾਰ ਵਗੈਰਾ ਕੇ ਹੈ। ਅਕਾਇਦ ਉਨ ਕੇ ਸਾਫ ਔਰ ਆਸਾਨ ਹੈ, ਯਾਨੀ ਬੁੱਤ ਪ੍ਰਸਤੀ ਕਿਸੀ ਤਰ੍ਹਾਂ ਕੀ ਜਾਇਜ਼ ਨਹੀਂ। ਕਿਸੀ ਜ਼ਾਤ ਕੀ ਕੈਦ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਕੋ ਆਪਣਾ ਦੇਵਤਾ ਮਾਨਤੇ ਹੈ। ਹਰ ਕਿਸਮ ਕੀ ਬੁਰਾਈ ਕੋ ਗੁਨਾਹ ਜਾਨਤੇ ਹੈ। ਚੋਰੀ ਜਨਾਹਕਰੀ, ਸ਼ਰਾਬਖੋਰੀ ਗੋਸ਼ਤ ਔਰ ਝੂਠ ਉਨ ਕੋ ਕਤਈ ਮਨਾ ਹੈ। ਜੋ ਕੋਈ ਕੂਕੇ ਹੋਤਾ ਹੈ ਔਰ ਯਹ ਮਜ਼ਬ ਅਖਤਿਆਰ ਕਰਤਾ ਹੈ, ਉਸ ਕੇ ਉਪਰ ਅਤਾਇਤ ਗੁਰੂ ਕੀ ਔਰ ਪਾਬੰਦੀ ਅਕਾਇਦ ਕੀ ਔਰ ਜਫਾਕਸ਼ੀ ਔਰ ਜਾਂਫਸਾਨੀ ਜਬਰਨ ਲਾਜ਼ਮ ਕਰਾਤੇ ਹੈਂ। ਬੜਾ ਮਕੂਲਾ ਉਨ ਕੇ ਇਹ ਹੈ। "ਮਰਨਾ ਕਬੂਲ ਕਰੋ ਜੀਨੇ ਕੀ ਖਾਹਿਸ਼ ਛੋੜੋ ਆਪਣੇ ਤਾਈ ਖਾਕ ਸਮਝੋ ਤਬ ਕੂਕੇ ਬਣੋ" ਕੋਕੂ ਕਾ ਰੋਜ਼ ਰਾਤ ਕੇ 3 ਵਜੇ ਉਠ ਕਰ ਨਹਾਨਾ ਹੋਤਾ ਹੈ। ਔਰ ਨਹਾ ਧੋ ਕਰ ਗਰੰਥ ਕੇ ਸਲੋਕ ਪੜ੍ਹਤੇ ਹੈ। ਉਨ ਕੋ ਤਮਾਮ ਉਮਰ ਨੇਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮੱਕਾਰ ਔਰ ਬਦ ਇਖਲਾਕ ਕਮ ਦੇਖਾ ਹੋਗਾ ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੋਈ ਹੈ ਗਾਓਂ ਕੇ ਗਾਓਂ ਔਰ ਮੌਜ਼ਿਆਂ ਕੇ ਮੌਜ਼ਿਆਂ ਕੇ ਕੂਕੇ ਹੋ ਗਏ ਜਿਸ ਵਕਤ ਗੁਰੂ ਨਾਨਕ ਜੀ ਜੋ ਮੌਜੂਦ ਥੇ ਉਨ੍ਹੋਂ ਸਿਲਸਿਲਾ ਅਰਸ਼ਾਦ ਕੀਆ ਉਨ ਕੇ ਇਹ ਨਸੀਬ ਨਾ ਹੂਆ ਕਿ ਦਸ ਬਰਸ ਮੇ ਭੀ ਏਕ ਹਜ਼ਾਰ ਆਦਮੀ ਉਨ ਕੇ ਚੇਲੇ ਮੇ ਹੋਤਾ ਉਸ ਕੇ ਮਜ਼ਬ ਕਾ ਅਰੂਜ ਪਿਛਲੇ ਮਸਨਦ ਨੀਸ਼ੀਨੋਂ ਕੇ ਵਕਤ ਮੇਂ ਹੂਆ ਥਾ। ਇਸ ਮਜੂਦ ਕੀ ਜ਼ਿੰਦਗੀ ਮੇ ਲਾਖੋਂ ਕੂਕਾ ਹੋ ਗਿਆ।



Namdhari Elibrary NamdhariElibrary@gmail.com

## ਸ੍ਰ: ਐਸ. ਐਸ. ਚਰਨ ਸਿੰਘ
**ਐਡੀਟਰ ਮੰਜੀ**

ਰੱਬੀ ਰੂਹਾਂ ਅਰਥਾਤ ਰੱਬ ਵਲੋਂ ਜਗਤ ਦੇ ਸੁਧਾਰ ਲਈ ਆਈਆਂ ਹੋਈਆਂ ਖਾਸ ਰੂਹਾਂ ਵਿਚ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਨ੍ਹਾਂ ਦੇ ਜੀਵਨ ਦੇ ਜਿਸ ਅੰਗ ਵਲ ਵੀ ਨਜ਼ਰ ਮਾਰੋ, ਉਨ੍ਹਾਂ ਦੀ ਮਹਾਨਤਾ ਹੀ ਨਜ਼ਰ ਆਉਂਦੀ ਹੈ। ਧਰਮ ਦੇ ਚਾਰੇ ਪੈਰ ਇਕੋ ਜਿਹੇ ਰਖਣ ਵਾਂਗ ਉਹ ਧਾਰਮਿਕ, ਸਰੀਰਕ, ਭਾਈਚਾਰਕ ਤੇ ਰਾਜਸੀ ਚੌਹਾਂ ਪਾਸਿਆਂ ਵਲ ਹੀ ਉਚੇ ਚਾਨਣ ਮੁਨਾਰਿਆਂ ਰੂਪੀ ਨਮੂਨੇ ਕਾਇਮ ਕਰਦੇ ਹਨ।

ਇਸ ਵੇਲੇ ਸਾਰੇ ਹਿੰਦੁਸਤਾਨ ਤੇ ਦੁਨੀਆਂ ਵਿਚ ਮਹਾਤਮਾ ਗਾਂਧੀ ਜੀ ਦਾ ਸਭ ਤੋਂ ਵਧੇਰੇ ਦਰਜਾ ਹੈ ਤੇ ਉਨ੍ਹਾਂ ਦੀ ਹਸਤੀ ਵਾਕਈ ਸਤਿਕਾਰ ਯੋਗ ਹੈ, ਪਰ ਜਦ ਮੈਂ ਸ੍ਰੀ 108 ਮਹਾਰਾਜ ਬਾਬਾ ਰਾਮ ਸਿੰਘ ਸਾਹਿਬ ਦੇ ਪਵਿੱਤਰ ਜੀਵਨ ਸਬੰਧੀ ਕੋਈ ਲੇਖ ਲਿਖਣ ਲਈ ਕੋਈ ਖਿਆਲ ਦੁੜਾਇਆ ਤਾਂ ਇਉਂ ਜਾਪਿਆ ਕਿ ਮਹਾਤਮਾ ਗਾਂਧੀ ਜੀ ਦੇ ਰਾਜਸੀ ਅਸੂਲ ਹਜ਼ੂਰ ਦੇ ਰਾਜਸੀ ਅਸੂਲਾਂ ਨਾਲ ਏਨੇ ਮਿਲਦੇ ਹਨ ਕਿ ਜੇ ਇਹ ਕਿਹਾ ਜਾਵੇ ਕਿ ਮਹਾਤਮਾ ਗਾਂਧੀ ਜੀ ਰਾਜਸੀ ਅਸੂਲਾਂ ਵਲੋਂ ਇਕ ਨਾਮਧਾਰੀ ਸਿਖ ਹਨ ਤਾਂ ਕੋਈ ਮੁਬਾਲਗੇ ਦੀ ਗਲ ਨਹੀਂ, ਨਮੂਨੇ ਲਈ ਪੰਜ ਚਾਰ ਗੱਲਾਂ ਕਾਫੀ ਹਨ।

(1) ਸ੍ਰੀ ਬਾਬਾ ਜੀ ਨੇ ਖੱਦਰ ਪਹਿਨਣਾ ਤੇ ਸਾਦਾ ਰਹਿਣਾ ਸਿਖਾਇਆ। ਗਾਂਧੀ ਜੀ ਵੀ ਉਸੇ ਗਲ ਉਤੇ ਜ਼ੋਰ ਦੇਂਦੇ ਹਨ।

(2) ਸ੍ਰੀ ਮਹਾਰਾਜ ਜੀ ਨੇ ਸ਼ਰਾਬ ਦਾ ਸਖਤ ਬਾਈਕਾਟ ਕੀਤਾ। ਗਾਂਧੀ ਜੀ ਭੀ ਕਹਿੰਦੇ ਹਨ ਕਿ ਜੇ ਸੁਰਾਜ ਮਿਲ ਜਾਏ ਤਾਂ ਮੈਂ ਸਭ ਤੋਂ ਪਹਿਲਾਂ ਸ਼ਰਾਬ ਦੀ ਬੰਦਸ਼ ਕਰਾਂਗਾ।

(3) ਸ੍ਰੀ ਮਹਾਰਾਜ ਜੀ ਨੇ ਆਪਣੇ ਸਿਖਾਂ ਨੂੰ ਝਗੜੇ ਮੁਕੱਦਮੇ ਘਰ ਵਿਚ ਹੀ ਨਿਬੇੜਨ ਦਾ ਹੁਕਮ ਦਿਤਾ ਤੇ ਅਦਾਲਤਾਂ ਵਿਚ ਜਾ ਕੇ ਉਜੜਨੋਂ ਵਰਜਿਆ। ਗਾਂਧੀ ਜੀ ਵੀ ਅਦਾਲਤਾਂ ਤੇ ਵਕੀਲਾਂ ਦੇ ਬਾਈਕਾਟ ਦੇ ਭਾਰੇ ਪ੍ਰਚਾਰਕ ਹਨ।

(4) ਸ੍ਰੀ ਮਹਾਰਾਜ ਜੀ ਨੇ ਆਪਣੇ ਸਿਖਾਂ ਨੂੰ ਧਕੇਬਾਜਾਂ ਨਾਲ, "ਨਾ ਮਿਲਵਰਤਨ" ਕਰਕੇ ਡਟ ਕੇ ਰਹਿਣ ਦੀ ਜਾਚ ਸਿਖਾਈ,ਮਹਾਤਮਾ ਜੀ ਵੀ "ਨਾ ਮਿਲਵਰਤਨ" ਦੇ ਜ਼ਬਰਦਸਤ ਸ਼ਸਤ੍ਰਧਾਰੀ ਹਨ।



Namdhari Elibrary NamdhariElibrary@gmail.com

(5) ਸ੍ਰੀ ਮਹਾਰਾਜ ਜੀ ਨੇ ਆਪਣੇ ਨਾਮਧਾਰੀਆਂ ਨੂੰ ਅਜਿਹੇ ਸ਼ਾਂਤਮਈ ਸਤਿਆਗ੍ਰਹੀ ਬਣਾਇਆ ਕਿ ਉਨ੍ਹਾਂ ਸੂਤਰੀ ਮਾਲਾ ਵਾਲਿਆਂ ਨੇ ਬੜੀਆਂ-2 ਖੌਫਨਾਕ ਤੋਪਾਂ ਅਗੇ ਛਾਤੀਆਂ ਡਾਹ ਕੇ ਵੀ ਮੱਥੇ ਵੱਟ ਨਾ ਪਾਇਆ। ਮਹਾਤਮਾ ਗਾਂਧੀ ਜੀ ਵੀ ਵੈਸੇ ਹੀ ਉਚ "ਸ਼ਾਂਤਮਈ ਸਤਿਆਗ੍ਰਹਿ" ਦੇ ਆਸ਼ਕ ਤੇ ਪ੍ਰਚਾਰਕ ਹਨ।

(6) ਸ੍ਰੀ ਮਹਾਰਾਜ ਜੀ ਨੇ ਆਪਣੇ ਸੇਵਕਾਂ ਨੂੰ "ਸੁਦੇਸ਼ੀ" ਦਾ ਹੁਕਮ ਦਿਤਾ, ਹਾਲਾਂ ਕਿ ਉਦੋਂ ਫਿਰ ਜਦ ਅਸੀਂ ਇਹ ਵੇਖੀਏ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਸਾਹਿਬ ਨੇ ਇਹ ਅਸੂਲ ਆਪਣੇ ਸਿਖਾਂ ਨੂੰ ਅੱਜ ਤੋਂ 50-60 ਸਾਲ ਪਹਿਲਾਂ ਸਿਖਾਏ ਜਦ ਕਿ ਮੁਲਕ ਵਿਚ ਕੋਈ ਰਾਜਸੀ ਲਹਿਰ ਨਹੀਂ ਸੀ। ਕੋਈ ਕਾਂਗਰਸ ਨਹੀਂ ਸੀ ਤੇ ਨਾ ਹੀ ਆਮ ਸ਼ਾਂਤਮਈ ਸਤਿਆਗ੍ਰਹੀਆ ਜਾਂ ਨਾਮਿਲਵਰਤਨੀਆਂ ਦੀ ਹਉਮੈ ਹੱਲਾ-ਸ਼ੇਰੀਆਂ ਤੇ ਲੋਕ ਵਡਿਆਈਆਂ ਦੇ ਪੱਠੇ ਪੈਂਦੇ ਸਨ, ਸਗੋਂ ਆਂਢੀ ਗੁਆਂਢੀ ਆਪਣੇ ਬੇਗਾਨੇ ਸਭ ਜਾਨੀ ਵੈਰੀ ਬਣੇ ਹੋਏ ਸਨ। ਹਾ ਮੰਨਣਾ ਪੈਂਦਾ ਹੈ ਕਿ ਉਸ ਰੱਬੀ ਰੂਹ ਦੇ ਇਹ ਫੁਰਨੇ ਸੁਭਾਵਕ ਸਨ। ਕਿਤੇ ਨਕਲ ਕੀਤੇ ਹੋਏ ਜਾਂ ਜ਼ੋਰ ਲਾ ਕੇ ਸੋਚੇ ਹੋਏ ਨਹੀਂ ਸਨ। ਗਾਂਧੀ ਜੀ ਤਾਂ ਖੁਦ ਲਿਖਦੇ ਹਨ ਕਿ ਉਨ੍ਹਾਂ ਦੀ ਸਾਲ ਹੀ ਸਾਲ ਦੀ ਰਾਜਸੀ ਜ਼ਿੰਦਗੀ ਤਾਂ ਬੇਸ਼ੁਮਾਰ ਕਿਤਾਬਾਂ ਦੇ ਮੁਤਾਬਲਿਆਂ ਨੇ ਉਨ੍ਹਾਂ ਨੂੰ ਇਹ ਗੱਲਾਂ ਸਿਖਾਈਆਂ ਪਰ ਬਾਬਾ ਰਾਮ ਸਿੰਘ ਜੀ ਦਾ ਭੈਣੀ ਸਾਹਿਬ ਦਾ ਇਕ ਲਾਂਗਰੀ ਤੇ ਸੋਧੀਆਂ ਵੀ ਸਾਧਾਰਨ ਤੌਰ ਤੇ ਇਹ ਸਭ ਗੱਲਾਂ ਤਦ ਤੋਂ ਜਾਣਦਾ ਸੀ, ਜਦੋਂ ਅਜੇ ਗਾਂਧੀ ਜੀ ਰਾਜਸੀ ਮੈਦਾਨ ਵਿਚ ਆਏ ਵੀ ਨਹੀਂ ਸਨ। ਸ੍ਰੀ ਬਾਬਾ ਰਾਮ ਸਿੰਘ ਜੀ ਅੰਗਰੇਜ਼ੀਆਂ ਫਾਰਸੀਆਂ ਪੜ੍ਹੇ ਨਹੀਂ ਸਨ ਤੇ ਨਾ ਹੀ ਗੈਰ ਮੁਲਕੀ ਰਾਜਸੀ ਲੀਡਰਾਂ ਨਾਲ ਮਿਲੇ ਜੁਲੇ ਸਨ। ਇਸ ਲਈ ਉਨ੍ਹਾਂ ਦੇ ਜੋ ਵੀ ਹੁਕਮ ਸਨ ਉਹ ਉਨ੍ਹਾਂ ਦੇ ਆਪਣੇ ਤੇ ਸਿਧੇ ਰੱਬ ਵਲੋਂ ਆਏ ਹੋਏ ਸਨ। ਸੋ ਇਨ੍ਹਾਂ ਗੱਲਾਂ ਤੋਂ ਇਤਿਹਾਸਕਾਰ ਇਹੋ ਨਤੀਜਾ ਕੱਢ ਸਕਦਾ ਹੈ ਕਿ ਗਾਂਧੀ ਜੀ ਦਿਲ ਉਤੇ ਕਿਸੇ ਨਾ ਕਿਸੇ ਤਰ੍ਹਾਂ ਨਾਮਧਾਰੀ ਅਸੂਲਾਂ ਤੇ ਹਜੂਰ ਬਾਬਾ ਰਾਮ ਸਿੰਘ ਜੀ ਦੇ ਹੁਕਮਾਂ ਦਾ ਅਸਰ ਜ਼ਰੂਰ ਪਿਆ ਹੈ। ਯੂਰੋਸ਼ਲਮ ਨਾਲੋਂ ਭੈਣੀ ਸਾਹਿਬ ਜ਼ਰੂਰ ਹੀ ਮਹਾਤਮਾ ਗਾਂਧੀ ਜੀ ਦੇ ਨੇੜੇ ਤੇ ਆਪਣੇ ਦੇਸ਼ ਵਿਚ ਹੈ ਤੇ ਬਾਬਾ ਰਾਮ ਸਿੰਘ ਜੀ ਦਾ ਜ਼ਮਾਨਾ ਗਾਂਧੀ ਜੀ ਦੀ ਆਪਣੀ ਜ਼ਿੰਦਗੀ ਵਿਚ ਬੀਤਿਆ ਹੈ। ਇਸ ਲਈ ਹਜ਼ਰਤ ਈਸਾ ਨਾਲ ਬਾਬਾ ਰਾਮ ਸਿੰਘ ਜੀ ਦੀ ਤਾਲੀਮ ਦਾ ਅਸਰ ਗਾਂਧੀ ਜੀ ਉਤੇ ਵਧੇਰੇ ਹੋ ਸਕਦਾ ਸੀ ਤੇ ਹੋਇਆ।



Namdhari Elibrary NamdhariElibrary@gmail.com

## ਸ੍ਰੀ ਮਾਨ ਵੈਦ ਨੌਰੰਗ ਸਿੰਘ ਤਾਂਗੀ

ਨਾਮਧਾਰੀ ਸ਼੍ਰੇਣੀ ਦੇ ਸ੍ਰੀ ਸਤਿਗੁਰੂ, ਭਾਰਤ ਦੇ ਉਚੇ ਮਹਾਂਪੁਰਖ, ਸ੍ਰੀ ਬਾਬਾ ਰਾਮ ਸਿੰਘ ਸਾਹਿਬ ਜੀ ਦੇ ਜੋ ਜੀਵਨੀ ਸਮਾਚਾਰ ਇਸ ਸਮੇਂ ਤਕ ਸਾਡੇ ਸਾਹਮਣੇ ਆਏ ਹਨ, ਸੱਚੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਅਸਾਂ ਅਸਲੀ ਜੀਵਨ ਦੀ ਪਦਵੀ ਦੇਣੀ ਯੋਗ ਨਹੀਂ ਸਮਝਦੇ, ਕਿਉਂਕਿ ਉਨ੍ਹਾਂ ਜੀਵਨੀ ਸਮਾਚਾਰਾਂ ਵਿਚ ਬਹੁਤੀਆਂ ਗੱਲਾਂ ਉਹ ਹਨ ਜਿਨ੍ਹਾਂ ਨੂੰ ਵਰਤਮਾਨ ਸਮਾਂ ਪੁਰਾਣਕ ਕਥਾਵਾਂ ਦੇ ਨਾਮ ਨਾਲ ਯਾਦ ਕਰਦਾ ਹੈ। ਹੋ ਸਕਦਾ ਹੈ ਕਿ ਸ਼ਰਧਾ ਭਾਵ ਰਖਣ ਵਾਲੇ ਸੱਜਣਾਂ ਦੇ ਖਿਆਲ ਵਿਚ ਉਹ ਕਾਰਨਾਮੇ ਸਹੀ ਅਰ ਯੋਗਤਾ ਰਖਦੇ ਹੋਣ, ਪਰ ਸਾਡੇ ਖ਼ਿਆਲ ਵਿਚ ਇਨ੍ਹਾਂ ਮਹਾਂ ਪੁਰਖਾਂ ਦੇ ਜੀਵਨ ਵਿਚ ਦਸਾਈਆਂ ਗਈਆਂ ਕਰਾਮਾਤਾਂ ਕੋਈ ਵਧੇਰੇ ਵਜਨ ਨਹੀਂ ਰਖਦੀਆਂ ਕਿਉਂਕਿ ਇਨ੍ਹਾਂ ਦਾ ਜੀਵਨ ਇਨ੍ਹਾਂ ਕਰਾਮਾਤਾਂ ਤੋਂ ਬਹੁਤ ਉਚਾ ਹੈ, ਜਿਵੇਂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਲਗੀ ਵਾਲਾ ਆਖਣਾ, ਚਿੱਟੇ ਬਾਜਾਂ ਵਾਲਾ ਜ਼ਾਹਿਰ ਕਰਨਾ ਕੋਈ ਵਡਿਆਈ ਨਹੀਂ ਰਖਦਾ। ਤਿਵੇਂ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਸਿਫਤ ਵਿਚ ਚੀਨੀ ਵਾਲਾ, "ਚੀਨੀ ਅਸਵਾਰ" ਆਖਣਾ ਵਡਿਆਈ ਦਾ ਕਾਰਨ ਨਹੀਂ ਉਨ੍ਹਾਂ ਦੀ ਸਿਫਤ, ਬੇ-ਨਜ਼ੀਰ ਸਿਫ਼ਤ ਹੈ, ਉਹ ਇਕ ਉਚੇ ਮਹਾਂ ਪੁਰਖ ਸਨ, ਬਲਕਿ ਜੇ ਉਨ੍ਹਾਂ ਨੂੰ ਪੂਰਨ ਮਨੁੱਖ ਕਿਹਾ ਜਾਵੇ ਤਾਂ ਵੀ ਕੋਈ ਵੱਡੀ ਗਲ ਨਹੀਂ ਹੈ, ਕਿਉਂਕਿ ਆਪ ਦਾ ਜੀਵਨ, ਦੇਸ਼, ਧਰਮ ਤੇ ਰਾਜਸੀ ਪਹਿਲੂ ਤੋਂ ਇਕ ਮੁਕੰਮਲ ਜੀਵਨ ਹੈ।

ਮੇਰੀ ਇਸ ਖੋਜ ਦਾ ਇਹ ਸਿੱਟਾ ਹੈ ਕਿ ਹੁਣ ਤਕ ਅਸਾਂ ਇਸ ਮਹਾਂਪੁਰਖ ਦੇ ਜੀਵਨ ਨੂੰ ਛੁਹਿਆ ਤਕ ਨਹੀਂ ਜੋ ਕੁਝ ਦਸਿਆ ਹੈ ਉਹ ਇਕ ਨਾ ਮੁਕੰਮਲ ਸ਼ੈ ਹੈ ਤੇ ਉਹ ਸ਼ੈ ਹੈ ਵੀ ਪੁਰਾਤਨ ਖਿਆਲਾਂ ਦੀ ਭੱਠੀ ਵਿਚ ਜਲੀ ਹੋਈ, ਇਸ ਵਿਚ ਬਾਹਲਾ ਦੋਸ਼ ਸਾਡੇ ਸਿਖ ਲਿਖਾਰੀਆਂ ਦਾ ਹੈ। ਜਿਨ੍ਹਾਂ ਬਾਬਾ ਜੀ ਨੂੰ ਕਿਸੇ ਹੋਰ ਦਾ ਬਾਬਾ ਸਮਝ ਛਡਿਆ ਹੈ ਜਾਂ ਇਸ ਮਹਾਨ ਉੱਚੇ ਆਗੂ ਕੁਰਬਾਨੀ ਦੇ ਪੁੰਜ, ਰਾਜਨੀਤੀ ਦੇਸ ਕੋਟ, ਸਾਦਗੀ ਦੇ ਅਵਤਾਰ, ਆਜ਼ਾਦੀ ਦੇ ਸੱਚੇ ਦੇਵਤੇ, ਕਹਿਣੀ ਅਤੇ ਕਰਨੀ ਦੇ ਪੂਰੇ ਖੇਰੂੰ-2 ਹੋਈ ਸਿਖ ਜਨਤਾ ਨੂੰ ਜਥੇਬੰਦੀ ਦੀ ਤੰਦੀ ਵਿਚ ਪਰੋਣ ਵਾਲੇ ਅਦੁਤੀ ਜਰਨੈਲ ਨੂੰ ਕੂਕਿਆਂ ਦਾ ਗੁਰੂ ਆਖ ਕੇ ਵਿਸਾਰ ਛਡਿਆ ਹੈ। ਜੇ ਕਿਤੇ ਅਸੀਂ ਬਾਬਾ ਰਾਮ ਸਿੰਘ ਜੀ ਨੂੰ ਖਾਲਸਾ ਫੌਜ ਦਾ ਮੁਕੰਮਲ ਜਥੇਦਾਰ ਸਮਝ ਕੇ ਉਨ੍ਹਾਂ ਦੀ ਮਹਾਨ ਕਾਬਲੀਅਤ ਅਰ ਡੂੰਘੀ ਰਾਜਨੀਤੀ ਦਾ ਭੇਦ ਪਾਂਦੇ ਤਾਂ ਸਚ ਜਾਣੋ ਖਾਲਸੇ ਅਜ ਖਾਲਸ ਹੁੰਦੇ



Namdhari Elibrary NamdhariElibrary@gmail.com

ਅਰ ਭਾਰਤ ਆਜ਼ਾਦ ਹੁੰਦਾ ਅਤੇ ਸਾਰੇ ਸੰਸਾਰ ਉਤੇ ਪ੍ਰੇਮ ਦਾ ਝੰਡਾ ਲਹਿਰਾਂਦਾ ਨਜ਼ਰ ਆਉਂਦਾ । ਖੈਰ ਮੈਂ ਸਮਝਦਾ ਹਾਂ ਕਿ ਅੱਜ ਤੋਂ ਪਹਿਲਾਂ ਜੋ ਹਾਲਤ ਅਸੀਂ ਕੀਤੀ ਹੈ । ਉਹ ਅਜਿਹੀ ਭੁਲ ਨਹੀਂ ਜਿਸਦਾ ਸੁਧਾਰ ਨਹੀਂ ਹੋ ਸਕਦਾ, ਮੇਰਾ ਖਿਆਲ ਹੈ ਕਿ ਜੇ ਅਸੀਂ ਪਿਛਲੇ 120 ਸਾਲਾਂ ਵਿਚ ਗਲਤੀ ਕਰਦੇ ਆਏ ਹਾਂ ਤਾਂ ਉਸਦਾ ਹੁਣ ਭੋਗ ਪਾ ਕੇ ਅੱਜ ਤੋਂ 40 ਲੱਖ ਖਾਲਸੇ ਨੂੰ ਚਾਹੀਦਾ ਹੈ ਕਿ ਉਹ ਸਭ ਤੋਂ ਪਹਿਲਾਂ ਬਾਬਾ ਰਾਮ ਸਿੰਘ ਸਾਹਿਬ ਨੂੰ ਆਪਣਾ ਸਮਝੇ ਜਦੋਂ ਅਸਾਂ ਬਾਬਾ ਜੀ ਨੂੰ ਆਪਣਾ ਸਮਝਿਆ ਫਿਰ ਇਹ ਸਾਡਾ ਫਰਜ਼ ਹੋਵੇਗਾ ਕਿ ਅਸੀਂ ਬਾਬਾ ਜੀ ਦੇ ਉਨ੍ਹਾਂ ਹੁਕਮਾਂ ਤੇ ਅਮਲ ਕਰੀਏ ਜਿਹੜੇ ਹੁਕਮ ਉਨ੍ਹਾਂ ਸਾਨੂੰ ਦਿਤੇ ਹਨ । ਪਰ ਉਹ ਹਨ ਵੀ ਉਹੀ, ਜਿਹੜੇ ਕਿ ਸਚੇ ਪਾਤਸ਼ਾਹ ਕਲਗੀਧਰ ਜੀ ਨੇ ਦਿਤੇ ਸਨ ਅਰ ਜਿਨ੍ਹਾਂ ਨੂੰ ਵਿਸਾਰ ਕੇ ਅਸੀਂ ਦਰ-2 ਰੁਲ ਰਹੇ ਹਾਂ ਅਰ ਗੁਲਾਮੀ ਦਾ ਜੀਵਨ ਕੱਟ ਰਹੇ ਹਾਂ । ਸੱਚ ਬੋਲਣਾ, ਪਰਉਪਕਾਰ ਕਰਨਾ, ਨਾਮ ਜਪਣਾ, ਨੇਕੀ ਕਰਨੀ, ਜੀਵ ਮਾਤਰ ਨੂੰ ਮਨੁੱਖ ਸਮਝਣਾ, ਜ਼ਾਲਮ ਦੇ ਜ਼ੁਲਮ ਅਗੇ ਨਹੀਂ ਝੁਕਣਾ ਸਗੋਂ ਜ਼ੁਲਮ ਦੇ ਨਿਵਾਰਨ ਲਈ ਆਪਣਾ ਆਪ ਦੇ ਦੇਣਾ, ਦੇਸ਼ ਧਰਮ ਨੂੰ ਆਜ਼ਾਦ ਕਰਨਾ ਕਿਸੇ ਨੂੰ ਜ਼ੇਰ ਨਹੀਂ ਕਰਨਾ ਤੇ ਨਾ ਕਿਸੇ ਦੇ ਜ਼ੇਰ ਹੋ ਕੇ ਰਹਿਣਾ, ਕੀ ਇਹ ਉਹੀ ਗੱਲਾਂ ਨਹੀਂ ਜਿਹੜੀਆਂ ਸਾਡੇ ਪਰਮ ਪਿਤਾ ਸ੍ਰੀ ਦਸਮੇਸ਼ ਜੀ ਮਹਾਰਾਜ ਨੇ ਕਹੀਆਂ ਸਨ ਅਰ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਜੀ ਨੇ ਦ੍ਰਿੜਾਇਆ ਹੈ । ਦਸੋ ਉਹ ਹੋਏ ਨਾ ਸਾਡੇ ?

ਚੀਨੀ ਵਾਲਿਆ ਜੀ, ਤੇਰੇ ਅੰਦਰ, ਹਰ ਇਕ ਨੇ ਕੋਈ ਪਿਆਰ ਡਿੱਠਾ ।
ਕਿਸੇ ਜ਼ੁਹਦ ਡਿੱਠੀ, ਕਿਸੇ ਨਾਮ ਡਿੱਠਾ, ਕਿਸੇ ਮੁਕਤੀ ਦਾ ਭਰਿਆ ਭੰਡਾਰ ਡਿੱਠਾ ।
ਕਿਸੇ ਖਿੱਚ ਡਿੱਠੀ, ਤੇਰੀ ਧੂੜ ਅੰਦਰ, ਤੇਰੇ ਨੈਣਾਂ 'ਚ ਕਿਸੇ ਸਤਿਕਾਰ ਡਿੱਠਾ ।
ਕਿਸੇ ਦਯਾ ਡਿੱਠੀ, ਕਿਸੇ ਰਹਿਮ ਡਿੱਠਾ, ਤੈਨੂੰ ਕਿਸੇ ਨੇ ਅਪਰ ਅਪਾਰ ਡਿੱਠਾ ।
ਤੇਰੇ ਚਰਨਾਂ ਨੂੰ ਕਿਸੇ ਨੇ ਫੁੱਲ ਜਾਚਾ, ਕਿਸੇ ਬੁਲਬੁਲ ਨੇ ਤੈਨੂੰ ਬਹਾਰ ਡਿੱਠਾ ।
ਕਿਸੇ ਵਾਸਤੇ ਰੱਬ ਤੂੰ ਬਣ ਗਿਉਂ ਏਂ, ਕਿਸੇ ਨਿਗਾਹ ਨੇ ਤੈਨੂੰ ਅਵਤਾਰ ਡਿੱਠਾ ।
ਤੇਰੀ ਰੂਹ ਅੰਦਰ ਮੇਰੀ ਅੱਖ ਨੇ ਪਰ, ਵਤਨ ਵਾਸਤੇ ਤੜਫਦਾ ਪਿਆਰ ਡਿੱਠਾ ।
ਸਗਲ ਤੋੜਨੇ ਲਈ ਗੁਲਾਮੀਆਂ ਦੇ, ਤੇਰੇ ਦਿਲ ਦਾ ਅਜਬ ਹਥਿਆਰ ਡਿੱਠਾ ।



Namdhari Elibrary NamdhariElibrary@gmail.com

## ਸ੍ਰੀ ਜੀ. ਕੇ. ਵੈਨਕੇਤੇਸਾ ਮੂਰਥੀ
**ਕੈਨੇਡਾ**

ਤੋਪਾਂ ਤਿਆਰ ਸਨ। ਉਸ ਦਿਨ ਪੰਜਾਹ ਜਾਨਾਂ ਦਾ ਸਤਿਆਨਾਸ ਕੀਤਾ ਜਾਣਾ ਸੀ। ਇਹ ਭਿਆਨਕ ਦ੍ਰਿਸ਼ ਵੇਖਣ ਵਾਸਤੇ ਹਜ਼ਾਰਾਂ ਲੋਕ ਜੋ ਜੁੜੇ ਬੈਠੇ ਸਨ। ਗੋਰਾ ਅਫਸਰ, ਮਿਸਟਰ ਕਾਵਨ, ਆਪਣੀ ਪਤਨੀ ਨਾਲ ਕੁਰਸੀ ਤੇ ਬੈਠਾ ਸੀ।

ਉਹ ਲੋਕ ਜਿਨ੍ਹਾਂ ਮੌਤ ਦੇ ਮੂੰਹ ਵਿਚ ਪੈਣਾ ਸੀ, ਉਹ ਕਿਵੇਂ ਪ੍ਰਤੀਤ ਹੋ ਰਹੇ ਸਨ ? ਕੀ ਉਹ ਧਾਹੀਂ ਮਾਰ ਮਾਰ ਰੋਏ ? ਕੀ ਉਹਨਾਂ ਵਿਚੋਂ ਕੁਝ ਗੋਰਿਆਂ ਦੇ ਪੈਰਾਂ ਤੇ ਡਿਗੇ ? ਕੀ ਉਹਨਾਂ ਚੀਖ ਚਹਾੜਾ ਮਚਾਇਆ ਜਦ ਉਹਨਾਂ ਨੂੰ ਤੋਪਾਂ ਸਾਹਮਣੇ ਲਿਆਂਦਾ ਗਇਆ ? ਨਹੀਂ, ਦਰਸ਼ਕਾਂ ਨੇ ਇੱਕ ਵੱਖਰਾ ਹੀ ਨਜ਼ਾਰਾ ਤਕਿਆ।

ਗੋਰੇ ਅਫਸਰ ਨੇ ਬੰਦੀਆਂ ਦੇ ਹੱਥ ਪੈਰ ਬੰਨ੍ਹੇ, ਮੂੰਹ ਕੱਜ ਉਹਨਾਂ ਨੂੰ ਉਡਾਣਾ ਚਾਹਿਆ। ਪਰੰਤੂ ਬੰਦੀਆਂ ਨੇ ਬੀਰਤਾ ਨਾਲ ਇਸ ਦੀ ਵਿਰੋਧਤਾ ਕੀਤੀ। ਫਿਰ ਉਹਨਾਂ ਨੂੰ ਤੋਪਾਂ ਸਾਹਮਣੇ ਪਿੱਠਾਂ ਕਰ ਕੇ ਖੜੇ ਹੋਣ ਵਾਸਤੇ ਕਿਹਾ ਗਿਆ, ਮਗਰ ਉਹਨਾਂ ਸੂਰਮਿਆਂ ਇਨਕਾਰ ਕਰ ਦਿਤਾ। ਉਹ ਗੋਲਿਆਂ ਨੂੰ ਛਾਤੀਆਂ ਤੇ ਸਵਾਗਤ ਕਰਨਾ ਚਾਹੁੰਦੇ ਸਨ। ਉਹਨਾਂ ਖਿੜੇ ਮੱਥੇ ਗੋਲਿਆਂ ਨੂੰ ਸਹਾਰਿਆ ਅਤੇ ਅਕਾਸ਼ ਗੁਜਾਊ ਜੈਕਾਰੇ ਛਡੇ—"ਸਤਿਗੁਰੂ ਰਾਮ ਸਿੰਘ ਜੀ ਦੀ ਜੈ।"

ਓਥੇ ਜਾਨਾਂ ਤੇ ਖੇਡ ਜਾਣ ਵਾਲਿਆਂ ਤੋਂ ਵਧੇਰੇ ਭੈ ਦਰਸ਼ਕਾਂ ਦੇ ਦਿਲਾਂ ਤੇ ਛਾਇਆ ਹੋਇਆ ਸੀ। ਸਭਨਾਂ ਦੀਆਂ ਅੱਖਾਂ, ਕੰਨ, ਹਿਰਦੇ ਤੋਪਾਂ ਦੇ ਮੂੰਹ ਤੇ ਗਡੇ ਹੋਏ ਸਨ। ਗੋਰੇ ਅਫ਼ਸਰ ਨੇ Fire ਦਾ ਹੁਕਮ ਦਿਤਾ, ਗਰਜਦੀਆਂ ਤੋਪਾਂ ਨੇ ਬੰਦੀਆਂ ਨੂੰ ਤੂੰਬਾ ਤੂੰਬਾ ਕਰ ਕੇ ਉਡਾ ਦਿਤਾ। ਜਦ ਇਕ ਕੈਦੀ ਉਡਿਆਂ ਝਬਦੇ ਹੀ ਦੂਜੇ ਨੇ ਥਾਂ ਮਲ ਲਈ। ਕਈ ਦਰਸ਼ਕਾਂ ਦੀਆਂ ਅੱਖਾਂ ਹੰਝੂਆਂ ਨਾਲ ਤਰ ਹੋ ਗਈਆਂ, ਅਥਰੂ ਧਰਤੀ ਤੇ ਡਿਗੇ। ਉਹਨਾਂ ਦੇ ਗਲੇ ਬੰਦ ਹੋ ਗਏ ਅਤੇ ਦਿਲ ਡੋਬੂ ਖਾਣ ਲਗ ਪਇਆਂ। ਪਰੰਤੂ ਗੋਰੇ ਅਫਸਰ ਤੇ ਕਾਵਨ ਅਨੰਦ ਮਾਣ ਰਹੇ ਸਨ। ਉਹਨਾਂ ਦੀਆਂ ਜੀਵਨ ਸਾਥਣਾਂ ਵਾਸਤੇ ਵੀ ਇਹ ਇਕ ਮਨ ਪ੍ਰਚਾਵਾ ਸੀ।

ਉਨੰਜਾਂ ਬੀਰਾਂ ਇਸ ਢੰਗ ਨਾਲ ਮੌਤ ਰਾਣੀ ਨੂੰ ਵਿਆਹਿਆ। ਉਹਨਾਂ ਉਪਰੰਤ ਇਕ ਬਾਰ੍ਹਾਂ ਸਾਲਾ ਬਾਲਕ ਦੀ ਵਾਰੀ ਸੀ। ਉਸਦਾ ਉਹ ਸਮਾਂ ਖਡਾਉਣਿਆਂ ਨਾਲ ਖੇਡਣ ਮਲਣ ਦਾ ਸੀ। ਇਸ ਤੋਂ ਛੁਟ ਉਹ ਮਾਤਾ ਖੇਮ ਕੌਰ ਦਾ ਇਕੋ ਇਕ ਪੁਤਰ ਸੀ। ਦੂਜਿਆਂ ਵਾਂਗੂ ਇਹ ਬਾਲਕ ਸਿਰ ਉੱਚਾ ਕਰਕੇ, ਤੋਪ ਮੂਹਰੇ ਜਾ ਰਿਹਾ ਸੀ।



Namdhari Elibrary NamdhariElibrary@gmail.com

ਉਸ ਸਮੇਂ ਤਕ ਮਿਸਟਰ ਕਾਵਨ ਦੀ ਪਤਨੀ ਸਭ ਕੁਝ ਵੇਖ ਰਹੀ ਸੀ ਪਰ ਜਦ ਉਸ ਬਾਲਕ ਨੂੰ ਜਾਂਦਿਆਂ ਵੇਖਿਆ ਤਾਂ ਉਸ ਦਾ ਦਿਲ ਪਿਗਲ ਆਇਆ। ਅਥਰੂਆਂ ਨਾਲ ਗਲ੍ਹਾਂ ਭਿਜ ਗਈਆਂ ਅਤੇ ਉਸ ਨੂੰ ਉਸੇ ਦੀ ਉਮਰ ਦਾ ਆਪਣਾ ਮੋਇਆ ਪੁਤਰ ਯਾਦ ਆ ਗਿਆ। ਮਿਸਟਰ ਕਾਵਨ ਉਡਾਣ ਦਾ ਹੁਕਮ ਦੇਣ ਹੀ ਵਾਲਾ ਸੀ ਤਾਂ ਉਸ ਨੇ ਬੱਚੇ ਦੀ ਜਾਨ ਬਖਸ਼ੀ ਵਾਸਤੇ ਅਪੀਲ ਕੀਤੀ। ਉਸ ਆਖਿਆ "ਮੇਰੇ ਪਰਮ ਕਿਰਪਾਲੂ ਸਵਾਮੀ ਜੀ ! ਮੇਰੀ ਅੱਖਾਂ ਇਹ ਨਹੀਂ ਸਹਾਰ ਸਕਦੀਆਂ।"

ਮਿਸਟਰ ਕਾਵਨ ਉਸਦੀ ਅਪੀਲ ਨੂੰ ਮੋੜ ਨਹੀਂ ਸਕਦਾ ਸੀ। ਆਕੜ ਨਾਲ ਉਸ ਨੇ ਬੱਚੇ ਨੂੰ ਕਿਹਾ, "ਓਏ ਮੂਰਖਾ ! ਜੇ ਤੂੰ ਬਦਮਾਸ਼ ਰਾਮ ਸਿੰਘ ਦਾ ਪਿਛਾ ਛਡਣ ਨੂੰ ਤਿਆਰ ਹੋਵੇਂ ਤਾਂ ਮੈਂ ਤੈਨੂੰ ਰਿਹਾ ਕਰ ਸਕਦਾ ਹਾਂ, ਜਾਓ।"

ਜਿਵੇਂ ਹੀ ਉਸ ਬਾਲਕ ਨੇ ਆਪਣੇ ਸਤਿਗੁਰ ਬਾਰੇ ਅਪਮਾਨ ਭਰੇ ਸ਼ਬਦ ਸੁਣੇ ਤਾਂ ਉਸਦੇ ਨੇਤਰ ਅੱਗ ਦੇ ਅੰਗਿਆਰਿਆਂ ਨਿਆਈਂ ਭਖ ਉਠੇ। ਅਤੇ ਸ਼ੇਰ ਵਾਂਗੂ ਝਪਟਾਂ ਮਾਰ ਕੇ ਕਾਵਨ ਤੇ ਜਾ ਪਿਆ। ਉਸ ਨੇ ਉਸ ਦੀ ਦਾੜ੍ਹੀ ਫੜ ਲਈ ਅਤੇ ਇਤਨੇ ਜ਼ੋਰ ਨਾਲ ਖਿਚੀ ਕਿ ਉਹ ਧਰਤੀ ਤੇ ਜਾ ਡਿਗਾ। ਕਾਵਨ ਦੀਆਂ ਚੀਕਾਂ ਨਿਕਲ ਗਈਆਂ। ਪਾਸ ਖਲੋਤੇ ਸਿਪਾਹੀ ਉਸ ਨੂੰ ਛੁਡਾਉਣ ਵਾਸਤੇ ਦੌੜੇ। ਉਹਨਾਂ ਕਾਵਨ ਦੀ ਦਾੜ੍ਹੀ ਛੁਡਾਣ ਦਾ ਪੂਰਾ ਜ਼ੋਰ ਲਾਇਆ, ਪਰੰਤੂ ਕੋਈ ਸਫਲ ਨਾ ਹੋਇਆ। ਅੰਤ ਇਕ ਸਿਪਾਹੀ ਨੇ ਤਲਵਾਰ ਮਾਰ ਮਸਲਾ ਹਲ ਕਰ ਦਿਤਾ। ਉਸ ਦੇ ਨੰਨ੍ਹੇ ਨੰਨ੍ਹੇ ਹੱਥ ਵਢ ਦਿੱਤੇ ਗਏ ਤਦ ਇਹ ਪਕੜ ਢਿਲੀ ਹੋਈ।

ਤੁਸੀਂ ਕਾਵਨ ਦੇ ਕਰੋਧ ਦਾ ਭਲੀ ਭਾਂਤੀ ਅੰਦਾਜ਼ਾ ਲਾ ਸਕਦੇ ਹੋ। ਉਸਦੀ ਹੳਮੈ ਤੇ ਉਸਦੀ ਦਾੜ੍ਹੀ ਮਿੱਟੀ ਵਿਚ ਰੁਲ ਰਹੀ ਸੀ। ਉਹ ਉਠਿਆ ਤੇ ਬੱਚੇ ਨੂੰ ਮਾਰ ਮੁਕਾਉਣ ਦਾ ਹੁਕਮ ਦਿਤਾ ਜਿਹਦੀ ਸਿਪਾਹੀਆਂ ਸ਼ੀਘਰ ਹੀ ਪਾਲਣਾ ਕੀਤੀ।

ਉਪਰਲੀ ਘਟਨਾ 17 ਜਨਵਰੀ 1872 ਨੂੰ ਵਾਪਰੀ। ਕਰੀਬਨ 7 ਵਜੇ ਸ਼ਾਮ ਦਾ ਸਮਾਂ ਸੀ ਤੇ ਸਥਾਨ ਮਲੇਰ ਕੋਟਲਾ ਜ਼ਿਲ੍ਹਾ ਲੁਧਿਆਣਾ ਸੀ। ਕਾਵਨ ਉਸ ਜ਼ਿਲ੍ਹੇ ਦਾ ਕੁਲੈਕਟਰ ਸੀ। ਇਹ ਪੰਜਾਹ ਸ਼ਹੀਦ ਕੂਕਾ ਪੰਥ ਦੇ ਸਨ। ਇਹ ਮਹਾਨ ਧਾਰਮਿਕ ਨੇਤਾ ਸਤਿਗੁਰੂ ਰਾਮ ਸਿੰਘ ਦੇ ਸਿਖ ਸਨ। ਅਜੇਹੇ ਸਿਖਾਂ ਦਾ ਕਿਤਨਾ ਮਹਾਨ ਸਤਿਗੁਰ ਹੋਵੇਗਾ।

ਕੂਕਿਆਂ ਦਾ ਜੀਵਨ ਢੰਗ ਕੇਹਾ ਸੀ ? ਕੂਕਾ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਠਦਾ ਹੈ। ਉਹ ਇਸ਼ਨਾਨ ਕਰਦਾ, ਚਿੱਟੇ ਬਸਤਰ ਪਾਂਦਾ ਅਤੇ ਚਿੱਟੀ ਦਸਤਾਰ ਸਜਾਂਦਾ ਹੈ। ਪ੍ਰਸ਼ਾਦ ਤਦੇ ਛਕਦਾ, ਜਦ ਪਾਠ ਕਰ ਲੈਂਦਾ ਹੈ। ਇਸ ਪੰਥ ਵਿਚ, ਝੂਠਿਆਂ, ਚੋਰਾਂ ਤੇ ਸ਼ਰਾਬੀਆਂ, ਵਾਸਤੇ ਕੋਈ ਥਾਂ ਨਹੀਂ। ਲੜਕੀਆਂ ਦਾ ਵੇਚਣਾ, ਲੜਕੀਆਂ ਦਾ ਮਾਰਨਾ, ਛੋਟੀ ਉਮਰ ਦੀ ਸ਼ਾਦੀ ਅਤੇ ਹੋਰ ਫਜ਼ੂਲ ਰਸਮਾਂ ਦੀ ਉਕਾ ਹੀ ਮਨਾਹੀ ਹੈ। ਇਸ ਦੀ ਬਜਾਏ ਸਤਿਗੁਰੂ ਰਾਮ ਸਿੰਘ ਨੇ, ਈਸ਼ਵਰ-ਭਗਤੀ, ਨਿਸ਼ਕਾਮ ਸੇਵਾ, ਪਵਿਤਰ ਅਤੇ ਸਾਦਾ ਜੀਵਨ ਤੇ ਸਚਾਈ ਤੇ ਜ਼ੋਰ ਦਿਤਾ ਹੈ। ਕੂਕੇ (ਸਤਿਗੁਰੂ) ਰਾਮ ਸਿੰਘ ਨੂੰ ਦਸਵੇਂ ਸਿਖ ਗੁਰੂ—ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਦੇ ਹਨ।



Namdhari Elibrary NamdhariElibrary@gmail.com

ਇਕ ਵਾਰੀ ਇਕ ਸ਼ਰਾਬੀ, ਦਰਬਾਰਾ ਸਿੰਘ ਨਾਮੀ (ਸਤਿਗੁਰੂ) ਰਾਮ ਸਿੰਘ ਕੋਲ ਆਇਆ ਅਤੇ ਬੇਨਤੀ ਕੀਤੀ "ਹੇ ਗੁਰੂ ਜੀ ! ਮੈਨੂੰ ਉਹ ਜਾਮ ਪਲਾਓ ਜਿਹੜਾ ਸੰਸਾਰ ਦੇ ਦੁਖਾਂ ਕਲੇਸ਼ਾਂ ਨੂੰ ਭੁਲਾ ਦੇਵੇ।" ਤਦ ਗੁਰੂ ਜੀ ਆਖਿਆ, ਕਲ ਇਸ਼ਨਾਨ ਕਰਕੇ ਆਈਂ। ਦਰਬਾਰਾ ਸਿੰਘ ਨੇ ਇਵੇਂ ਹੀ ਕੀਤਾ। "ਭਜਨ ਕਰ ਤੇ ਸੁਖ ਲੈ"। ਸਤਿਗੁਰੂ ਜੀ ਸਿਮਰਨ ਕਰਨ ਦਾ ਢੰਗ ਵੀ ਸਿਖਾਇਆ। ਦਰਬਾਰਾ ਸਿੰਘ ਨੇ ਉਹਨਾਂ ਦੇ ਉਪਦੇਸ਼ਾਂ ਤੇ ਅਮਲ ਕੀਤਾ ਤੇ ਮਹਾਨ ਪੁਰਸ਼ ਬਣ ਗਿਆ। ਇਸੇ ਢੰਗ ਨਾਲ ਕਈਆਂ ਦਾ ਬੇੜਾ ਪਾਰ ਕੀਤਾ।

ਸ਼ੀਘਰ ਹੀ ਸਤਿਗੁਰੂ ਰਾਮ ਸਿੰਘ ਦੇ ਪੈਰੋਕਾਰ ਕੂਕਿਆਂ ਦੀ ਸੰਖਿਆ ਵਧ ਗਈ। ਉਹ ਥਾਂ ਪਰ ਥਾਂ ਵਖਾਈ ਦੇਣ ਲਗੇ। ਉਹਨਾਂ ਦਾ ਉਪਦੇਸ਼ ਪੰਜਾਬ ਦੇ 21 ਜ਼ਿਲ੍ਹਿਆਂ ਵਿਚ ਫੈਲ ਗਿਆ "ਭਾਰਤ ਸਾਡਾ ਵਤਨ ਹੈ। ਇਹ ਵਧੇ ਫੁਲੇ ਤੇ ਮਹਾਨ ਦੇਸ਼ ਬਣੇ ! ਸਾਡਾ ਦੇਸ਼ ਫਰੰਗੀਆਂ ਦੇ ਅਧੀਨ ਨਹੀਂ। ਉਹ ਸੌਦਾਗਰਾਂ ਦੇ ਭੇਸ ਵਿਚ ਇਥੇ ਆਏ। ਉਹਨਾਂ ਸਾਨੂੰ ਲੁਟਿਆ ਤੇ ਜੋ ਕੁਝ ਵੀ ਵਡਮੁਲਾ ਮਿਲਿਆ ਚੁਕ ਕੇ ਲੈ ਗਏ ਕਿਉਂਕਿ ਇਹ ਉਹਨਾਂ ਦਾ ਦੇਸ਼ ਨਹੀਂ। ਅਸੀਂ ਆਪਣੇ ਘਰ ਵਿਚ ਹੀ ਗੁਲਾਮ ਬਣ ਗਏ।" ਸਤਿਗੁਰੂ ਜੀ ਨੇ ਇਨ੍ਹਾਂ ਵਿਚਾਰਾਂ ਦਾ ਚੰਗਾ ਪ੍ਰਚਾਰ ਕੀਤਾ, ਅਤੇ ਉਹਨਾਂ ਦੇ ਜਬਰੋ ਜ਼ੁਲਮ ਨੂੰ ਤ੍ਰਿਖੇ ਸ਼ਬਦਾਂ ਨਾਲ ਨਿੰਦਿਆਂ ਕੀਤੀ। ਉਹਨਾਂ ਨੇ ਲੋਕਾਂ ਦੇ ਦਿਲਾਂ ਵਿਚ ਜੋਸ਼ ਪੈਦਾ ਕਰਕੇ ਜਾਗ੍ਰਤੀ ਲੈ ਆਂਦੀ।

ਸ੍ਰੀ ਭੈਣੀ ਸਾਹਿਬ 13 ਅਪਰੈਲ 1857 ਦੀ ਵਸਾਖੀ ਵਾਲੇ ਦਿਨ, ਉਹਨਾਂ ਚਿੱਟਾ ਝੰਡਾ ਲਹਿਰਾਇਆ ਤੇ ਬਦੇਸ਼ੀਆਂ ਨੂੰ ਕਢਣ ਹਿਤ ਪ੍ਰੋਗਰਾਮ ਉਲੀਕਿਆ। ਸਤਿਗੁਰੂ ਰਾਮ ਸਿੰਘ ਜੀ ਨੇ ਉਪਦੇਸ਼ ਦਿਤਾ, ਬਦੇਸ਼ ਦੀਆਂ ਬਣੀਆਂ ਵਸਤਾਂ ਨ ਵਰਤੋਂ। ਜੇ ਉਹਨਾਂ ਅਜੇਹਾ ਕੀਤਾ ਤਾਂ ਲਾਭ ਬਦੇਸ਼ਾਂ ਨੂੰ ਜਾਵੇਗਾ। ਲੋਕਾਂ ਬਦੇਸ਼ੀ ਮਾਲ ਦਾ ਬਾਈਕਾਟ ਕੀਤਾ ਅਤੇ ਕੇਵਲ ਦੇਸ਼ ਦੀਆਂ ਬਣੀਆਂ ਚੀਜ਼ ਵਰਤਣ ਦੀ ਪ੍ਰਤਿਗਿਆ ਕੀਤੀ। ਇਥੋਂ ਤਕ ਕਿ ਕਚਹਿਰੀਆਂ ਜਿਹੜੀਆਂ ਅੰਗਰੇਜ਼ਾਂ ਨੇ ਕਾਇਮ ਕੀਤੀਆਂ ਸਨ, ਉਹਨਾਂ ਦਾ ਵੀ ਬਾਈਕਾਟ ਕਰ ਦਿਤਾ। ਲੋਕਾਂ ਨੇ ਰੇਲ ਤੇ ਯਾਤਰਾ ਕਰਨੀ ਵੀ ਬੰਦ ਕਰ ਦਿਤੀ।

ਦਿਨ ਬਦਿਨ ਕੂਕਿਆਂ ਦਾ ਪ੍ਰਭਾਵ ਵਧਿਆ। ਇਹ ਅੰਗਰੇਜ਼ ਸ਼ਿਕਾਰੀ ਦੀਆਂ ਅੱਖਾਂ ਤੋਂ ਕਿਵੇਂ ਉਹਲੇ ਰਹਿ ਸਕਦਾ ਸੀ। ਅੰਗਰੇਜ਼ੀ ਸਰਕਾਰ ਨੇ ਇਸ ਲਹਿਰ ਦੇ ਰਾਹ ਵਿਚ ਰੋੜੇ ਖੜੇ ਕਰ ਦਿਤੇ। ਉਹਨਾਂ ਨੂੰ ਏਧਰ ਓਧਰ ਜਾਣੋਂ ਮਜਬੂਰ ਕੀਤਾ ਗਿਆ। ਪਰੰਤੂ ਉਹਨਾਂ ਦੀਆਂ ਸਰਗਰਮੀਆਂ ਤੇ ਕਾਬੂ ਨ ਪਾਇਆ ਜਾ ਸਕਿਆ। ਵਾਸਤਵ ਵਿਚ ਉਹ ਅਦਰ ਖਾਨੇ ਵਧਦੀਆਂ ਗਈਆਂ।



Namdhari Elibrary NamdhariElibrary@gmail.com

## ਸ੍ਰੀ ਮਾਨ ਪੰਡਿਤ ਤਿਲਕ ਰਾਮ ਜੀ ਵੈਦ

ਜਦੋਂ ਵੀ ਮਨੁੱਖ ਜਾਤੀ ਵਿਚ ਧਰਮ ਤੋਂ ਉਪਰਾਮਤਾ, ਝੂਠ ਸੱਚ ਦੇ ਨਿਰਣਾ ਕਰਨ ਦੀ ਖੜ, ਚੰਗੇ ਮਾੜੇ ਦੀ ਪਛਾਣ ਕਰਨ ਦੀ ਸਮੱਰਥ ਜਾਂਦੀ ਰਹਿੰਦੀ ਹੈ। ਜਾਂ ਹੋਰ ਕਿਸੇ ਪ੍ਰਕਾਰ ਦੀ ਗੁਲਾਮੀ ਦੀ ਜੰਜੀਰ ਵਿਚ ਫਸ ਜਾਂਦੀ ਹੈ ਤਦ ਉਸ ਵੇਲੇ ਕੋਈ ਐਸਾ ਅਪੂਰਬ ਬਲਕਿ, ਮਹਾਨ ਸ਼ਕਤੀ ਲੈਕੇ ਉਤਪਤ ਹੁੰਦਾ ਹੈ ਜੋ ਉਸਦਾ ਹੱਥ ਫੜ ਸਤਮਾਰਗ ਤੇ ਪਾ ਦੇਂਦਾ ਹੈ। ਜਿਸ ਤਰ੍ਹਾਂ ਅਥਰਣ ਵੇਦ ਵਿਚ ਆਉਂਦਾ ਹੈ।......ਕਿ......ਜੋ ਪੁਰਸ਼ ਬੜੇ ਤੇਜ ਵਾਲੇ ਕਰਮ ਕਰਨ ਵਿਚ ਕੁਸਲ ਅਰਥਾਤ ਜਿਨ੍ਹਾਂ ਤੇ ਮੋਹ ਦਾ ਜਾਲ ਨਹੀਂ ਪੈ ਸਕਦਾ। ਜਿਨ੍ਹਾਂ ਦੀ ਬਾਣੀ ਵਿਚ ਨਾ ਖਾਲੀ ਜਾਣ ਵਾਲੇ ਤੀਰਾਂ ਜੇਹੀ ਸ਼ਕਤੀ ਹੈ ਜਿੰਨ੍ਹਾਂ ਦਾ ਮੁੱਖ ਤੋਂ ਨਿਕਲਿਆ ਕੋਈ ਵੀ ਸ਼ਬਦ ਹਿਰਦੇ ਵਿਚ ਵੱਸ ਜਾਂਦਾ ਹੈ। ਉਹੋ ਹੀ ਸੰਸਾਰ ਵਿਚ ਸਚਾਈ ਦਾ ਪਰਚਾਰ ਕਰਦੇ ਹਨ। ਇਕ ਨਹੀਂ ਹਿੰਦੂ ਜਾਤੀ ਵਿਚ ਹਜ਼ਾਰਾਂ ਸੂਰਬੀਰ ਔਰ ਧਰਮਬੀਰ ਪੈਦਾ ਹੋਏ ਜਿਨ੍ਹਾਂ ਵਿਚ ਅੰਮ੍ਰਿਤ ਵੇਲੇ ਸਿਮਰਣ ਵਾਲੇ ਸਤਿਗੁਰ ਰਾਮ ਸਿੰਘ ਜੀ ਇਕ ਹਨ, ਜਿੰਨ੍ਹਾਂ ਨੇ ਸੱਚੇ ਛਤ੍ਰੀ ਧਰਮ ਨਾਲ ਜ਼ਾਤੀ, ਧਰਮ ਔਰ ਗਊ ਦੀ ਰੱਖਿਆ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹਿੰਸਾ ਦਾ ਪੱਕੇ ਵਿਰੋਧੀ ਹਨ ਉਹ ਜਿੱਥੇ ਮਨੁੱਖਾਂ ਤੇ ਹੋ ਰਹੇ ਅਤਿਆਚਾਰਾਂ ਨੂੰ ਸਹਾਰ ਨਹੀਂ ਸਕਦੇ ਸਨ ਉਥੇ ਉਹ ਗਰੀਬ ਬੇ-ਜ਼ਬਾਨ ਪਸ਼ੂਆਂ ਦੀ ਗਿੱਚੀਆਂ ਤੇ ਛੁਰੀ ਚਲਦੀ ਵੀ ਨਹੀਂ ਵੇਖ ਸਕਦੇ ਸਨ। ਇਸ ਯੁੱਗ ਦੇ ਮਜ਼੍ਹਬੀ ਪਾਗਲ ਭੁਲੜ ਲੋਕੀਂ ਵਿਚਾਰੇ ਬੇ-ਜ਼ਬਾਨ ਜਾਨਵਰਾਂ ਦੇ ਗਲਿਆਂ ਤੇ ਹਰ ਵੇਲੇ ਛੁਰੀ ਲੈ ਖੜੇ ਰਹਿੰਦੇ ਸਨ। ਲੱਖਾਂ ਭੇਡ ਬਕਰੀਆਂ ਤੁਥਾ ਦੂਸਰੇ ਪਸ਼ੂ ਪੰਖੀਆਂ ਦਾ ਖੂਨ ਹਰ ਦਿਨ ਨਾਲੀਆਂ ਵਿਚ ਵਗਦਾ ਹੈ। ਬਹੁਤੀ ਵਾਰ ਮਰਨ ਦੇ ਤਰੀਕਿਆਂ ਦੇ ਵਿਚ ਵਿਰੋਧ ਹੋਣ ਦੇ ਕਾਰਨ ਭਾਈ ਭਾਈ ਦੇ ਸਿਰ ਕਟਣਾ ਧਰਮ ਸਮਝਦੇ ਹਨ। ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਮਦਰਾ ਆਦਿਕ ਬੜੇ ਜ਼ੋਰ ਨਾਲ ਵਿਰੋਧ ਕਰਕੇ ਮਨੁੱਖ ਮਾਤ੍ਰ ਦੇ ਭੋਜਨ ਦੀ ਪਵਿੱਤਰਤਾ ਨੂੰ ਬੜਾ ਉੱਚਾ ਅਸਥਾਨ ਦਿੱਤਾ ਹੈ।

ਮਹਾਰਾਜ ਦੂਰ ਦਰਸੀ ਵੀ ਪਰਲੇ ਦਰਜੇ ਦੇ ਸਨ। ਉਨ੍ਹਾਂ ਨੇ ਅਜ ਤੋਂ ਬਹੁਤ ਚਿਰ ਪਹਿਲਾਂ ਹੀ ਭ਼ਾਰਤ ਵਾਸੀਆਂ ਨੂੰ ਇਹ ਉਪਦੇਸ਼ ਦਿੱਤਾ ਸੀ ਕਿ ਜੇਕਰ ਤੁਸੀਂ ਆਪਣਾ ਕਲਿਆਣ ਚਾਹੁੰਦੇ ਹੋ ਤਾਂ ਆਪਣੇ ਹੀ ਦੇਸ਼ ਦੀਆਂ ਬਣੀਆਂ ਹੋਈਆਂ ਵਸਤੂਆਂ ਵਰਤੋ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਪਰੋਗਰਾਮ ਦਾ ਹੀ ਫਲ ਹੈ।



Namdhari Elibrary NamdhariElibrary@gmail.com

ਕਿ ਅਜ ਸਾਨੂੰ ਸਾਰੇ ਦੇਸ਼ ਅੰਦਰ ਸੁਦੇਸ਼ੀ ਸੁਦੇਸ਼ੀ ਦੀ ਆਵਾਜ਼ ਆਉਂਦੀ ਹੈ" ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰ ਨਾ ਤਾਂ ਮਨੁੱਖ ਨੂੰ ਬੁੱਧ ਅਥਵਾ ਜੈਨੀ ਬਣਾ ਕੇ ਛਤ੍ਰੀ ਧਰਮ ਤੋਂ ਦੂਰ ਜਾ ਕੇ ਕਾਇਰ ਬਣਾਉਂਦੇ ਹਨ ਅਰ ਨਾ ਹੀ ਕਿਸੇ ਦੀਨ ਅਤਿਆਚਾਰ ਕਰਨ ਦੀ ਆਗਿਆ ਹੀ ਦਿੰਦੇ ਹਨ। ਬਲਕਿ ਅਤਿਆਚਾਰ ਕਰਨ ਵਾਲੇ ਦਾ ਘੋਰ ਵਿਰੋਧੀ ਬਣਾਉਂਦੇ ਹਨ। ਨਾਮਧਾਰੀ ਵੱਲੋਂ ਦਾ ਛਤ੍ਰੀ ਲੋੜ ਵੱਲੋਂ ਕਈ ਵਾਰ ਅਨ੍ਹੇਰੀ ਰਾਤ ਵਿਚ ਬਿਜਲੀ ਵਾਂਗ ਚਮਕਿਆ ਹੈ।

## ਸ੍ਰੀ ਲਾਲ ਸਿੰਘ ਕੰਵਰ

ਲੱਖਾਂ ਤਾਰੇ ਤੇ ਤਾਰ ਕੇ ਪਾਰ ਕੀਤੇ, ਬੇੜੀ ਨਾਮ ਦੀ ਸੈਂਕੜੇ ਚਾੜ੍ਹ ਦਿੱਤੇ।
ਕਰ ਕਰ ਦੇਵਤੇ ਜਨਮ ਦੇ ਰਾਕਸ਼ਾਂ ਤੋਂ, ਕੱਢ ਦੋਜ਼ਖੋਂ ਜੰਨਤੀ ਵਾੜ ਦਿੱਤੇ।
ਐਪਰ ਉਨ੍ਹਾਂ ਦੇ ਜ਼ਿੰਮੇ ਸੀ ਕੰਮ ਥੋੜ੍ਹਾ, ਉਧਰ ਪਾਪ ਨੇ ਪਰਤ ਨੇ ਪਾੜ ਦਿੱਤੇ।
ਪਰਦਾ ਹੋਰ ਇਕ ਖੁਲ੍ਹਦਾ ਪਿਆ ਉਤੋਂ, ਖਾਕੀ ਜਿਸਮ ਦੇ ਬੱਦਲ ਉਖਾੜ ਦਿੱਤੇ।
ਭੈਣੀ ਪਿੰਡ ਤਰਖਾਣ ਦੇ ਵੰਸ਼ ਉਤੇਂ, ਹੱਥ ਮੇਹਰ ਦੇ ਰੱਬ ਨੇ ਝਾੜ ਦਿੱਤੇ।
ਪੈਦਾ ਹੋਈ ਆਜ਼ਾਦੀ ਦੀ ਜੋਤ ਮਾਨੋਂ, ਰੱਬੀ ਨੂਰ ਨੇ ਖੋਲ੍ਹ ਕਿਵਾੜ ਦਿੱਤੇ।
ਕਿਰਨਾਂ ਸੁੱਟ ਕੋਹਨੂਰ ਦੇ ਨੂਰ ਦੀਆਂ, ਰੋਸ਼ਨ ਪੰਥ ਦੇ ਕਰ ਪਹਾੜ ਦਿੱਤੇ।
ਮਹਿਕੇ ਫੁੱਲ ਬਸੰਤ ਦਾ ਰਾਜ ਹੋਇਆ, ਗੁੰਚੇ ਗਮਾਂ ਦੇ ਖਿਜ਼ਾਂ ਲਿਤਾੜ ਦਿੱਤੇ।
ਕੋਇਲਾਂ ਕੂਕੀਆਂ ਪੰਥ ਦੇ ਬਾਗ ਅੰਦਰ, ਬਦਲ ਗੜੇ ਦੇ ਪੌਣ ਉਜਾੜ ਦਿੱਤੇ।
'ਕੰਵਰ' ਆਏ ਜਹਾਨ ਤੇ ਰਾਮ ਹਰੀ, ਜਿਨ੍ਹਾਂ ਤੰਬੂ ਗੁਲਾਮੀ ਦੇ ਪਾੜ ਦਿੱਤੇ।



Namdhari Elibrary NamdhariElibrary@gmail.com

## ਸਵਾਮੀ ਸੁਤੰਤ੍ਰਤਾ ਨੰਦ ਜੀ

**ਗੁਰੂ ਦਤ ਭਵਨ, ਲਾਹੌਰ**

ਹਿੰਦੂਆਂ ਵਿਚ ਕੁਝ ਸਮੇਂ ਤੋਂ ਰਵਾਜ ਹੀ ਹੋ ਗਿਆ ਹੈ ਜੋ ਇਸਤਰੀਆਂ ਦੀ ਨਿੰਦਾ ਹੀ ਕਰਦੇ ਰਹਿੰਦੇ ਹਨ। ਸ੍ਵਾਮੀ ਸ਼ੰਕ੍ਰਾਚਾਰਯ ਜੀ ਨੇ ਇਕ ਥਾਂ ਇਹ ਸਵਾਲ ਕਰਕੇ ਕਿ ਨਰਕ ਦਾ ਦਰਵਾਜ਼ਾ ਕਿਹੜਾ ਹੈ। ਉੱਤਰ ਦਿਤਾ ਕਿ ਇਸਤ੍ਰੀ। ਏਸੇ ਤਰ੍ਹਾਂ ਗੁਸਾਈ ਤੁਲਸੀ ਦਾਸ ਜੀ ਇਕ ਥਾਂ ਲਿਖਿਆ ਹੈ "ਢੋਲ ਗਵਾਰ ਪਸੂ ਤ੍ਰਿਤ ਨਾਰੀ। ਪਾਚੋ ਤਾੜਨ ਕੇ ਅਧਿਕਾਰੀ।" ਏਸੇ ਤਰ੍ਹਾਂ ਸਨਾਤਨ ਧਰਮੀ ਇਸਤਰੀ ਤੇ ਸ਼ੂਦਰ ਨੂੰ ਬਰਾਬਰ ਸਮਝਦੇ ਤੇ ਕਹਿੰਦੇ ਹਨ। ਪਰ ਪਿਛਲੀ ਸਦੀ ਵਿਚ ਦੋ ਮਹਾਂ ਪੁਰਸ਼ ਅਜਿਹੇ ਹੋਏ ਹਨ। ਜਿਨ੍ਹਾਂ ਨੇ ਇਸ ਰੌ ਨੂੰ ਬਦਲ ਦਿੱਤਾ ਹੈ। ਉਨ੍ਹਾਂ ਮਹਾਂ ਪੁਰਸ਼ਾਂ ਦੇ ਨਾਉਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਵਾਮੀ ਦਯਾ ਨੰਦ ਜੀ ਹਨ।

ਸ੍ਰੀ ਸਤਿਗੁਰ ਰਾਮ ਸਿੰਘ ਜੀ ਤੋਂ ਪਹਿਲਾਂ ਇਸਤਰੀਆਂ ਨੂੰ ਸਿਖ ਖੰਡੇ ਦਾ ਅੰਮ੍ਰਿਤ ਨਹੀਂ ਸਨ ਛਕਾਂਦੇ, ਜਿਥੇ ਮਰਦ ਖੰਡੇ ਦਾ ਅੰਮ੍ਰਿਤ ਛਕਦੇ ਸੀ ਉਥੇ ਇਸਤ੍ਰੀਆਂ ਨੂੰ ਚਰਨ ਪੌਲ੍ਹ ਜਾਂ ਐਵੇਂ ਰਸਮ ਪੂਰਤੀ ਜੇਹੀ ਹੀ ਕੀਤੀ ਜਾਂਦੀ ਸੀ। ਪਰ ਸਤਿਗੁਰਾਂ ਨੇ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ ਦਾ ਹੁਕਮ ਦਿਤਾ ਉਦੋਂ ਤੋਂ ਇਸਤਰੀਆਂ ਨੂੰ ਬਰਾਬਰ ਦਾ ਥਾਂ ਮਿਲਿਆ। ਏਸ ਤਰ੍ਹਾਂ ਸਿਆਣੀ ਉਮਰ ਵਿਚ ਵਿਆਹ ਦੀ ਆਗਿਆ ਕੀਤੀ ਜਿਸ ਤੋਂ ਇਸਤਰੀ ਵੀ ਆਪਣੇ ਭਲੇ ਬੁਰੇ ਨੂੰ ਸਮਝ ਸਕੇ।



Namdhari Elibrary NamdhariElibrary@gmail.com

## ਮਹਿਤਾ ਸਾਧੂ ਭੋਲਾ ਨਾਥ ਜੀ

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਬਾਬਾ ਜੱਸਾ ਸਿੰਘ ਦੇ ਗ੍ਰਿਹ ਵਿਖੇ ਇਕ ਰਾਮਗੜ੍ਹੀਆ ਘਰਾਨੇ ਵਿਚ ਹੋਇਆ। ਆਪ ਨੇ ਗੁਰਮੁਖੀ (ਪੰਜਾਬੀ) ਘਰ ਵਿਚ ਹੀ ਸਿਖੀ। ਆਪ ਬਾਕੀ ਬੱਚਿਆਂ ਨਾਲੋਂ ਵਿਲੱਖਣ ਸਨ। ਆਪ ਸ਼ੁਰੂ ਤੋਂ ਈਸ਼ਵਰ-ਭਗਤੀ ਵਿਚ ਲੀਨ ਰਹਿੰਦੇ ਸਨ। ਕਿਸੇ ਨੂੰ ਕੀ ਪਤਾ ਸੀ ਕਿ ਇਹ ਬਾਲਕ ਕਿਸੇ ਨਾ ਕਿਸੇ ਦਿਨ ਮਹਾਨ ਅਵਤਾਰ ਤੇ ਇਕ ਬਹੁਤ ਵਡਾ ਸੁਧਾਰਕ ਬਣੇਗਾ। ਸਤਿਗੁਰੂ ਰਾਮ ਸਿੰਘ ਜੀ ਦੇ ਬਹਿਨੋਈ ਸਰਦਾਰ ਕਾਬਲ ਸਿੰਘ ਸਿੱਖ ਫੌਜ ਵਿਚ ਜਮਾਂਦਾਰ ਸਨ। ਸੰਨ 1837 (1894 ਬਿਕਰਮੀ) ਨੂੰ ਸਿਖ ਫੌਜ ਵਿਚ ਭਰਤੀ ਹੋ ਗਏ। ਆਪ ਨੇ ਬੜੀ ਵਫਾਦਾਰੀ ਤੇ ਜੀਅ ਜਾਨ ਨਾਲ ਫੌਜੀ ਸੇਵਾ ਕੀਤੀ। ਇਕ ਵਾਰੀ ਆਪ ਤੇ ਕੁਝ ਹੋਰ ਫੌਜੀਆਂ ਦੀ ਗਾਰਦ ਦੀ ਰਖਵਾਲੀ ਹੇਠ ਸਰਕਾਰੀ ਖਜ਼ਾਨਾ ਪਿਸ਼ਾਵਰ ਜਾ ਰਿਹਾ ਸੀ ਕਿ ਆਪ ਨੇ ਹਜ਼ਰੋ ਵਿਚ ਗਿਆਰਵੇਂ ਗੁਰੂ, ਸਤਿਗੁਰੂ ਬਾਲਕ ਸਿੰਘ ਦੇ ਚਰਨਾਂ ਵਿਚ ਮੱਥਾ ਟੇਕਣ ਲਈ ਆਪਣੇ ਅਫਸਰਾਂ ਪਾਸੋਂ ਆਗਿਆ ਮੰਗੀ। ਸਤਿਗੁਰੂ ਬਾਲਕ ਸਿੰਘ ਨੇ ਗੁਰੂ ਰਾਮ ਸਿੰਘ ਤੇ ਆਪ ਦੇ ਸਾਥੀਆਂ ਦਾ ਨਿੱਘਾ ਸੁਆਗਤ ਕੀਤਾ। ਗਿਆਰਵੇਂ ਗੁਰੂ ਨੇ ਫੁਰਮਾਇਆ ਕਿ ਆਪ ਗੁਰੂ ਰਾਮ ਸਿੰਘ ਦੀ ਬੜੇ ਚਿਰ ਤੋਂ ਉਡੀਕ ਕਰ ਰਹੇ ਸਨ ਤਾਂ ਕਿ ਗੁਰਿਆਈ ਦੀ ਮਹਾਨ ਗੱਦੀ ਆਪ ਨੂੰ ਸੌਂਪ ਦਿਤੀ ਜਾਵੇ। ਸਤਿਗੁਰੂ ਬਾਲਕ ਸਿੰਘ ਨੇ ਗੁਰਗੱਦੀ ਆਪ ਨੂੰ ਬਖਸ਼ ਦਿਤੀ। ਜਦੋਂ ਆਪ ਨੂੰ ਗੁਰਿਆਈ ਪ੍ਰਾਪਤ ਹੋ ਗਈ ਤਾਂ ਆਪ ਦੇ ਕਪਾਟ ਖੁਲ੍ਹ ਗਏ। ਆਪ ਨੇ ਛੇਤੀ ਹੀ ਫੌਜੀ ਨੌਕਰੀ ਛੱਡ ਦਿਤੀ। ਆਪ ਨੇ ਸ੍ਰੀ ਭੈਣੀ ਸਾਹਿਬ ਵਿਚ ਹੱਟੀ ਪਾ ਲਈ ਤੇ ਕਾਫ਼ੀ ਅਰਸਾ ਦੁਕਾਨਦਾਰੀ ਕਰਦੇ ਰਹੇ। ਆਪ ਨੇ ਵੱਡੇ ਪੈਮਾਨੇ ਤੇ ਸਿਖੀ ਦਾ ਪ੍ਰਚਾਰ ਕੀਤਾ ਤੇ ਥੋੜੇ ਚਿਰ ਵਿਚ ਹੀ ਆਪ ਜੀ ਦਾ ਪਵਿੱਤਰ ਨਾਂ ਸਾਰੇ ਪੰਜਾਬ ਦੇ ਨਰ-ਨਾਰੀਆਂ ਦੀ ਜ਼ਬਾਨ ਤੇ ਚੜ੍ਹ ਗਿਆ। ਥੋੜੇ ਅਰਸੇ ਵਿਚ ਹੀ ਆਪ ਦੀ ਕਿਰਤੀ ਫੈਲ ਗਈ ਤੇ ਲੱਖਾਂ ਲੋਕੀਂ ਆਪ ਦੇ ਸਿਖ ਬਣ ਗਏ ਤੇ ਆਪ ਦੇ ਝੰਡੇ ਥੱਲੇ ਜਮਾਂ ਹੋ ਗਏ।

### ਸਤਿਗੁਰਾਂ ਦੀ ਨਜ਼ਰਬੰਦੀ

ਬਰਤਾਨਵੀ ਸਰਕਾਰ ਦੇ ਉੱਚ-ਅਧਿਕਾਰੀਆਂ ਪਾਸ ਇਹ ਸ਼ਕਾਇਤ ਕੀਤੀ ਗਈ ਕਿ ਸਤਿਗੁਰੂ ਰਾਮ ਸਿੰਘ ਅੰਗਰੇਜ਼ ਸਰਕਾਰ ਦਾ ਤਖਤਾ ਉਲਟਾਉਣਾ ਚਾਹੁੰਦੇ ਹਨ।



Namdhari Elibrary NamdhariElibrary@gmail.com

ਇਹੋ ਜਿਹੀਆਂ ਘੜੀਆਂ ਘੜਾਈਆਂ ਰੀਪੋਟਾਂ ਦੇ ਆਧਾਰ ਤੇ ਅੰਗਰੇਜ਼ ਸਰਕਾਰ ਨੇ ਆਪ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿਤਾ। ਸਤਿਗੁਰੂ ਰਾਮ ਸਿੰਘ ਜੀ ਨੇ ਸਿਖੀ ਦੇ ਪਵਿੱਤਰ ਅਸੂਲਾਂ ਦਾ ਪ੍ਰਚਾਰ ਕਰਨ ਲਈ ਪੰਜ ਸੂਬੇ ਥਾਪੇ। ਬਾਅਦ ਵਿਚ ਇਹ ਸੂਬੇ ਨਜ਼ਰਬੰਦ ਕਰ ਦਿਤੇ ਗਏ। ਸਤਿਗੁਰਾਂ ਨੇ ਹੋਰ ਸਤਾਰਾਂ ਸੂਬੇ ਨੀਯਤ ਕੀਤੇ। ਇਹਨਾਂ ਨੂੰ ਵੀ ਅੰਗਰੇਜ਼ ਸ਼ਾਸਕਾਂ ਨੇ ਨਜ਼ਰਬੰਦ ਕਰ ਦਿਤਾ। ਪੰਜਾਬ ਦਾ ਅੰਗਰੇਜ਼ ਲੈਫਟੀਨੈਂਟ ਗਵਰਨਰ ਸ੍ਰੀ ਭੈਣੀ ਸਾਹਿਬ ਆਇਆ ਤੇ ਸਤਿਗੁਰੂ ਰਾਮ ਸਿੰਘ ਪਾਸੋਂ ਪੁਛਿਆ ਕਿ ਆਪ ਹੁਣ ਕੇੜ੍ਹਾ ਕਦਮ ਚੁਕਣਾ ਚਾਹੁੰਦੇ ਹੋ। ਆਪ ਨੇ ਕਮਾਲ ਦਲੇਰੀ ਨਾਲ ਉੱਤਰ ਦਿਤਾ, "ਜਾ ਓਏ ਖਿਲਿਆ, ਘਰ ਘਰ ਵਿਚ ਰਾਮ ਸਿੰਘ ਪੈਦਾ ਹੋਣਗੇ।"

## ਸ੍ਰ: ਦਵਿੰਦਰ ਸਿੰਘ ਦੁਗਲ

ਇੰਡੀਅਨ ਨੈਸ਼ਨਲ ਕਾਂਗਰਸ ਦਾ ਨੀਂਹ ਪੱਥਰ 1885 ਵਿਚ ਇਕ ਅੰਗਰੇਜ਼ ਨੇ ਰਖਿਆ ਸੀ ਅਤੇ ਆਉਂਦੇ ਕਈ ਸਾਲਾਂ ਤਕ ਇਸ ਦਾ ਰੋਲ ਸਰਕਾਰ ਨੂੰ ਸਰਕਾਰੀ ਪ੍ਰਬੰਧ ਵਿਚ ਕੁਝ ਕੁ ਸਾਧਾਰਨ ਅਤੇ ਮਾਮੂਲੀ ਤਬਦੀਲੀਆਂ ਕਰਨ ਦੀਆਂ ਬੇਨਤੀਆਂ ਤਕ ਹੀ ਸੀਮਤ ਰਿਹਾ, ਪਰੰਤੂ ਇਸ ਦੇ ਵਿਪਰੀਤ ਇਸ ਦੇ ਵਜੂਦ ਵਿਚ ਆਉਣ ਤੋਂ ਕਿਤੇ ਪਹਿਲਾਂ 1872 ਵਿਚ ਨਾਮਧਾਰੀ ਸਿੰਘਾਂ ਨੇ ਸਰਕਾਰ ਦਾ ਭਰਪੂਰ ਅਤੇ ਖੁਲ੍ਹੇਆਮ ਵਿਰੋਧ ਕਰਨਾ ਆਰੰਭ ਦਿਤਾ ਸੀ ਜਿਸ ਕਾਰਣ ਮਲੇਰਕੋਟਲੇ ਵਿਚ 65 ਨਾਮਧਾਰੀ ਸਿੰਘਾਂ ਨੂੰ ਤੋਪ ਦੇ ਗੋਲਿਆਂ ਦਾ ਸ਼ਿਕਾਰ ਹੋਣਾ ਪਿਆ। ਜਦ ਕਾਂਗਰਸ ਨੇ ਅਜੇ ਇਸ ਬਾਰੇ ਸੋਚਿਆ ਤਕ ਵੀ ਨਹੀਂ ਸੀ ਤਾਂ ਨਾਮਧਾਰੀ ਸਿੰਘ ਸ਼ੁਧ ਖਦਰ ਪਹਿਨਦੇ ਚਲੇ ਆ ਰਹੇ ਹਨ। ਉਹ ਨਾ ਤਾਂ ਸਰਕਾਰ ਦੀ ਨੌਕਰੀ ਕਰਦੇ ਸਨ ਅਤੇ ਨਾ ਹੀ ਆਪਣੇ ਫੈਸਲਿਆਂ ਲਈ ਸਰਕਾਰੀ ਅਦਾਲਤਾਂ ਦੇ ਦਰਵਾਜ਼ਿਆਂ ਤੇ ਦਸਤਕ ਦੇਂਦੇ ਸਨ। ਆਪਣੇ ਝਗੜੇ ਨਿਪਟਾਣ ਲਈ ਨਾਮਧਾਰੀ ਸਿੰਘਾਂ ਨੇ ਆਪਣੀਆਂ ਪੰਚਾਇਤਾਂ ਬਣਾ ਲਈਆਂ ਸਨ ਅਤੇ ਡਾਕ ਤਾਰ ਦੀ ਆਵਾਜਾਈ ਲਈ ਵੀ ਆਪਣੇ ਹਰਕਾਰੇ ਮੁਕਰਰ ਕਰ ਰਖੇ ਸਨ। ਕਾਂਗਰਸ ਦੇ ਬਾਅਦ ਦੇ ਸਾਰੇ ਪ੍ਰੋਗਰਾਮਾਂ ਦਾ ਮੂਲ ਆਧਾਰ ਨਾਮਧਾਰੀ ਸਿੰਘਾਂ ਦੇ ਇਹ ਪ੍ਰੋਗਰਾਮ ਹੀ ਰਹੇ ਹਨ ਅਤੇ ਉਹ ਇਸ ਵਿਚ ਕੋਈ ਵੀ ਬੜ੍ਹੋਤੀ ਨਹੀਂ ਸੀ ਕਰ ਸਕੀ।



Namdhari Elibrary NamdhariElibrary@gmail.com

## ਸ੍ਰੀ ਰਾਮ ਕਿਸ਼ਨ ਜੀ
**ਸਾਬਕ ਮੁਖ ਮੰਤਰੀ, ਪੰਜਾਬ**

ਪੰਜਾਬ ਦੀ ਸੁੰਦਰ ਭੂਮੀ ਨੇ ਨ ਸਿਰਫ ਕਈ ਯੋਧੇ, ਸੂਰਬੀਰ ਤੇ ਸੰਤ ਹੀ ਪੈਦਾ ਕੀਤੇ ਹਨ, ਸਗੋਂ ਇਸ ਪਾਵਨ ਧਰਤੀ ਨੇ ਕਈ ਅਜਿਹੇ ਵਿਅਕਤੀਆਂ ਨੂੰ ਵੀ ਜਨਮ ਦਿਤਾ ਜੋ ਸੂਰਬੀਰ ਵੀ ਸਨ ਤੇ ਸੰਤ ਵੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਹਨਾਂ ਵਿਚੋਂ ਇਕ ਸਨ। ਆਪ ਨੇ ਜਿਥੇ ਸਾਡੇ ਵਿਚ ਭਗਤੀ ਭਾਵਨਾ ਜਗਾਈ ਓਥੇ ਸਾਨੂੰ ਜ਼ੁਲਮ ਦਾ ਟਾਕਰਾ ਕਰਨਾ ਵੀ ਸਿਖਾਇਆ ਅਤੇ ਵਿਦੇਸ਼ੀ ਜੂਲੇ ਹੇਠ ਦਬੀ ਹੋਈ ਜਨਤਾ ਨੂੰ ਉੱਚਾ ਉਠਾਣ ਦਾ ਬਲ ਹੌਸਲਾ ਤੇ ਉਤਸ਼ਾਹ ਬਖਸ਼ਿਆ।

ਸਿਖ ਰਾਜ ਆਪ ਦੀਆਂ ਅੱਖਾਂ ਸਾਹਮਣੇ ਸਮਾਪਤ ਹੋਇਆ ਤੇ ਏਸ ਤਰ੍ਹਾਂ ਆਪ ਦੀਆਂ ਅੱਖਾਂ ਸਾਹਮਣੇ ਹੀ 1857 ਦਾ ਪਹਿਲਾ ਅਜ਼ਾਦੀ ਘੋਲ ਹੋਇਆ। ਇਹਨਾਂ ਦੋ ਮਹਾਨ ਘਟਨਾਵਾਂ ਨੇ ਆਪ ਦੇ ਦਿਲ ਨੂੰ ਝੰਜੋੜਿਆ, ਹਲੂਨਿਆਂ ਤੇ ਇਕ ਅਜਿਹੀ ਜਥੇਬੰਦੀ ਨੂੰ ਜਨਮ ਦੇਣ ਤੇ ਮਜਬੂਰ ਕੀਤਾ ਜੋ ਬਦੇਸ਼ੀ ਰਾਜ ਨੂੰ ਖਤਮ ਕਰਨ ਲਈ ਜਿੰਦ ਜਾਨ ਕੁਰਬਾਨ ਕਰਨਾ ਇਕ ਸਾਧਾਰਨ ਗਲ ਸਮਝਦੀ ਹੋਵੇ।

ਸੰਨ 1857 ਤੇ ਗਦਰ ਪਿਛੋਂ ਅੰਗਰੇਜ਼ ਭਾਰਤ ਤੇ ਬਹੁਤ ਅਤਿਆਚਾਰ ਕਰ ਰਹੇ ਸਨ। ਸਾਰੀ ਜਨਤਾ ਸਹਿਮੀ ਹੋਈ ਸੀ। ਅੰਗਰੇਜ਼ਾਂ ਸਾਹਮਣੇ ਕੋਈ ਬੋਲ ਨਹੀਂ ਸੀ ਸਕਦਾ। ਪਰ ਆਪ ਉਸ ਸਮੇਂ ਨਿਹਾਇਤ ਨਿਡਰਤਾ ਨਾਲ ਅਗੇ ਵਧੇ ਤੇ ਭੈਣੀ ਸਾਹਿਬ ਆਪ ਨੇ ਇਕ ਅਜੇਹਾ ਕੇਂਦਰ ਕਾਇਮ ਕੀਤਾ, ਇਕ ਅਜਿਹਾ ਗੜ੍ਹ ਬਣਾਇਆ ਜਿਥੋਂ ਆਤਮਕ ਸਿਖਿਆ ਦੇ ਨਾਲ ਨਾਲ ਅਜ਼ਾਦੀ ਘੋਲ ਕੀਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਮਹਾਨ ਧਾਰਮਿਕ ਆਗੂ ਹੋਣ ਦੇ ਨਾਲ ਇਕ ਵਡੇ ਸਮਾਜ ਸੁਧਾਰਕ ਵੀ ਸਨ। ਆਪ ਨੇ ਸਮਾਜ਼ ਵਿਚ ਆਦਰਸ਼ਕ ਸੁਧਾਰ ਕੀਤੇ। ਇਕ ਨਵੇਂ ਸਮਾਜ ਦੀ ਨੀਂਹ ਰਖੀ ਤੇ ਕਈ ਬੇਲੋੜੇ ਰਸਮਾਂ ਰਿਵਾਜਾਂ ਦਾ ਖੰਡਣ ਕੀਤਾ। ਧਰਮ ਕਿਰਤ ਕਰਨਾ, ਵੰਡ ਛਕਣਾ, ਬਚਪਨ ਦੀ ਸ਼ਾਦੀ ਬੰਦ ਕਰਨਾ, ਅਨੰਦ ਕਾਰਜ ਦੀ ਇਕ ਬਿਲਕੁਲ ਸਾਦਾ ਜਹੀ ਮਰਿਆਦਾ ਕਾਇਮ ਕੀਤੀ, ਆਪ ਨੇ ਸਾਨੂੰ ਸਿਖਾਇਆ।

ਨਾ ਮਿਲਵਰਤਨ ਲਹਿਰ ਦੇ ਆਪ ਮੋਢੀ ਸਨ ਤੇ ਬਿਦੇਸ਼ੀ ਰਾਜ ਵਿਰੁਧ ਘੋਲ ਕਰਦਿਆਂ ਹੋਇਆਂ ਸਾਨੂੰ ਵਿਦੇਸ਼ੀ ਮਾਲ ਦਾ ਬਾਈਕਾਟ ਕਰਨ ਤੇ ਖਦਰ ਪਹਿਨਣ ਲਈ ਆਪ ਨੇ ਹੀ ਸਭ ਤੋਂ ਪਹਿਲਾਂ ਪਰੇਰਿਆ।



Namdhari Elibrary NamdhariElibrary@gmail.com

ਅੰਗਰੇਜ਼ੀ ਸਰਕਾਰ ਦੀਆਂ ਅਦਾਲਤਾਂ ਵਿਚ ਨਾ ਜਾਣਾ, ਆਪਣੇ ਝਗੜੇ ਆਪਣੀਆਂ ਪੰਚਾਇਤਾਂ ਵਿਚ ਨਬੇੜਨੇ, ਆਪ ਦੇ ਇਨਕਲਾਬੀ ਕਦਮ ਸਨ। ਆਪ ਨੇ ਤਾਂ ਏਥੋਂ ਤਕ ਹੁਕਮ ਕੀਤਾ ਕਿ ਅੰਗਰੇਜ਼ੀ ਨਹੀਂ ਪੜ੍ਹਨੀ, ਸਰਕਾਰੀ ਨੌਕਰੀ ਨਹੀਂ ਕਰਨੀ, ਅੰਗਰੇਜ਼ੀ ਸਰਕਾਰ ਵਲੋਂ ਦਿਤਾ ਗਿਆ ਕੋਈ ਇਨਾਮ ਜਾਂ ਖਤਾਬ ਪ੍ਰਵਾਨ ਨਹੀਂ ਕਰਨਾ।

ਆਪ ਦੀ ਇਸ ਸਿਖਿਆ ਵਿਚ ਧਰਮ, ਸਮਾਜ ਸੁਧਾਰ ਤੇ ਰਾਜਨੀਤੀ ਮਿਲੀ ਜੁਲੀ ਸੀ। ਬਦੇਸ਼ੀ ਮਾਲ, ਅੰਗਰੇਜ਼ੀ ਅਦਾਲਤਾਂ, ਸਕੂਲਾਂ, ਡਾਕਖਾਨਿਆਂ ਤੇ ਰੇਲਾਂ ਆਦਿ ਦਾ ਬਾਈਕਾਟ ਆਪ ਦਾ ਇਕ ਬਹੁਤ ਵਡਾ ਰਾਜਸੀ ਪ੍ਰੋਗਰਾਮ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਾਰਾ ਭਾਰਤ ਰਿਣੀ ਹੈ। ਆਪ ਅਜਿਹੇ ਮਹਾਂਪੁਰਸ਼ ਸਨ ਜਿਨ੍ਹਾਂ ਨੂੰ ਕੁਦਰਤ ਸਦੀਆਂ ਪਿਛੋਂ ਜਨਮ ਦਿੰਦੀ ਹੈ। ਆਪ ਸਚਾਈ ਅਹਿੰਸਾ ਦੇ ਪੁਤਲੇ ਸਨ।



Namdhari Elibrary NamdhariElibrary@gmail.com

## ਸ੍ਰ: ਈਸ਼ਰ ਸਿੰਘ ਪ੍ਰਾਸ਼ਰ

**ਐਡੀਟਰ ਦਸਤਕਾਰ, ਲੁਧਿਆਣਾ**

ਸਤਿਗੁਰ ਰਾਮ ਸਿੰਘ ਜੀ ਦਾ ਜਨਮ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਰਾਈਆ ਗੁਰਸਿਖ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਗ੍ਰਿਹ 1816 ਬਸੰਤ ਪੰਚਮੀ ਵਾਲੇ ਦਿਨ ਅੰਮ੍ਰਿਤ ਵੇਲੇ ਹੋਇਆ। ਆਪ ਦੀ ਰੁਚੀ ਛੋਟੀ ਉਮਰ ਤੋਂ ਹੀ ਸਿਮਰਣ ਵਲ ਰਹਿੰਦੀ ਸੀ ਤੇ ਆਪਣੇ ਸਾਥੀਆਂ ਨੂੰ ਵੀ ਭਜਨ ਬੰਦਗੀ ਲਈ ਹੀ ਪ੍ਰੇਰਦੇ ਸਨ।

ਆਪ ਜੀ ਦਾ ਬਹਿਨੋਈ ਸ੍ਰ: ਕਾਬਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰ ਸੀ, ਜਿਸ ਦੇ ਕਹਿਣ ਤੇ ਆਪ ਨੇ ਵੀ ਨੌਕਰੀ ਕਰ ਲਈ। ਨੌਕਰੀ ਦੇ ਦੌਰਾਨ ਵੀ ਆਪ ਵਧੇਰੇ ਭਜਨ ਬੰਦਗੀ 'ਚ ਹੀ ਲਗੇ ਰਹਿੰਦੇ ਤੇ ਸਾਥੀਆਂ ਨੂੰ ਵੀ ਏਧਰ ਲਾਂਦੇ। ਇਸੇ ਕਰਕੇ ਇਹਨਾਂ ਦੀ ਪਲਟਨ ਨੂੰ ਭਗਤਾਂ ਦੀ ਪਲਟਨ ਕਿਹਾ ਜਾਂਦਾ ਸੀ।

ਇਕ ਵਾਰ ਆਪ ਦੀ ਪਲਟਨ ਪਸ਼ੌਰ ਜਾ ਰਹੀ ਸੀ ਕਿ ਰਸਤੇ ਵਿਚ ਹਜ਼ਰੋ 'ਚ ਇਕ ਮਹਾਨ ਤਪੱਸਵੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਚਲੇ ਗਏ। ਬਾਬਾ ਬਾਲਕ ਸਿੰਘ ਜੀ ਨੇ ਪਹਿਲੀ ਭੇਂਟ ਵਿਚ ਹੀ ਕਿਹਾ ਕਿ ਰਾਮ ਸਿੰਘ ਜੀ ਤੁਹਾਡੀ ਅਮਾਨਤ ਸਾਡੇ ਪਾਸ ਸਾਂਭੀ ਪਈ ਹੈ, ਉਹ ਸਾਂਭ ਲਵੋ। ਸੋ ਬਾਬਾ ਬਾਲਕ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਰਾਮ ਸਿੰਘ ਜੀ ਨੂੰ ਗੁਰਗੱਦੀ ਸੰਭਾਲ ਦਿੱਤੀ ਤੇ ਕਿਹਾ ਕਿ ਜਾ ਕੇ ਕਲਜੁਗ ਵਿਚ ਸਤਿਯੁਗ ਵਰਤਾਉ।

ਸਤਿਗੁਰ ਰਾਮ ਸਿੰਘ ਜੀ ਨੇ ਫੌਜ 'ਚ ਰਹਿੰਦੇ ਹੋਏ ਦੇਖਿਆ ਕਿ ਫੌਜੀ ਸਿਖਾਂ ਵਿਚ ਬਹੁਤ ਤਰੁਟੀਆਂ ਆ ਗਈਆਂ ਹਨ ਅਤੇ ਚਰਿਤਰਹੀਨ ਹੁੰਦੇ ਜਾ ਰਹੇ ਹਨ। ਜਿਸ ਤੋਂ ਇਹ ਭਾਸਦਾ ਹੈ ਕਿ ਸਿਖ ਰਾਜ ਦਾ ਪਤਨ ਆ ਰਿਹਾ ਹੈ। ਏਹੋ ਜਿਹੀ ਅਧੋਗਤੀ ਨੂੰ ਅਨੁਭਵ ਕਰਦੇ ਹੋਏ ਆਪ ਨੌਕਰੀ ਛੱਡ ਕੇ ਪਿੰਡ ਰਾਈਆ ਆ ਗਏ। ਜਿਥੇ ਆਪ ਨੇ ਭਜਨ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਚੂੰਕਿ ਸਿਖ ਰਾਜ ਦਾ ਪੱਤਨ ਹੁੰਦਾ ਆਪਣੀ ਅੱਖੀਂ ਦੇਖਿਆ ਇਸ ਲਈ ਉਹ ਬਹੁਤ ਚਿੰਤਾਤੁਰ ਸਨ ਕਿ ਕਿਸ ਤਰ੍ਹਾਂ ਅੰਗਰੇਜ਼ ਨੇ ਸਿਖ ਰਾਜ ਨੂੰ ਖਤਮ ਕਰ ਦਿਤਾ ਹੈ, ਆਪ ਨੇ ਇਹ ਵਿਉਂਤ ਬਨਾਣੀ ਸ਼ੁਰੂ ਕੀਤੀ ਕਿ ਕਿਸ ਤਰ੍ਹਾਂ ਮੁੜ ਪੰਜਾਬ ਅੰਦਰ ਸਿਖ ਰਾਜ ਕਾਇਮ ਕੀਤਾ ਜਾਵੇ ਅਤੇ ਸਿਖਾਂ ਅੰਦਰ ਆਈ ਗਿਰਾਵਟ ਨੂੰ ਕਿਸ ਤਰ੍ਹਾਂ ਦੂਰ ਕਰਕੇ ਮੁੜ ਸਿਖੀ ਨੂੰ ਸੁਰਜੀਤ ਕੀਤਾ ਜਾਵੇ।



Namdhari Elibrary NamdhariElibrary@gmail.com

ਇਸ ਆਸ਼ੇ ਦੀ ਪੂਰਤੀ ਲਈ ਆਪ ਨੇ 1857 ਦੀ ਵਿਸਾਖੀ ਵਾਲੇ ਦਿਨ ਮੁੜ ਗੁਰੂ ਗੋਬਿੰਦ ਸਿੰਘ ਜੀ ਵਾਲਾ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜ ਪਿਆਰੇ ਸਾਜੇ ਤੇ ਅੰਮ੍ਰਿਤ ਪ੍ਰਚਾਰ ਆਰੰਭ ਕੀਤਾ।

ਆਪ ਨੇ ਰਾਜਨੀਤੀ ਨੂੰ ਵੀ ਧਰਮ ਦਾ ਇਕ ਵਿਸ਼ੇਸ਼ ਅੰਗ ਮੰਨਿਆ। ਚੂੰਕਿ ਧਰਮ ਦਾ ਪੱਕਾ ਹੀ ਸਿਆਸਤ ਦਾ ਪੱਕਾ ਹੋ ਸਕਦਾ ਹੈ। ਸੋ ਆਪ ਨੇ ਧਰਮ ਪ੍ਰਚਾਰ ਦੇ ਨਾਲੋ ਨਾਲ ਸਿਖਾਂ ਅੰਦਰ ਦੇਸ਼ ਭਗਤੀ ਦਾ ਪ੍ਰਚਾਰ ਵੀ ਆਰੰਭ ਦਿੱਤਾ। ਇਸ ਸੱਚੇ ਸੁੱਚੇ ਪ੍ਰਚਾਰ ਨੇ ਜਿਥੇ ਸਿਖ ਆਦਰਸ਼ਾਂ ਨੂੰ ਮੁੜ ਸੁਰਜੀਤ ਕੀਤਾ। ਉਥੇ ਸਿਖਾਂ ਨੂੰ ਅੰਗਰੇਜ਼ ਸਾਮਰਾਜ ਦੇ ਖਿਲਾਫ ਲਾਮਵੰਦ ਕੀਤਾ। ਆਪ ਨੇ ਪ੍ਰਚਾਰ ਨੂੰ ਵਧਾਉਣ ਹਿੱਤ 22 ਸੂਬੇ ਨਿਯੁਕਤ ਕਰ ਦਿੱਤੇ, ਜੋ ਸਿਖ ਧਰਮ ਦੇ ਨਾਲੋ ਨਾਲ ਦੇਸ਼ ਭਗਤੀ ਦਾ ਪ੍ਰਚਾਰ ਵੀ ਜ਼ੋਰ ਸ਼ੋਰ ਨਾਲ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਾਮਰਾਜ ਦੇ ਖਿਲਾਫ ਜੰਗ ਆਜ਼ਾਦੀ ਦੀ ਲਹਿਰ ਸ਼ੁਰੂ ਕਰ ਦਿੱਤੀ, ਜਿਸਨੂੰ 'ਨਾ ਮਿਲਵਰਤਨ' ਅਧਾਰ ਤੇ ਚਲਾਇਆ। ਅੰਗਰੇਜ਼ੀ ਸਕੂਲਾਂ, ਕਚਹਿਰੀਆਂ, ਡਾਕਖਾਨਿਆਂ, ਰੇਲ ਗੱਡੀਆਂ, ਵਸਤਰਾਂ ਦਾ ਮੁਕੰਮਲ ਬਾਈਕਾਟ ਕੀਤਾ ਅਤੇ ਸਭ ਆਪਸੀ ਝਗੜੇ ਪੰਚਾਇਤਾਂ ਰਾਹੀਂ ਨਿਪਟਾਉਣੇ ਸ਼ੁਰੂ ਕਰ ਦਿਤੇ। ਗਊ ਗਰੀਬ ਦੀ ਸਹਾਇਤਾ ਕਰਨ ਦੇ ਉਦੇਸ਼ ਜਾਰੀ ਕੀਤੇ। ਸਮਾਜਿਕ ਸੁਧਾਰ ਵਿਚ ਫਜ਼ੂਲ ਰਸਮਾਂ ਰਿਵਾਜਾਂ ਨੂੰ ਬੰਦ ਕੀਤਾ ਅਤੇ ਇਸਤਰੀ ਨੂੰ ਮਰਦ ਦੇ ਬਰਾਬਰ ਹੱਕ ਦਿਤੇ। ਇਸ ਪ੍ਰਚਾਰ ਦੇ ਸਦਕੇ ਥੋੜੇ ਸਮੇਂ ਵਿਚ ਹੀ ਲੱਖਾਂ ਸਿਖ ਇਸ ਲਹਿਰ ਵਿਚ ਸ਼ਾਮਲ ਹੋ ਗਏ।

ਅੰਗਰੇਜ਼ ਸਾਮਰਾਜ ਨੇ ਹਿੰਦੂ ਸਿਖਾਂ ਦੇ ਹਿਰਦਿਆਂ ਨੂੰ ਦੁਖਤ ਕਰਨ ਲਈ ਪੰਜਾਬ ਅੰਦਰ ਬੁਚੜ ਖਾਨੇ ਖੁਲਵਾ ਦਿਤੇ, ਜਿਨ੍ਹਾਂ ਨੂੰ ਨਾਮਧਾਰੀ ਸਿਖਾਂ ਨੇ ਗੁਰੂ ਜੀ ਦੇ ਉਦੇਸ਼ਾਂ ਅਨੁਸਾਰ ਠੀਕ ਨਾ ਸਮਝਦੇ ਹੋਏ ਅੰਮ੍ਰਿਤਸਰ ਅਤੇ ਮਲੇਰ ਕੋਟਲੇ ਬੁਚੜ ਕਤਲ ਕਰਕੇ ਗਊਆਂ ਨੂੰ ਮੁਕਤ ਕਰਾਇਆ। ਅੰਗਰੇਜ਼ ਸਰਕਾਰ ਨੇ ਇਸ ਨੂੰ ਅੰਗਰੇਜ਼ ਦੇ ਖਿਲਾਫ ਬਗਾਵਤ ਕਹਿ ਕੇ ਸਖਤੀ ਸ਼ੁਰੂ ਕਰ ਦਿਤੀ। ਅੰਮ੍ਰਿਤਸਰ ਜਿਹੜੇ ਨਾਮਧਾਰੀ ਸਿਖਾਂ ਨੇ ਬੁਚੜ ਕਤਲ ਕੀਤੇ ਸੀ, ਉਹ ਪੁਲਸ ਦੀ ਪਕੜ ਵਿਚ ਨਾ ਆ ਸਕੇ, ਪੁਲਸ ਨੇ ਨਿਰਦੋਸ਼ਾਂ ਨੂੰ ਪਕੜ ਕੇ ਸਜ਼ਾਵਾਂ ਦਲਾਈਆਂ। ਜਦ ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਉਹਨਾਂ ਨਾਮਧਾਰੀ ਸਿਖਾਂ ਨੂੰ ਕਿਹਾ ਕਿ "ਬੀਜ ਤੁਸੀਂ ਬੀਜੋ ਤੇ ਫਲ ਕੋਈ ਹੋਰ ਖਾਵੇ" ਇਸ ਤੇ ਨਾਮਧਾਰੀ ਸਿਖ ਅੰਮ੍ਰਿਤਸਰ ਜਾ ਕੇ ਅਦਾਲਤ ਵਿਚ ਪੇਸ਼ ਹੋਏ ਤੇ ਨਿਰਦੋਸ਼ਾਂ ਨੂੰ ਛੁਡਾ ਕੇ ਆਪ ਫਾਂਸੀ ਚੜੇ। ਇਸੇ ਪ੍ਰਕਾਰ ਮਲੇਰ ਕੋਟਲੇ ਵਿਚ 49 ਨਾਮਧਾਰੀ ਸਿਖਾਂ ਨੂੰ ਤੋਪਾਂ ਅੱਗੇ ਖੜਾ ਕਰਕੇ ਖੁਲ੍ਹੇ ਮੈਦਾਨ ਵਿਚ ਉਡਾਇਆ ਗਿਆ, ਪਰ ਇਕ ਵੀ ਸਿਖ ਨੇ ਸੀ ਤਕ ਨਹੀਂ ਕੀਤੀ। ਇਹ ਲਹਿਰ ਕੂਕਾ ਲਹਿਰ ਦੇ ਨਾਂ ਨਾਲ ਪ੍ਰਸਿੱਧ ਹੋਈ।

ਗੁਰੂ ਦਸਮੇਸ਼ ਜੀ ਦੇ ਪਿਛੋਂ ਜਦ ਖਾਲਸਾ ਰਾਹ ਛਡ ਕੇ ਕੁਰਾਹੇ ਪੈ ਗਿਆ, ਬੁਰਛਿਆਂ ਨੇ ਦੇਸ ਵਿਚ ਲੁੱਟ ਮਾਰ ਬਹੁਤ ਕੀਤੀ, ਨਿਰਬਲਾਂ, ਨਿਰਦੋਸ਼ਿਆਂ, ਗਰੀਬਾਂ ਨੂੰ ਦਬ ਲਿਆ। ਅੱਤ ਦਾ ਅਤੇ ਰੱਬ ਦਾ ਵੈਰ ਹੈ ਧੁਰੋਂ। ਵਾਹਿਗੁਰੂ ਨੇ ਇਨ੍ਹਾਂ ਦਾ



Namdhari Elibrary NamdhariElibrary@gmail.com

ਤਖਤਾ ਉਲਟਿਆ। ਕਲਜੁਗ ਵਿਚ ਸਤਿਜੁਗ ਲਿਆਣ ਲਈ ਉਸੇ ਜੋਤ ਨਿਜ ਰਾਮ ਸਿੰਘ ਘਲਿਆ।

"ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖਵਾਬ ਸੇ।"

ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲਿਖਦਾ ਹੈ :-

ਪਾਇ ਇਹ ਹੁਕਮ ਪ੍ਰਮੇਸ਼ ਦਾ ਵਿਸ਼ੇਸ਼-ਇਹ ਰਾਮ ਪ੍ਰਮੇਸ਼ ਉਪਦੇਸ਼ ਦੇਣ ਲਾਗਯੋ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਉਂਕੇ ਸੁਧਾ ਛਕ ਥਾਏ ਸਿਖ ਭਾਗ ਜੋਨ ਜਾਗਯੋ।
ਫੈਲਿਓ ਜਸ ਭਾਰੀ ਜਗ ਥੀਖੇ-ਤਾਂਹਿਕੇ ਅਪਾਰੀ ਸਿੰਘ ਪੰਥ ਬਿਰਧਾਨੋ।
ਨਾਮ ਰਸ ਪਾ ਗਯੋ,
ਭੰਗ, ਪੋਸਤ-ਸ਼ਰਾਬ, ਮਾਸ ਚੋਰੀ ਯਾਰੀ ਠੱਗੀ
ਤਜ ਥੀਏ ਸੰਤ ਸਤਿਜੁਗ ਆ ਗਿਓ।

ਸਤਿਗੁਰੂ ਜੀ ਨੇ ਹਮੇਸ਼ਾ ਸੱਚ ਦਾ ਪ੍ਰਚਾਰ ਕੀਤਾ। ਇਸ ਕਰਕੇ ਅੰਗਰੇਜ਼ ਦਾ ਕਹਿਣਾ ਹੈ ਕਿ ਕੂਕਾ ਕਦੀ ਝੂਠ ਨਹੀਂ ਬੋਲਦਾ ਅਤੇ ਨਾ ਹੀ ਕਦੀ ਅੰਗਰੇਜ਼ ਦਾ ਵਫਾਦਾਰ ਹੋ ਸਕਦਾ ਹੈ।

ਅੰਗਰੇਜ਼ ਸਾਮਰਾਜ ਕੂਕਾ ਲਹਿਰ ਤੋਂ ਐਨੀ ਭੈ ਭੀਤ ਹੋਈ ਕਿ ਉਸ ਨੇ ਸਤਿਗੁਰ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ 1872 ਨੂੰ ਬਰਮਾ ਕੈਦ ਕਰ ਦਿਤਾ ਤੇ ਬਾਕੀ ਸੂਬੇ ਵੀ ਵੱਖੋ ਵੱਖ ਥਾਵਾਂ ਤੇ ਕੈਦ ਕਰ ਦਿਤੇ। ਸਤਿਗੁਰਾਂ ਨੂੰ ਕੈਦ ਕਰਨ ਤੋਂ ਪਹਿਲਾਂ ਇਕ ਅੰਗਰੇਜ਼ ਅਫਸਰ ਨੇ ਬਾਬਾ ਜੀ ਨੂੰ ਪੁਛਿਆ ਕਿ ਜੇ ਅਸੀਂ ਤੁਹਾਨੂੰ ਅਤੇ ਤੁਹਾਡੇ ਸੂਬਿਆਂ ਨੂੰ ਕੈਦ ਕਰ ਦੇਵੀਏ ਤਾਂ ਆਪ ਦਾ ਪ੍ਰਚਾਰ ਕਿਸ ਤਰ੍ਹਾਂ ਚਲੇਗਾ। ਤਾਂ ਸਤਿਗੁਰੂ ਜੀ ਨੇ ਉਤਰ ਦਿਤਾ ਕਿ ਜੋ ਮੇਰਾ ਇਕ ਹਲਵਾਹੀ ਸਿਖ ਵੀ ਕਿਸੇ ਨੂੰ ਨਾਮ ਦੇਵੇਗਾ ਤਾਂ ਉਹ ਵੀ ਮੇਰੇ ਜਿੰਨਾ ਹੀ ਸ਼ਕਤੀਸ਼ਾਲੀ ਹੋਵੇਗਾ ਅਤੇ ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦੇਵਾਂਗਾ। ਸਤਿਗੁਰੂ ਰਾਮ ਸਿੰਘ ਜੀ ਨੇ ਜੰਗੇ ਆਜ਼ਾਦੀ ਲਈ ਸਹਾਇਤਾ ਪ੍ਰਾਪਤ ਕਰਨ ਲਈ ਰੂਸ, ਨੇਪਾਲ ਅਤੇ ਕਾਬਲ ਦੀਆਂ ਸਰਕਾਰਾਂ ਨਾਲ ਵੀ ਸਬੰਧ ਕਾਇਮ. ਕੀਤੇ। ਕੂਕਾ ਲਹਿਰ ਸਖਤੀਆਂ ਦੇ ਬਾਵਜੂਦ ਵੀ ਵਧਦੀ ਗਈ। ਸਤਿਗੁਰ ਰਾਮ ਸਿੰਘ ਜੀ ਦੇ ਜਿਲ੍ਹਾਵਤਨ ਹੋਣ ਤੇ ਸਤਿਗੁਰੂ ਹਰੀ ਸਿੰਘ ਅਤੇ ਉਹਨਾਂ ਦੇ ਸਪੁਤਰ ਸਤਿਗੁਰ ਪ੍ਰਤਾਪ ਜੀ ਨੇ ਇਸ ਲਹਿਰ ਨੂੰ ਪੂਰੇ ਜ਼ੋਰ ਨਾਲ ਚਲਾਈ ਰਖਿਆ। ਅੰਗਰੇਜ਼ ਨੇ ਨਾਮਧਾਰੀਆਂ ਤੇ ਅੰਤ ਦੀ ਸਖਤੀ ਕੀਤੀ। ਕਾਂਗਰਸ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਨਾ ਮਿਲਵਰਤਣ ਲਹਿਰ ਨੂੰ ਅਪਣਾ ਕੇ ਜੰਗੇ ਆਜ਼ਾਦੀ ਦੀ ਲਹਿਰ ਨੂੰ ਹੋਰ ਤੇਜ਼ ਕੀਤਾ। ਭੈਣੀ ਸਾਹਿਬ ਜਿਥੋਂ ਇਸ ਲਹਿਰ ਨੇ ਜਨਮ ਲਿਆ, ਉਥੇ 50 ਸਾਲ ਪੁਲਿਸ ਚੌਕੀ ਬਣੀ ਰਹੀ। ਸਤਿਗੁਰੂ ਪ੍ਰਤਾਪ ਸਿੰਘ ਦੇ ਦੋਨੋਂ ਸਕੇ ਭਰਾਵਾਂ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਤੇ ਹੋਰ ਅਨੇਕਾਂ ਨਾਮਧਾਰੀ ਸਿਖਾਂ ਨੇ ਅੰਗਰੇਜ਼ ਦੀ ਕੈਦਾਂ ਕਟੀਆਂ, ਸਖਤੀਆਂ ਬਰਦਾਸ਼ਤ ਕੀਤੀਆਂ, ਪਰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਰਾਹਾਂ ਤੋਂ ਪਿਛੇ ਨਹੀਂ ਹਟੇ। ਅੰਗਰੇਜ਼ ਨੇ ਆਮ ਸਿਖਾਂ ਨੂੰ ਨਾਮਧਾਰੀਆਂ ਤੋਂ ਬਦਜ਼ਨ ਕਰਨ ਲਈ



Namdhari Elibrary NamdhariElibrary@gmail.com

ਧਾਰਮਿਕ ਅਸਥਾਨ-ਗੁਰਦਵਾਰਿਆਂ ਤੋਂ ਐਲਾਨ ਕਰਵਾਏ ਕਿ ਨਾਮਧਾਰੀ ਸਿਖ ਨਹੀਂ ਹਨ। ਵੱਡੇ ਵੱਡੇ ਸਿਖ ਪ੍ਰਵਾਰਾਂ ਨੂੰ ਅਤੇ ਸਿਖ ਰਿਆਸਤਾਂ ਦੇ ਸ੍ਰਬਰਾਹਾਂ ਨੂੰ ਨਾਮਧਾਰੀਆਂ ਦੇ ਖਿਲਾਫ ਝੂਠੇ ਬਿਆਨ ਦਿਲਾਏ ਗਏ।

ਜੰਗੇ ਆਜ਼ਾਦੀ ਵਿਚ ਜੋ ਸਿਖ ਕੌਮ ਨੇ ਮਹਾਨ ਕੁਰਬਾਨੀ ਦਿਤੀ ਹੈ, ਉਸ ਵਿਚ ਵਿਸ਼ੇਸ਼ ਹਿੱਸਾ ਨਾਮਧਾਰੀ ਸਿਖਾਂ ਦਾ ਹੈ। ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਤਕ (1947) ਸਤਿਗੁਰੂ ਰਾਮ ਸਿੰਘ ਜੀ ਦੇ ਉਦੇਸ਼ਾਂ ਨੂੰ ਪੂਰੀ ਤਰ੍ਹਾਂ ਨਿਭਾਇਆ। ਅੱਜ ਜੋ ਅਕਾਲੀ ਨੇਤਾ ਇਹਨਾਂ ਕੁਰਬਾਨੀਆਂ ਦਾ ਕਰੈਡਿਟ ਲੈ ਰਹੇ ਹਨ, ਉਹਨਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹਨਾਂ ਦੇ ਬਜ਼ੁਰਗਾਂ ਨੇ ਤਾਂ ਅੰਗਰੇਜ਼ ਦਾ ਸਾਥ ਦੇ ਕੇ ਦੇਸ਼ ਨਾਲ ਗੱਦਾਰੀ ਕੀਤੀ ਸੀ। ਦੇਸ਼ ਨਾਲ ਗਦਾਰੀ ਨੇ ਹੀ ਅੱਜ ਸਿਖ ਕੌਮ ਦੇ ਵਿਕਾਰ ਨੂੰ ਸੱਟ ਮਾਰੀ ਹੈ। ਅੱਜ ਲੋੜ ਹੈ ਕਿ ਸਮੂਹ ਸਿਖ ਜਗਤ ਵਿਸ਼ੇਸ਼ ਤੌਰ ਤੇ ਅਤੇ ਪੰਜਾਬੀ ਆਮ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਰਾਹਾਂ ਤੇ ਚਲ ਕੇ ਹੀ ਸਿਖਾਂ ਦੇ ਵਿਕਾਰ ਨੂੰ ਕਾਇਮ ਰੱਖ ਸਕਦਾ ਹੈ ਅਤੇ ਦੇਸ਼ ਸ਼ਕਤੀਸ਼ਾਲੀ ਹੁੰਦਾ ਹੋਇਆ ਅਖੰਡ ਰਹਿ ਸਕਦਾ ਹੈ, ਜਿਸ ਦੀ ਅੱਜ ਅਹਿਮ ਲੋੜ ਹੈ।

## ਸ੍ਰ: ਪਿਆਰਾ ਸਿੰਘ ਸਹਿਰਾਈ
ਬੀ. ਏ.

ਆਜ਼ਾਦੀ ਦਾ ਸੂਰਜ ਸੈਂ ਤੂੰ, ਚਾਨਣ ਰਿਸ਼ਮਾਂ ਕੌਣ ਖਿਲਾਰੇ।
ਕੁਰਬਾਨੀ ਦਾ ਸਬਕ ਪੜ੍ਹਾ ਕੇ, ਸਭ ਕੁਝ ਦੇਸ਼ ਲਈ ਹੀ ਵਾਰੇ।
ਐਸਾ ਕੌੜੀ ਤੇਜ਼ ਸਰਾਰਾ, ਹੈਸੀ ਆਜ਼ਾਦੀ ਦਾ ਲਾਇਆ।
ਘੂਕ ਨੀਂਦਰੇ ਸੁੱਤਾ ਹੋਇਆ ਸੀ, ਤੈਂ ਸਾਰਾ ਦੇਸ਼ ਹਿਲਾਇਆ।
ਚੋਟੀ ਤੇ ਚੜ੍ਹ ਕੇ ਸੀ ਪ੍ਰੀਤਮ, ਸੁਤੰਤ੍ਰਤਾ ਦਾ ਬਿਗਲ ਵਜਾਇਆ।
ਖੁਲ੍ਹੇ ਮੈਦਾਨਾਂ ਅੰਦਰ ਤੈਂ, ਆਜ਼ਾਦੀ ਦਾ ਝੰਡਾ ਲਹਿਰਾਇਆ।
ਸਦੀਆਂ ਤੋਂ ਕਈ ਭੁਲੇ ਹੋਏ, ਆਜ਼ਾਦੀ ਦੇ ਖਾਬ ਜਗਾਏ।
ਦੇਸ਼ ਪਿਆਰ ਦੇ ਜਜ਼ਬੇ ਸਾਡੀ, ਰਗ ਰਗ ਅੰਦਰ ਸੀ ਤੜਫਾਏ।



Namdhari Elibrary NamdhariElibrary@gmail.com

ਡਾ: ਬਲਬੀਰ ਸਿੰਘ ਦਿਲ
ਐਮ.ਏ. ਪੀ.ਐਚ.ਡੀ.

ਬਾਬਾ ਰਾਮ ਸਿੰਘ ਜੀ ਆਪਣੇ ਸਮੇਂ ਦੀ ਅਦੁੱਤੀ ਅਤੇ ਮਹਾਨ ਸ਼ਖ਼ਸੀਅਤ ਸਨ। 1849 ਈਸਵੀਂ ਵਿਚ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਉਪਰੰਤ ਜਦੋਂ ਪੰਜਾਬ ਦੇ ਸਰਦਾਰ ਅਤੇ ਜਾਗੀਰਦਾਰ ਨਿਰਾਸ਼ਤਾ ਦੇ ਹਨੇਰੇ ਵਿਚ ਠੇਡੇ ਖਾ ਰਹੇ ਸਨ, ਬਾਬਾ ਰਾਮ ਸਿੰਘ ਪੰਜਾਬੀਆਂ ਦੇ ਹਨੇਰੇ ਮਨਾਂ ਵਿਚ ਉਤਰ ਕੇ ਉਨ੍ਹਾਂ ਨੂੰ "ਸਦਾ-ਜਾਗਦੀ—ਜੋਤਿ" ਦੇ ਦਰਸ਼ਨ ਕਰਵਾ ਰਹੇ ਸਨ। ਇਸੇ ਤਰ੍ਹਾਂ 1857 ਈਸਵੀਂ ਦਾ ਗ਼ਦਰ ਫੇਲ੍ਹ ਹੋ ਜਾਣ ਉਪਰੰਤ ਜਦੋਂ ਉੱਤਰੀ-ਭਾਰਤ ਦੇ ਹਿੰਦੂਆਂ ਅਤੇ ਮੁਸਲਮਾਨਾਂ ਉਤੇ ਮੁਰਦੇ-ਹਾਨੀ ਛਾ ਗਈ, ਤਾਂ ਬਾਬਾ ਰਾਮ ਸਿੰਘ ਨੇ ਭਾਰਤੀ ਸਭਿਆਚਾਰ ਦੇ ਗੌਰਵ ਨੂੰ ਆਪਣੇ ਅਮਲੀ ਜੀਵਨ ਦੁਆਰਾ ਜਾਣੋ ਮੁੜ ਸੁਰਜੀਤ ਕਰ ਵਿਖਾਇਆ।

ਬਾਬਾ ਰਾਮ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਭੈਣੀ (ਰਾਈਆਂ) ਵਿਚ ਬਸੰਤ ਪੰਚਮੀ ਦੀ ਸੁਹਾਵਣੀ ਰਾਤ ਨੂੰ 1872 (ਬਿਕ੍ਰਮੀ) ਅਥਵਾ 1816 ਈਸਵੀਂ ਵਿਚ ਹੋਇਆ। ਆਪ ਦੇ ਪਿਤਾ ਤਰਖਾਣਾ ਕੰਮ ਕਰਨ ਵਾਲੇ ਇਕ ਸੱਚੇ ਤੇ ਸੁੱਚੇ ਕਿਰਤੀ ਸਨ। ਕਿਰਤ ਕਿਸੇ ਪਰਕਾਰ ਦੀ ਹੋਵੇ, ਜੇਕਰ ਉਹ ਸੱਚੀ ਅਤੇ ਸੁੱਚੀ ਕਿਰਤ ਹੈ, ਤਾਂ ਉਹ ਭਗਤੀ ਵਾਂਗ ਮਨ ਨੂੰ ਰੱਬ ਨਾਲ ਜੋੜਦੀ ਹੈ। ਗੁਰੂ ਨਾਨਕ ਦੇਵ ਦਾ ਫ਼ਰਮਾਨ ਹੈ :—

> ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।
> ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।
> ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ।
> (ਸੋਰਠਿ ਮਹਲਾ ੧ ਘਰੁ ੧ ਚਉਪਦੇ)[1]

ਸੋ ਬਾਬਾ ਰਾਮ ਸਿੰਘ ਜੀ ਭੀ ਗ੍ਰਿਹਸਥ-ਜੀਵਨ ਦੇ ਨਿਰਬਾਹ ਲਈ ਇਕ ਸੱਚੇ ਤੇ ਸੁੱਚੇ ਕਿਰਤੀ ਵਾਂਗ ਸਦਾ ਦਸਾਂ ਨੌਹਾਂ ਦੀ ਕਿਰਤ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਬੇਸ਼ਕ ਉਨ੍ਹਾਂ ਖ਼ਾਲਸਾ-ਰਾਜ ਦੇ ਤੋਪਖਾਨੇ ਵਿਚ ਕੁਝ ਸਾਲ ਫੌਜੀ-ਸੇਵਾ ਕੀਤੀ ਅਤੇ ਖ਼ਾਲਸਾ-ਰਾਜ ਦੀ ਤਬਾਹੀ ਤੋਂ ਬਾਅਦ ਉਨ੍ਹਾਂ ਉਪਜੀਵਕਾ ਲਈ ਕਪੜੇ ਅਤੇ ਲੋਹੇ ਦਾ

1. ਆਦਿ ਗ੍ਰੰਥ—ਪੰਨਾ 595



Namdhari Elibrary NamdhariElibrary@gmail.com

ਵਾਪਾਰ ਕੀਤਾ, ਉਹ ਸਦਾ ਹੱਕ-ਹਲਾਲ ਦੀ ਕਮਾਈ ਕਰਦੇ ਰਹੇ। ਗੁਰਮਤਿ ਦੇ ਅਸੂਲ ਅਨੁਸਾਰ ਘਾਲਿ ਖਟਿ ਕਿਛੁ ਹਥਹੁ ਦੇਹਿ[2] ਨਾਨਕ ਰਾਹੁ ਪਛਾਣਹਿ ਸੇਇ, ਉਹ ਆਪਣੀ ਕਮਾਈ ਦਾ ਬਹੁਤਾ ਭਾਗ ਗਰੀਬਾਂ ਅਤੇ ਲੋੜਵੰਦਾਂ ਨੂੰ ਭੇਟਾ ਕਰ ਦਿੰਦੇ ਸਨ। ਆਮ ਗ੍ਰਿਹਸਥੀ ਧੰਨ ਜੋੜਦੇ ਹਨ, ਪਰ ਦੁਨੀਆਂ ਨੂੰ ਬਦਲਣ ਵਾਲੇ ਮਹਾਂਪੁਰਖ ਆਪਣਾ ਆਪ ਲੁਟਾਉਣ ਵਿਚ ਵਿਸ਼ਵਾਸ ਰੱਖਦੇ ਹਨ। ਬਾਬਾ ਜੀ ਅਜਿਹੇ ਮਹਾਂਪੁਰਖ ਸਨ, ਜੋ ਆਪਣੇ ਲਈ ਨਹੀਂ ਸਗੋਂ ਸਮੁੱਚੀ ਲੋਕਾਈ ਲਈ ਜਿਉਂਦੇ ਹਨ।

ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਦੇ ਅਨੇਕਾਂ ਪੱਖਾਂ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਪਰ ਥਾਂ ਦੀ ਥੁੜ੍ਹ ਕਾਰਨ ਇੱਥੇ ਕੇਵਲ ਦੋ ਤਿੰਨ ਵਿਸ਼ੇਸ਼ ਪੱਖਾਂ ਬਾਰੇ ਹੀ ਵਿਚਾਰ ਕੀਤੀ ਜਾਵੇਗੀ। ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵਧੇਰੇ ਚਾਨਣ ਪੱਖ ਪ੍ਰਭੂ-ਨਾਮ ਦੀ ਦੌਲਤ ਨਾਲ ਦੁਨੀਆਂ ਨੂੰ ਮਾਲਾ-ਮਾਲ ਕਰਨਾ ਹੈ। ਬਾਬਾ ਜੀ ਦੀਆਂ ਆਪਣੀਆਂ ਲਿਖਤਾਂ (ਵੇਖੋ : ਚਿੱਠੀ ਨੰ: 21)[3] ਵਿਚ ਨਿੱਜੀ ਅਨੁਭਵ ਦੇ ਆਧਾਰ ਉਤੇ ਨਾਮ ਨੂੰ ਸਭ ਪਰਕਾਰ ਦੀਆਂ ਜੁਗਤੀਆਂ ਨਾਲੋਂ ਸ੍ਰੇਸ਼ਟ ਦਰਸਾਇਆ ਗਿਆ ਹੈ।

ਬਾਬਾ ਜੀ ਦੇ ਸ਼ਰਧਾਲੂਆਂ ਨੂੰ ਜਿਸ ਕਿਸੇ ਨੇ ਭੀ ਕਦੇ ਨਾਮ-ਬਾਣੀ ਦੇ ਰੰਗ ਵਿਚ ਰੰਗੇ ਹੋਏ ਵੇਖਿਆ ਹੈ, ਜਾਂ ਫਿਰ ਸੂਫ਼ੀ ਫ਼ਕੀਰਾਂ ਵਾਂਗ ਰੱਬੀ-ਉਸਤਤਿ ਵਿਚ ਵਜਦ ਤਾਰੀ ਹੋਣ ਦਾ ਭੇਤ ਜਾਣਿਆ ਹੈ, ਉਹ ਬਾਬਾ ਰਾਮ ਸਿੰਘ ਦੁਆਰਾ ਸੰਚਾਲਿਤ ਕੀਤੀ ਗਈ "ਕੂਕਾ" ਲਹਿਰ ਦੇ ਰਹੱਸ ਨੂੰ ਸਮਝ ਸਕਦਾ ਹੈ। ਹਮਾਤੜ, ਜਿਨ੍ਹਾਂ ਕਦੇ ਉਨ੍ਹਾਂ ਦੇ ਜਨਮ-ਅਸਥਾਨ "ਭੈਣੀ-ਸਾਹਿਬ" ਦੇ ਭੀ ਦਰਸ਼ਨ ਨਹੀਂ ਕੀਤੇ, ਉਹ ਇਸ ਰਹੱਸ ਨੂੰ ਕਿਵੇਂ ਜਾਣ ਸਕਦੇ ਹਨ ?

ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਦਾ ਦੂਜਾ ਪੱਖ, ਜੋ ਸਾਨੂੰ ਸਭ ਤੋਂ ਵੱਧ ਟੁੰਬਦਾ ਹੈ, ਉਹ ਜਾਤ-ਪਾਤ, ਵਰਨ-ਭੇਦ, ਕਰਮ-ਕਾਂਡ, ਵਹਿਮ-ਭਰਮ, ਆਦਿਕ ਸਭ ਵਿਕਾਰਾਂ ਤੋਂ ਮੁਕਤ ਉਨ੍ਹਾਂ ਦੀ ਸਰਲ ਅਤੇ ਸਪਸ਼ਟ ਸਿੱਖਿਆ ਹੈ। ਸੁੱਚ ਅਤੇ ਸ਼ੌਚਿ (ਇਸ਼ਨਾਨ) ਉਤੇ ਉਨ੍ਹਾਂ ਜ਼ਰੂਰ "ਰਹਿਤ-ਨਾਵੇਂ" ਵਿਚ ਬਹੁਤ ਬਲ ਦਿੱਤਾ। ਪਰ ਜੇਕਰ ਬਾਬਾ ਰਾਮ ਸਿੰਘ ਦੇ ਜੀਵਨ-ਚਰਿਤ੍ਰ ਦਾ ਗਹੁ ਨਾਲ ਅਧਿਐਨ ਕਰੀਏ, ਤਾਂ ਇਹ ਸੁੱਚ ਉਨ੍ਹਾਂ ਦੇ ਅੰਦਰਲੇ ਸੱਚ ਨਾਲ ਓਤ-ਪੋਤ ਹੈ। ਗੁਰੂ ਨਾਨਕ ਦੇਵ ਫ਼ਰਮਾਉਂਦੇ ਹਨ :—

---

2. ਆਦਿ ਗ੍ਰੰਥ—ਪੰਨਾ 1245

3. ਹਵਾਲੇ ਲਈ ਵੇਖੋ : ਪੁਸਤਕ "ਪੰਜਾਬ" ਪ੍ਰਕਾਸ਼ਕ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, 1962, ਪੰਨਾ 98, ਡਾ: ਗੰਡਾ ਸਿੰਘ ਦਾ ਲੇਖ (ਨਾਮਧਾਰੀ ਲਹਿਰ)



Namdhari Elibrary NamdhariElibrary@gmail.com

ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥

(ਵਾਰ ਆਸਾ ਮਹਲਾ ੧)[4]

ਬਾਬਾ ਰਾਮ ਸਿੰਘ ਵਲੋਂ 1863 ਈਸਵੀਂ ਵਿਚ ਜਾਰੀ ਕੀਤੇ ਗਏ "ਰਹਿਤ-ਨਾਵੇਂ" ਵਿਚ ਸੁੱਚ-ਸ਼ੋਚਿ (ਇਸ਼ਨਾਨ), ਆਦਿਕ ਦੇ ਉਪਦੇਸ਼ ਦੇ ਨਾਲ ਹੀ ਗੁਰਬਾਣੀ ਪੜ੍ਹਨ ਅਤੇ ਨਾਮ-ਅਭਿਆਸ ਦੀ ਕਮਾਈ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ। ਜਪੁਜੀ, ਜਾਪੁ-ਸਾਹਿਬ, ਸ਼ਬਦ-ਹਜ਼ਾਰੇ, ਰਹਿਰਾਸ, ਆਰਤੀ, ਸੋਹਿਲਾ, ਆਦਿਕ ਬਾਣੀਆਂ ਕੰਠ ਕਰਨ ਦਾ ਉਪਦੇਸ਼ ਭੀ ਕੀਤਾ ਗਿਆ ਹੈ। ਬਾਬਾ ਰਾਮ ਸਿੰਘ ਜੀ ਦੀ ਸਰਲ ਅਤੇ ਸਪਸ਼ਟ ਸਿੱਖਿਆ ਵਿਚ ਮਨਮੁਖਾਂ ਦੀ ਮੰਦੀ ਕਰਣੀ ਵਿਰੁਧ ਪਹਿਰਾ ਦੇਣ ਦਾ ਭੀ ਉਪਦੇਸ਼ ਹੈ, ਪਰ ਇਹ ਪਹਿਰਾ ਕੇਵਲ ਡੰਡੇ ਦਾ ਪਹਿਰਾ ਨਹੀਂ, ਸਗੋਂ ਡੰਡੇ ਤੋਂ ਭੀ ਕਰੜੀ ਪ੍ਰਭੂ-ਦਰ ਕੀਤੀ ਸਮੂਹ ਦੀ ਅਰਦਾਸ ਪਹਿਰਾ ਹੈ, ਜਿਵੇਂ :—

"ਜੋ ਮੰਦਾ ਕਰਮ ਕਰੇ, ਜਾਰੀ ਚੋਰੀ ਕਾ ਕਿਸੇ ਥਾਂ ਦੀਵਾਨ ਬਿਚ ਨਹੀਂ ਬੜਨ ਦੇਣਾ। ਜੇਕਰ ਜ਼ੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ, ਹੇ ਗੁਰੂ ਜੀ ਏਹੁ ਆਦਮੀ ਏਥੇ ਆਉਣ ਜੋਗਾ ਹੀ ਨਾ ਰਹੇ...।"

ਇਹੋ ਹੈ ਅਹਿੰਸਾ ਅਰਥਾਤ ਆਪ ਸੱਚ ਨੂੰ ਧਾਰਨ ਕਰਨਾ ਅਤੇ ਦੂਜੇ ਨੂੰ ਸੱਚ ਦ੍ਰਿੜ੍ਹ ਕਰਵਾਉਣਾ, ਬੇਸ਼ਕ ਇਸ ਉਦੇਸ਼ ਲਈ ਕਿਤਨਾ ਦੁਖ ਸਹਿਣਾ ਪਵੇ।

ਬਾਬਾ ਰਾਮ ਸਿੰਘ ਦੀ ਅਦੁੱਤੀ ਸ਼ਖ਼ਸੀਅਤ ਦਾ ਤੀਜਾ ਪੱਖ ਇਸੇ ਅਹਿੰਸਾ ਦਾ ਸਾਕਾਰ ਰੂਪ ਵਿਚ ਦਰਸ਼ਨ ਹੈ। ਕਿਉਂਕਿ ਬਾਬਾ ਰਾਮ ਸਿੰਘ ਦੇ ਕੁਝ ਅਨੁਯਾਈਆਂ ਨੇ 1871 ਈਸਵੀਂ ਵਿਚ ਵੱਖ ਵੱਖ ਥਾਵਾਂ ਉਤੇ ਕੁਝ ਇਕ ਬੁੱਚੜਾਂ ਨੂੰ ਕਤਲ ਕਰ ਦਿੱਤਾ ਸੀ ਅਤੇ 1872 ਈਸਵੀਂ ਵਿਚ ਅਖੀਰ ਮਲੇਰਕੋਟਲੇ ਦੇ ਅਸਲ੍ਹਾ-ਖਾਨੇ ਉਤੇ ਧਾਵਾ ਕਰਨ ਉਪਰੰਤ ਅਨੇਕਾਂ ਕੂਕਿਆਂ ਨੂੰ ਤੋਪਾਂ ਨਾਲ ਸ਼ਹੀਦ ਕਰਕੇ ਬਾਬਾ ਰਾਮ ਸਿੰਘ ਨੂੰ ਰੰਗੂਨ ਵਿਚ ਜਲਾਵਤਨ ਕਰ ਦਿੱਤਾ ਗਿਆ ਸੀ, ਇਸ ਲਈ ਹੋ ਸਕਦਾ ਹੈ ਕਿ ਕਈ ਇਤਿਹਾਸਕਾਰਾਂ ਨੂੰ ਬਾਬਾ ਜੀ ਦੀ ਸ਼ਖ਼ਸੀਅਤ ਨਾਲ ਅਹਿੰਸਾ ਇਤਨਾ ਸੁਖਾਵਾਂ ਪ੍ਰਤੀਤ ਨਾ ਹੋਵੇ। ਪਰ ਬਾਬਾ ਰਾਮ ਸਿੰਘ ਦੇ ਜੀਵਨ-ਚਰਿਤ੍ਰ ਅਤੇ ਹੁਣ ਤਕ ਪ੍ਰਾਪਤ ਹੋਈਆਂ ਇਤਿਹਾਸਕ ਗੁਆਹੀਆਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਬੇਸ਼ਕ ਬਾਬਾ ਰਾਮ ਸਿੰਘ ਨੇ ਸ਼ਰਾਬ, ਮਾਸ ਆਦਿਕ ਦੇ ਸੇਵਨ ਦੀ ਆਪਣੇ ਅਨੁਯਾਈਆਂ ਨੂੰ ਸਖ਼ਤ ਮਨਾਹੀ ਜ਼ਰੂਰ ਕੀਤੀ ਸੀ, ਪਰ ਉਨ੍ਹਾਂ ਇਹ ਕਦੇ ਨਹੀਂ ਸੀ ਆਖਿਆ ਕਿ ਜਿਥੇ ਕਿੱਥੇ ਕੋਈ ਬੁੱਚੜ ਵਿਖਾਈ ਦਿੰਦਾ ਹੈ, ਉਸ ਨੂੰ ਕਤਲ ਕਰ ਦਿਓ।

ਦਰਅਸਲ, ਬਾਬਾ ਰਾਮ ਸਿੰਘ ਦੀ ਆਤਮਕ ਅਵਸਥਾ ਅਤੇ ਉਨ੍ਹਾਂ ਦੀ ਦੂਰ-

4. ਆਦਿ ਗ੍ਰੰਥ—ਪੰਨਾ 472



Namdhari Elibrary NamdhariElibrary@gmail.com

ਦ੍ਰਿਸ਼ਟਤਾ ਉਨ੍ਹਾਂ ਦੁਆਰਾ ਵਰੋਸਾਏ ਉਨ੍ਹਾਂ ਦੇ ਕਈ ਸੂਬਿਆਂ ਅਤੇ ਅਨੁਯਾਈਆਂ ਨਾਲੋਂ ਬਹੁਤ ਉਚੇਰੀ ਸੀ। ਬਾਬਾ ਰਾਮ ਸਿੰਘ ਦਾ ਮਿਸ਼ਨ ਨਾਮਬਾਣੀ ਅਤੇ ਸੱਚੀ ਤੇ ਸੁੱਚੀ ਕਰਨੀ ਦਾ ਪ੍ਰਚਾਰ ਕਰਕੇ ਆਦਰਸ਼ਕ ਜੀਵਨ ਲਈ ਆਤਮਕ-ਜਾਗ ਲਗਾਉਣਾ ਸੀ। ਭਗਤੀ ਵਿਚ ਸ਼ਕਤੀ ਸਦਾ ਵਿਦਮਾਨ ਰਹਿੰਦੀ ਹੈ। ਮਹਾਂਪੁਰਖ ਦੀ ਪਛਾਣ ਇਹੋ ਹੈ ਕਿ ਉਹ ਭਗਤੀ ਕਰਦਾ ਹੋਇਆ ਸ਼ਕਤੀ ਨੂੰ ਖਿੰਡਰਣ ਨਹੀਂ ਦਿੰਦਾ। ਦੂਜੇ ਸ਼ਬਦਾਂ ਵਿਚ ਉਹ ਅਜਰ ਨੂੰ ਜਰਦਾ ਹੈ। ਬਾਬਾ ਰਾਮ ਸਿੰਘ ਨਾਮ-ਅਭਿਆਸ ਵਿਚ ਬਹੁਤ ਉੱਚੀ ਆਤਮਕ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਨ। ਪਰ ਉਨ੍ਹਾਂ ਦੇ ਕੁਝ ਇਕ ਅਨੁਯਾਈ ਭਗਤੀ ਵਿਚੋਂ ਪ੍ਰਾਪਤ ਹੋਈ ਸ਼ਕਤੀ ਨੂੰ ਜਰਨ ਦੀ ਥਾਂ ਉਸ ਦਾ ਵਿਖਾਵਾ ਕਰਨ ਵਿਚ ਵਡਿਆਈ ਸਮਝਣ ਲਗੇ ਅਤੇ ਉਨ੍ਹਾਂ 'ਗਊ-ਗਰੀਬ'' ਦੀ ਰਖਿਆ ਦੇ ਸੀਮਤ ਅਰਥਾਂ ਤੋਂ ਪ੍ਰੇਰਿਤ ਹੋ ਕੇ ਕੁਝ ਇਕ ਥਾਵਾਂ ਉਤੇ ਗਊਆਂ ਦਾ ਕਤਲ ਕਰਨ ਵਾਲੇ ਕੁਝ ਬੁੱਚੜਾਂ ਨੂੰ ਕਤਲ ਕਰ ਦਿੱਤਾ। ਗਊ-ਹੱਤਿਆ ਖਾਲਸਾ-ਰਾਜ ਵਿਚ ਕਾਨੂੰਨੀ ਜੁਰਮ ਸੀ ਅਤੇ ਅੰਗਰੇਜ਼ਾਂ ਦੀ ਹਕੂਮਤ ਦੇ ਨਾਲ ਹੀ ਇਹ ਲਾਹਨਤ ਪੰਜਾਬ ਵਿਚ ਆਈ ਸੀ। ਗਊ-ਹੱਤਿਆ ਕਰਨ ਵਾਲੇ ਬੁੱਚੜਾਂ ਦਾ ਕਤਲ ਇਕ ਤਰ੍ਹਾਂ ਅੰਗਰੇਜ਼ਾਂ ਦੀ ਹਕੂਮਤ ਵਿਰੁਧ ਰੋਹ ਭਰਿਆ ਰੋਸ ਸੀ। ਪੁਲਸ ਨੂੰ ਕਾਫ਼ੀ ਦੇਰ ਤਕ ਅਸਲ ਦੋਸ਼ੀਆਂ ਦਾ ਖੁਰਾ ਨਾ ਮਿਲਿਆ ਅਤੇ ਉਨ੍ਹਾਂ ਸ਼ੱਕ ਵਿਚ ਕੁਝ ਨਿਹੰਗਾਂ ਨੂੰ ਕੈਦ ਕੀਤਾ। ਬਾਅਦ ਵਿਚ ਜਦੋਂ ਕਈ ਹੋਰ ਹਿੰਸਕ ਘਟਨਾਵਾਂ ਹੋਈਆਂ, ਜਿਨ੍ਹਾਂ ਦਾ ਸਿਖਰ ਮਲੇਰ-ਕੋਟਲੇ ਦੇ ਅਸਲ੍ਹਾ-ਖਾਨੇ ਵਿਚ ਟੁੱਟਾ, ਤਾਂ ਅਣਹੋਣੀ, ਹੋਣੀ ਬਣ ਕੇ ਨਾਮਧਾਰੀ ਸ਼ਹੀਦਾਂ ਉਤੇ ਵਾਪਰ ਗਈ।

ਇਤਿਹਾਸਕ ਲਿਖਤਾਂ ਗੁਆਹ ਹਨ ਕਿ ਅੰਗਰੇਜ਼ ਸਰਕਾਰ ਵਲੋਂ 1872 (ਜਨਵਰੀ) ਦੀ ਮਾਘੀ ਦਾ ਮੇਲਾ ਮੁਕਤਸਰ ਜਾ ਕੇ ਮਨਾਉਣ ਦੀ ਜਦੋਂ ਕੂਕਿਆਂ ਉੱਤੇ ਬੰਦਸ਼ ਲਗਾ ਦਿੱਤੀ ਗਈ, ਤਾਂ ਬਾਬਾ ਰਾਮ ਸਿੰਘ ਨੇ ਸੰਬੰਧਤ ਮੇਲਾ ਜਾਂ ਇਕੱਠ "ਭੈਣੀ-ਸਾਹਿਬ" (ਜ਼ਿਲ੍ਹਾ ਲੁਧਿਆਣਾ) ਵਿਖੇ ਕਰਨ ਦਾ ਹੁਕਮਨਾਮਾ ਆਪਣੇ ਅਨੁਯਾਈਆਂ ਨੂੰ ਜਾਰੀ ਕੀਤਾ। ਬੁੱਚੜਾਂ ਦੇ ਕਤਲ ਕਾਰਨ ਫ਼ਾਂਸੀ ਉਤੇ ਲਟਕਾਏ ਗਏ ਕੂਕਿਆਂ ਦੀ ਯਾਦ ਵਿਚ ਪੰਜਾਹ ਅਖੰਡ ਪਾਠਾਂ ਦੇ ਭੋਗ ਉਪਰੰਤ ਮਾਘੀ ਤੋਂ ਦੂਜੇ ਦਿਨ (13 ਜਨਵਰੀ) ਬਾਬਾ ਰਾਮ ਸਿੰਘ ਨੇ ਆਪਣੇ ਅਨੁਯਾਈਆਂ ਨੂੰ ਘਰੋ-ਘਰੀ ਜਾਣ ਦਾ ਹੁਕਮ ਕੀਤਾ, ਪਰ ਉਨ੍ਹਾਂ ਦੇ ਕੁਝ ਸੂਬੇ (ਹੀਰਾ ਸਿੰਘ ਲਹਿਣਾ ਸਿੰਘ, ਆਦਿਕ) "ਰੰਗ ਜ਼ਾਹਰ ਕਰਾਂਗੇ" ਦਾ ਨਾਅਰਾ ਲਗਾ ਕੇ ਕੁਝ ਜੋਸ਼ੀਲੇ ਕੂਕਿਆਂ ਨੂੰ ਨਾਲ ਲੈ ਕੇ ਮੰਜ਼ਿਲਾਂ ਮਾਰਦੇ ਮਲੇਰਕੋਟਲੇ ਪਹੁੰਚ ਗਏ। ਜੋ ਕੁਝ ਉਥੇ ਹੋਇਆ, ਉਸ ਵਲ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ।

ਪਰ ਇਥੇ ਜਿਹੜੀ ਗੱਲ ਬਾਬਾ ਰਾਮ ਸਿੰਘ ਦੀ ਸ਼ਖ਼ਸੀਅਤ ਨੂੰ ਮਹਾਨ ਅਤੇ ਅਦੁੱਤੀ ਬਣਾਉਂਦੀ ਹੈ, ਉਹ ਹੈ ਬਾਬਾ ਜੀ ਦਾ ਭਿਆਨਕ ਤੋਂ ਭਿਆਨਕ ਸਥਿਤੀ ਵਿਚ ਭੀ ਸੱਚ ਉਤੇ ਪਹਿਰਾ ਦੇਣਾ। ਜਿਉਂ ਹੀ ਉਨ੍ਹਾਂ ਦੇ ਜੋਸ਼ੀਲੇ ਸੂਬੇ ਅਤੇ ਅਨੁਯਾਈ 'ਰੰਗ ਜ਼ਾਹਿਰ ਕਰਨ" ਲਈ ਅਥਵਾ ਬੁੱਚੜਾਂ ਦੇ ਕਤਲ ਦੇ ਦੋਸ਼ ਵਿਚ ਫ਼ਾਂਸੀ ਲਟਕਾਏ



Namdhari Elibrary NamdhariElibrary@gmail.com

ਗਏ ਆਪਣੇ ਕੂਕੇ ਸਾਥੀਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਮਲੇਰ-ਕੋਟਲੇ ਵਲ ਤੁਰੇ, ਤਾਂ ਉਸੇ ਵਕਤ ਬਾਬਾ ਰਾਮ ਸਿੰਘ ਨੇ ਆਪਣੇ ਇਕ ਸੇਵਕ ਰਾਹੀਂ ਪੰਜਾਬ ਸਰਕਾਰ ਨੂੰ ਖ਼ਬਰਦਾਰ ਕਰ ਦਿੱਤਾ ਕਿ ਉਹ ਹੋਣੀ ਨੂੰ ਟਾਲਣ ਦਾ ਜਤਨ ਕਰੇ, ਜੇਕਰ ਸਰਕਾਰ ਹੋਣੀ ਨੂੰ ਟਾਲ ਸਕਦੀ ਹੈ। ਪਰ ਵਾਪਰ ਕੇ ਰਹੀ। ਵੈਸੇ, ਸਮੁੱਚੀ ਅੰਗਰੇਜ਼ ਸਰਕਾਰ ਦਾ ਕੋਈ ਭੀ ਹਾਕਮ (ਵਿੱਚੇ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਅਤੇ ਅੰਬਾਲੇ ਦਾ ਕਮਿਸ਼ਨਰ ਮਿਸਟਰ ਫੋਰਸਾਈਥ), ਬਾਬਾ ਰਾਮ ਸਿੰਘ ਦੇ ਵਿਰੁੱਧ ਕਿਸੇ ਭੀ ਅਜਿਹੇ ਕਤਲ ਜਾਂ ਮਾਰ-ਧਾੜ ਬਾਰੇ ਉਨ੍ਹਾਂ ਵਲੋਂ ਦਿੱਤੀ ਗਈ ਉਕਸਾਹਟ ਜਾਂ ਕਿਸੇ ਤਰ੍ਹਾਂ ਦੇ ਭੀ ਸਰੋਕਾਰ ਬਾਰੇ ਕੋਈ ਸਬੂਤ ਪੇਸ਼ ਨਾ ਕਰ ਸਕਿਆ। ਬਾਬਾ ਰਾਮ ਸਿੰਘ ਨੂੰ ਰੰਗੂਨ ਵਿਚ ਜਲਾਵਤਨ ਕਰਕੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਦੀ ਆਤਮਾ 29 ਦਸੰਬਰ 1885 ਵਿਚ ਸਦਾ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੀ। (ਇਹ ਸਰਕਾਰੀ ਰਿਪੋਰਟ ਤੇ ਅਧਾਰਤ ਹੈ, ਪਰ ਅਸਲ ਵਿਚ ਜੋਤੀ ਜੋਤ ਨਹੀਂ ਸਮਾਏ।) —ਸੰਪਾਦਕ

ਇਹ ਸਜ਼ਾ ਉਨ੍ਹਾਂ ਨੂੰ ਉਸ ਲਹਿਰ ਦੇ ਮੁਖੀ ਵਜੋਂ ਦਿੱਤੀ ਗਈ ਸਿੱਧ ਹੁੰਦੀ ਹੈ, ਜਿਸ ਲਹਿਰ ਦੇ ਕੁਝ ਜੋਸ਼ੀਲੇ ਅਨੁਯਾਈਆਂ ਨੇ ਮਲੇਰਕੋਟਲੇ ਦੇ ਅਸਲ੍ਹਾਖਾਨੇ ਉਤੇ ਹਮਲਾ ਕੀਤਾ ਸੀ। ਬਾਬਾ ਰਾਮ ਸਿੰਘ ਨੇ ਖਿੜੇ ਮੱਥੇ ਹਰ ਜ਼ੁਲਮ, ਹਰ ਸਿਤਮ ਅਤੇ ਹਰ ਜ਼ਿਆਦਤੀ ਨੂੰ ਸਹਿਣ ਕੀਤਾ, ਪਰ ਉਨ੍ਹਾਂ ਕਦੇ ਭੀ ਬਦੇਸ਼ੀ ਸਰਕਾਰ ਪਾਸੋਂ ਕੋਈ ਰਿਆਇਤ ਨਹੀਂ ਸੀ ਮੰਗੀ। ਉਨ੍ਹਾਂ ਕਦੇ ਅੰਗਰੇਜ਼ ਸਰਕਾਰ ਨੂੰ ਆਪਣਾ ਸਿਰ ਨਹੀਂ ਸੀ ਝੁਕਾਇਆ। ਇਸੇ ਲਈ ਮਿਸਟਰ ਜੇ-ਡਬਲਯੂ ਮੈਕਨਬ[5] (ਕਮਿਸ਼ਨਰ, ਅੰਬਾਲਾ) ਆਪਣੀ ਰਿਪੋਰਟ (4 ਨਵੰਬਰ 1871) ਵਿਚ ਲਿਖਦਾ ਹੈ :

> "—ਰਾਮ ਸਿੰਘ ਸਾਧਾਰਨ ਫ਼ਕੀਰਾਂ ਦੀ ਹੈਸੀਅਤ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਦਰਜਨ ਅਸਵਾਰਾਂ ਨਾਲ ਮਿਲਦਾ ਹੈ ਅਤੇ ਕਈ ਵੀਹਾਂ ਆਦਮੀ ਉਸ ਦੇ ਅੱਗੇ ਪਿੱਛੇ ਹੁੰਦੇ ਹਨ। ਉਹ ਆਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਨੇ ਸੋਹਣੇ ਚਿੱਟੇ ਬਸਤਰ ਪਹਿਣੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਬਾਦਸ਼ਾਹੀ ਠਾਠ ਨਾਲ ਦਾਖ਼ਲ ਹੁੰਦਾ ਹੈ।"

ਕਿਉਂਕਿ ਮਿਸਟਰ ਕਾਵਨ (ਡਿਪਟੀ ਕਮਿਸ਼ਨਰ, ਲੁਧਿਆਣਾ) ਨੇ ਬਿਨਾ ਮੁਕਦਮਾ ਚਲਾਏ ਅਤੇ ਬਿਨਾ ਪੂਰੀ ਛਾਣ-ਬੀਣ ਕਰਨ ਦੇ ਦਰਜਨਾਂ ਕੂਕਿਆਂ ਨੂੰ ਤੋਪਾਂ ਨਾਲ ਉਡਵਾ ਕਿ ਸ਼ਹੀਦ ਕਰ ਦਿੱਤਾ ਸੀ ਅਤੇ ਇੱਥੇ ਹੀ ਬੱਸ ਨਹੀਂ, ਬਾਬਾ ਰਾਮ ਸਿੰਘ ਨੂੰ ਭੀ ਕਿਉਂਕਿ ਬਿਨਾ ਕਿਸੇ ਜੁਰਮ ਦੇ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ, ਇਸ ਲਈ ਕੂਕਿਆਂ ਦੀ ਸ਼ਹੀਦੀ ਅਤੇ ਬਾਬਾ ਰਾਮ ਸਿੰਘ ਜੀ ਦੀ ਨਜ਼ਰਬੰਦੀ ਨੇ ਸਮੁੱਚੇ ਪੰਜਾਬ ਨੂੰ ਅੰਗਰੇਜ਼ਾਂ ਵਿਰੁੱਧ ਜਗਾ ਦਿੱਤਾ। ਜੇਕਰ ਬਾਬਾ ਰਾਮ ਸਿੰਘ ਵਰਗਾ ਕੋਈ ਹੋਰ

---

5. ਹਵਾਲੇ ਲਈ ਵੇਖੋ : ਜੀਵਨੀ "ਬਾਬਾ ਰਾਮ ਸਿੰਘ"—ਲੇਖਕ ਜਸਵੰਤ ਸਿੰਘ ਜੱਸ ਪੰਨਾ 134-40



Namdhari Elibrary NamdhariElibrary@gmail.com

ਨਾਮਧਾਰੀ ਆਗੂ, ਜਾਂ ਫਿਰ ਕਿਸੇ ਹੋਰ ਸੰਪ੍ਰਦਾਇ ਜਾਂ ਧਰਮ ਦਾ ਆਗੂ ਭੀ ਉਸ ਸਮੇਂ ਅੰਗਰੇਜ਼ਾਂ ਵਿਰੁੱਧ ਵਿਦਰੋਹ ਨਾਲ ਤਪੇ ਹੋਏ ਮਨਾਂ ਵਿਚੋਂ ਇਨਕਲਾਬ ਦੀਆਂ ਲਾਟਾਂ ਕੱਢ ਸਕਦਾ ਹੈ, ਤਾਂ ਸ਼ਾਇਦ ਪੰਜਾਬ ਵਿਚੋਂ ਅੰਗਰੇਜ਼ੀ ਹਕੂਮਤ ਦਾ ਬਿਸਤਰਾ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਹੀ ਗੋਲ ਹੋ ਜਾਂਦਾ। ਪਰ ਮਾਲਕ ਦੀ ਰਜ਼ਾ ਕੁਝ ਹੋਰ ਸੀ।

ਬਾਬਾ ਰਾਮ ਸਿੰਘ ਜੀ ਨੇ 1885 ਈਸਵੀ ਵਿਚ ਚੋਲਾ ਛੱਡਿਆ ਅਤੇ ਉਸੇ ਸਾਲ ਭਾਰਤ ਵਿਚ ਆਲ ਇੰਡੀਆ ਕਾਂਗਰਸ ਦੀ ਨੀਂਹ ਰੱਖੀ ਗਈ। ਇਸ ਲੇਖ ਦਾ ਮਨੋਰਥ ਬਾਬਾ ਰਾਮ ਸਿੰਘ ਦੇ ਅਨੁਯਾਈਆਂ ਦਾ ਕਾਂਗਰਸ ਦੀ ਸੁਤੰਤਰਤਾ ਲਹਿਰ ਨਾਲ ਸਬੰਧ ਦਰਸਾਉਣਾ ਜਾਂ ਇਸਦੇ ਉਲਟ ਕਿਸੇ ਹੋਰ ਰਾਜਸੀ ਪਾਰਟੀ ਧਰਮ ਜਾਂ ਫ਼ਿਰਕੇ ਨਾਲ ਨਾਮਧਾਰੀ ਅਨੁਆਈਆਂ ਦੇ ਸਮੇਂ ਸਮੇਂ ਹੁੰਦੇ ਰਹੇ ਵਾਦ-ਵਿਵਾਦ ਦੀ ਦੀ ਚਰਚਾ ਕਰਨਾ ਨਹੀਂ, ਸਗੋਂ ਇੱਥੇ ਕੇਵਲ ਇਹ ਪਰਪੱਕ ਕਰਨਾ ਹੈ ਕਿ ਨਾਮਧਾਰੀ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਅੰਦਰੋਂ ਬਾਹਰੋਂ ਨਿਰਮਲ ਸ਼ਖਸੀਅਤ ਵਾਲੇ ਇਕ ਮਹਾਨ ਧਾਰਮਿਕ ਆਗੂ ਸਨ, ਜਿਨ੍ਹਾਂ ਦਾ ਅਹਿੰਸਾ ਵਿਚ ਪੱਕਾ ਵਿਸ਼ਵਾਸ ਸੀ, ਪਰ ਦੇਸ਼ ਦੀ ਸੁਤੰਤਰਤਾ ਲਈ ਵਿਦਰੋਹ ਕਰਨ ਵਾਲੇ ਭਾਰਤ ਵਾਸੀਆਂ (ਇਹ ਗੱਲ ਵੱਖਰੀ ਹੈ ਕਿ ਉਹਨਾਂ ਦਾ ਬਹੁਤਾ ਸਬੰਧ ਆਪਣੀ ਸੰਪ੍ਰਦਾਇ ਦੇ ਵਿਦਰੋਹੀਆਂ ਤਕ ਹੀ ਸੀਮਿਤ ਰਿਹਾ) ਲਈ ਦੇਸ਼ ਤੋਂ ਜਲਾਵਤਨੀ ਤਾਂ ਇਕ ਪਾਸੇ ਰਹੀ, ਉਹ ਆਪਣਾ ਸਭ ਕੁਝ ਦੇਸ਼ ਲਈ ਕੁਰਬਾਨ ਕਰ ਸਕਦੇ ਹਨ।

ਬਾਬਾ ਰਾਮ ਸਿੰਘ ਦੁਆਰਾ ਸੰਚਾਲਿਤ ਕੀਤੀ ਗਈ ਨਾਮਧਾਰੀ ਲਹਿਰ ਦੇ ਕੁਝ ਅਨੁਯਾਈਆਂ (ਗਿਆਤ ਜਾਂ ਅਗਿਆਤ) ਦੇ ਕੁਝ ਹੋਰ ਬਚਨਾਂ ਦਾ ਹੇਠਾਂ ਉਲੇਖ ਕੀਤਾ ਜਾਂਦਾ ਹੈ, ਤਾਂ ਜੋ ਪਾਠਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋ ਸਕੇ ਕਿ ਜਦੋਂ ਨਾ ਅਜੇ ਬਾਲ ਗੰਗਾਧਰ ਤਿਲਕ, ਨਾ ਮਹਾਤਮਾ ਗਾਂਧੀ ਅਤੇ ਨਾ ਹੀ ਲਾਲਾ ਲਾਜਪਤ ਰਾਏ ਆਦਿਕ ਸੁਤੰਤਰਤਾ ਸੰਗਰਾਮ ਆਜ਼ਾਦੀ ਦੇ ਘੋਲ ਵਿਚ ਸ਼ਾਮਿਲ ਹੋਏ ਸਨ, ਉਦੋਂ ਭੀ ਕੂਕਾ ਲਹਿਰ ਦੇ ਸਿਰਲੱਥ ਮਰਜੀਵੜੇ ਅੰਗਰੇਜ਼ ਸਰਕਾਰ ਅਥਵਾ ਬਦੇਸ਼ੀ ਹਕੂਮਤ ਵਿਰੁੱਧ ਕਿਤਨੇ ਜ਼ੋਰਦਾਰ ਇਨਕਲਾਬੀ ਭਾਵ ਉਜਾਗਰ ਕਰ ਰਹੇ ਸਨ :-

(ੳ) ਨਾਮਧਾਰੀ ਸੂਬੇ ਹੀਰਾ ਸਿੰਘ ਦਾ ਡਿਪਟੀ ਕਮਿਸ਼ਨਰ ਕਾਵਨ ਨੂੰ ਕੂਕਾ **ਵਿਦਰੋਹ ਬਾਰੇ ਸਪਸ਼ਟੀਕਰਨ** :-[6]

> "ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ। ਤੁਹਾਨੂੰ ਇਥੋਂ ਕੱਢ ਕੇ ਸਾਹ ਲਵਾਂਗੇ, ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ।"

---

6. ਹਵਾਲੇ ਲਈ ਵੇਖੋ : ਸਤਿਗੁਰੂ ਬਿਲਾਸ—ਪੰਨਾ 418



Namdhari Elibrary NamdhariElibrary@gmail.com

(ਅ) ਬਾਬਾ ਰਾਮ ਸਿੰਘ ਦੀ ਜਲਾਵਤਨੀ ਤੋਂ ਪ੍ਰੇਰਿਤ ਹਿਰਦੇ-ਵੇਦਕ ਸਤਰਾਂ :-[7]

ਖੀਨਾਂ ਤੇ ਖਾਫ਼ਾਂ ਗੁਰੂ ਜੀ ਪਾਈਆਂ ਸੰਦੂਕੇ, ਬਰਦੀ ਕੀਤੀ ਇਕ ਰੰਗ ਸਾਰੀ।
ਮਲਮਲ ਤੇ ਅਤਲਸ ਗੁਰੂ ਜੀ ਰੱਖੀਆਂ ਸੰਦੂਕੇ ਕੰਬਲੀ ਪਹਿਨ ਲਈ ਕਾਰੀ।
ਚੀਨੀ ਤੇ ਸੁਰਖ਼ੀ ਗੁਰੂ ਜੀ ਬੱਧੀਆਂ ਤਬੇਲੇ, ਗੱਡੇ ਦੀ ਕੀਤੀ ਅਸਵਾਰੀ।
ਆਪ ਤੇ ਗੁਰੂ ਜੀ ਰੇਲੇ ਚੜ੍ਹ ਗਏ, ਸੰਗਤ ਰੋਂਦੀ ਛੱਡ ਗਏ ਸਾਰੀ।

(ੲ) ਇਕ ਲੋਕ-ਗੀਤ ਦੁਆਰਾ ਅੰਗਰੇਜ਼ੀ ਰਾਜ ਵਿਰੁੱਧ ਕੀਤੀ ਗਈ ਪੇਸ਼ੀਨਗੋਈ :-

ਭੱਜੇ ਜਾਂਦੇ ਨੀ ਫ਼ਰੰਗੀ, ਹੁਣ ਕੀ ਵੇਖਣੈਂ,
ਦਿਨ ਤਾਂ ਰਹਿ ਗਏ ਥੋੜ੍ਹੇ, ਵੱਜਣ ਘੁੰਗਰੂ।

7. ਵੇਖੋ "ਸ਼ਹੀਦੀ ਜੀਵਨ"—ਪੰਨਾ 37



Namdhari Elibrary NamdhariElibrary@gmail.com

## ਸ੍ਰੀ ਲਾਲਾ ਫੀਰੋਜ਼ ਚੰਦ ਜੀ

ਭਾਵੇਂ ਇਤਿਹਾਸ ਲਿਖਾਰੀਆਂ ਨੇ ਕੁਝ ਸਾਮਰਾਜੀ ਕਾਰਨਾਂ ਕਰਕੇ ਕੂਕਿਆਂ ਨੂੰ ਅੱਖੋਂ ਪਰੋਖੇ ਕਰਨ ਦਾ ਰਸਤਾ ਅਪਣਾਇਆ ਪਰ ਸਾਮਰਾਜੀ ਹੁਕਮਰਾਨਾਂ ਨੇ ਕੂਕਾ ਲਹਿਰ ਦੇ ਖਤਰਿਆਂ ਦੀ ਅਹਿਮੀਅਤ ਨੂੰ ਘਟਾਉਣ ਦਾ ਯਤਨ ਨਹੀਂ ਕੀਤਾ। ਇਨ੍ਹਾਂ ਨੇ ਕੂਕਿਆਂ ਨੂੰ ਕਦੇ ਵੀ ਅਮਨ ਚੈਨ ਨਾਲ ਨਹੀਂ ਬਹਿਣ ਦਿਤਾ। 1872 ਦੀ ਕੂਕਾ ਬਗਾਵਤ ਤੋਂ ਕੂਕੇ ਅੰਗਰੇਜ਼ ਹੁਕਮਰਾਨਾਂ ਦੀਆਂ ਨਜ਼ਰਾਂ ਵਿਚ ਮਸ਼ਕੂਕ ਸਨ ਤੇ ਇਨ੍ਹਾਂ ਉਤੇ ਸਖਤੀਆਂ ਕੀਤੀਆਂ ਜਾਂਦੀਆਂ ਸਨ। 19ਵੀਂ ਸਦੀ ਦੇ ਸਤਵੇਂ ਦਹਾਕੇ ਦੇ ਦੌਰਾਨ ਮਹਿਕਮਾ ਸੀ. ਆਈ. ਡੀ. (ਖੁਫੀਆ ਪੁਲੀਸ) ਦੀਆਂ ਰਿਪੋਰਟਾਂ ਵਿਚ ਕੂਕਿਆਂ ਦੀਆਂ ਸਰਗਰਮੀਆਂ ਦਾ ਕਾਫੀ ਵਰਣਨ ਮਿਲਦਾ ਹੈ। ਇਹ ਤਾਂ ਬਿਲਕੁਲ ਆਮ ਗੱਲ ਸੀ ਕਿ ਕੂਕਿਆਂ ਦੇ ਦੀਵਾਨਾਂ ਤੇ ਇਨ੍ਹਾਂ ਦੇ ਇਕੱਠੇ ਹੋਣ ਉਤੇ ਕਰੜੀਆਂ ਪਾਬੰਦੀਆਂ ਲਾ ਦਿਤੀਆਂ ਗਈਆਂ ਸਨ। ਕਈ ਸਾਲਾਂ ਤਕ ਇਨ੍ਹਾਂ ਦੇ ਮਹਾਨ ਨੇਤਾ ਸ੍ਰੀ ਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਚ ਨੀਮ ਨਜ਼ਰ ਬੰਦ ਜਿਹੇ ਰਹੇ। ਆਪ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ।

ਜਨਵਰੀ 1872 ਵਿਚ ਮਲੇਰ ਕੋਟਲੇ ਦੇ ਖੂਨੀ ਸਾਕੇ ਦੇ ਮਗਰੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਤੇ ਆਪ ਦੇ ਉੱਘੇ ਸੂਬਿਆਂ ਨੂੰ ਰੰਗੂਲੇਸ਼ਨ ਤਿੰਨ ਅਧੀਨ ਗ੍ਰਿਫਤਾਰ ਕਰ ਲਿਆ ਗਿਆ ਤੇ ਇਨ੍ਹਾਂ ਨੂੰ ਜਲਾਵਤਨ ਕਰਕੇ ਬਰਮਾ ਭੇਜ ਦਿਤਾ ਗਿਆ।

ਨਾਮਧਾਰੀ ਪੰਥ ਵਿਚ ਸ਼ਾਮਲ ਸਾਰੇ ਲੋਕਾਂ ਦੀ ਨਿਗਰਾਨੀ ਸ਼ੁਰੂ ਹੋ ਗਈ ਤੇ ਇਨ੍ਹਾਂ ਦੇ ਤੀਰਥ ਭੈਣੀ ਸਾਹਿਬ ਉਤੇ ਪੋਲੀਸ ਨੂੰ ਇਸ ਕਿਸਮ ਦੀਆਂ ਕਰੜੀਆਂ ਪਾਬੰਦੀਆਂ ਲਾ ਦਿਤੀਆਂ, ਜਿਸਦੀ ਅੰਗਰੇਜ਼ ਦੇ ਭਾਰਤ ਵਾਸੀਆਂ ਉਤੇ ਕੀਤੇ ਅਤਿਆਚਾਰਾਂ ਦੇ ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। 1872 ਵਿਚ ਕੂਕਿਆਂ ਉਤੇ ਨਵੀਆਂ ਪਾਬੰਦੀਆਂ ਲਾਈਆਂ ਗਈਆਂ। ਉਹ ਲਗਾਤਾਰ ਪੰਜ ਦਹਾਕਿਆਂ ਤਕ ਜਾਰੀ ਰਹੀਆਂ। ਅੱਧੀ ਸਦੀ ਤਕ ਕੂਕੇ ਇਕ ਪੂਰੇ ਫਿਰਕੇ ਜਾਂ ਸੰਪਰਦਾਏ ਦੇ ਤੌਰ ਤੇ ਅੰਗਰੇਜ਼ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਅਧੀਨ ਰਹੇ। ਇਸ ਦਾ ਕਾਰਨ ਇਹ ਸੀ ਕਿ ਹਰ ਕੂਕਾ ਅੰਗਰੇਜ਼ ਦਾ ਜਮਾਂਦਰੂ ਦੁਸ਼ਮਣ ਸੀ। ਉਨ੍ਹਾਂ ਦੇ ਖਿਆਲ ਵਿਚ ਹਰ ਨਾਮਧਾਰੀ ਦੇ ਦਿਲ ਵਿਚ ਅੰਗਰੇਜ਼ ਦੀ ਦੁਸ਼ਮਣੀ ਦਾ ਜਜ਼ਬਾ ਸੀ। ਮੈਨੂੰ ਕੂਕਿਆਂ ਤੋਂ ਬਿਨਾਂ ਕਿਸੇ ਧਾਰਮਿਕ ਸੰਪਰਦਾਏ ਜਾਂ ਫਿਰਕੇ ਜਾਂ



Namdhari Elibrary NamdhariElibrary@gmail.com

ਐਸੀ ਕਿਸੇ ਸਿਆਸੀ ਸੰਸਥਾ ਜਾਂ ਜਥੇਬੰਦੀ ਦਾ ਇਲਮ ਨਹੀਂ, ਜਿਸ ਨੇ ਇੰਨੇ ਲੰਮੇਰੇ ਅਰਸੇ ਤਕ ਇੰਨੀਆਂ ਸਖਤੀਆਂ ਸਹਾਰੀਆਂ ਹੋਣ। ਭਾਵੇਂ ਇਨ੍ਹਾਂ ਕੂਕਿਆਂ ਉਤੇ ਅੰਗਰੇਜ਼ਾਂ ਦਾ ਏਨਾ ਕਹਿਰ ਨਾਜ਼ਲ ਹੋਇਆ, ਕੂਕੇ ਕੇਵਲ ਇਕ ਨਿਰੋਲ ਤੌਰ ਤੇ ਧਾਰਮਿਕ ਫਿਰਕਾ ਹੀ ਨਹੀਂ ਸਗੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਤੇ ਰਾਸ਼ਟਰੀ-ਅਤਾ ਦੇ ਪੱਖੋਂ ਇਨ੍ਹਾਂ ਕੂਕਿਆਂ ਦੀ ਭਾਰੀ ਸਿਆਸੀ ਅਹਿਮੀਅਤ ਜ਼ਾਂ ਰਾਜਨੀਤਕ ਮਹੱਤਤਾ ਸੀ।

1860 ਤੋਂ ਬਾਅਦ ਵਾਲੇ ਦਹਾਕੇ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੇ ਕਾਰਨਾਮੇ ਕੀਤੇ, ਆਪ ਨੇ ਨਾ-ਮਿਲਵਰਤਨ ਲਹਿਰ ਦੇ ਪ੍ਰੋਗਰਾਮ ਦੀ ਜਿਹੜੀ ਵਿਚਾਰ ਧਾਰਾ ਦਿਤੀ ਤੇ ਦੇਸ ਨਾਨਕੋਆਪਰੇਸ਼ਨ ਲਹਿਰ ਦੇ ਪ੍ਰੋਗਰਾਮ ਨੂੰ ਜਿਹੜੀ ਰੂਪ ਰੇਖਾ ਦਿਤੀ ਤੇ ਅੰਗਰੇਜ਼ਾਂ ਵਿਰੁਧ ਨਾਮਧਾਰੀਆਂ ਨੇ ਜਿਹੜਾ ਸੰਘਰਸ਼ ਜਾਰੀ ਕੀਤਾ ਸੀ ਉਸ ਵਿਚ ਇਹਨਾਂ ਨੇ ਜਿਹੜੀਆਂ ਕੁਰਬਾਨੀਆਂ ਦਿਤੀਆਂ, ਉਹ ਦੇਸ਼ ਦੀ ਸੁਤੰਤਰਤਾ ਮਹਾਨ ਯੱਗ ਵਿਚ ਪੰਜਾਬ ਵਲੋਂ ਜਿਹੜੀ ਅਹੂਤੀ ਪਾਈ ਉਸ ਵਿਚ ਨਾਮਧਾਰੀਆਂ ਦਾ ਇਕ ਮਹੱਤਵ ਪੂਰਨ ਹਿੱਸਾ ਹੈ। ਨਾਮਧਾਰੀ ਹੋਮ ਯਗ ਵੀ ਕਰਦੇ ਹਨ। ਇਹ ਲੋਕ ਆਪਣੇ ਧਰਮ ਗਰੰਥਾਂ (ਸ੍ਰੀ ਗਰੰਥ ਸਾਹਿਬ ਤੇ ਦਸਮ ਗਰੰਥ) ਵਿਚੋਂ ਗੁਰਬਾਣੀ ਪੜ੍ਹ ਕੇ ਹਵਨ ਯਗ ਵੀ ਕਰਦੇ ਹਨ।



Namdhari Elibrary NamdhariElibrary@gmail.com

## ਡਾ: ਸ਼ੇਰ ਸਿੰਘ

ਐਮ. ਏ. ਪੀ. ਐਚ. ਡੀ.

'ਇਲਾਸਪੁਰ ਫਿਰੋਜ਼ਪੁਰ ਜ਼ਿਲ੍ਹੇ ਦਾ ਇਕ ਨਰੋਲ ਸਿੱਖਾਂ ਦੀ ਵਸੋਂ ਵਾਲਾ ਪਿੰਡ ਹੈ। ਇਸ ਇਲਾਕੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੂਹ ਨਾਲ ਪਵਿੱਤਰ ਵੀ ਹੋ ਚੁਕਾ ਹੈ। ਪਤਾ ਨਹੀਂ ਕਿਨ੍ਹਾਂ ਹੋ ਕਾਰਨਾਂ ਕਰਕੇ ਸ੍ਰੀ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਪਿਛੋਂ ਸਿਖੀ ਵਲੋਂ ਇਹ ਇਲਾਕਾ ਸੌਂ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਵੀ ਉਥੋਂ ਤੀਕ ਨਹੀਂ ਸੀ ਕਾਇਮ ਰਿਹਾ। ਬਾਬਾ ਵਡਭਾਗ ਸਿੰਘ ਤੇ ਹੋਰ ਛੋਟੀ ਡੇਰਿਆਂ ਦੇ ਪ੍ਰਚਾਰ ਤੋਂ ਵੀ ਇਹ ਦੁਰਾਡੇ ਹੀ ਸੀ। ਕਹਿੰਦੇ ਹਨ ਕਿ ਸਮਾਂ ਪਾ ਕੇ ਰੂੜੀ ਦੀ ਵੀ ਸੁਣੀ ਜਾਂਦੀ ਹੈ। ਹਿੰਦੂ ਅਸਰ ਹੇਠ ਆ ਕੇ ਜਦ ਲੋਕੀਂ ਸਿੱਖ ਅਖਵਾਣ ਦੀ ਥਾਂ ਆਪਣੇ ਆਪ ਨੂੰ ਜੱਟ ਹੀ ਸਦਦੇ ਸਨ, ਆਨੰਦ ਕਾਰਜ ਤਾਂ ਸੁਪਨੇ ਵਿਚ ਵੀ ਯਾਦ ਨਹੀਂ ਸੀ ਆਉਂਦਾ। ਭਜਨ ਬਾਣੀ ਵਲੋਂ ਤਾਂ ਬਿਲਕੁਲ ਅਵੇਸਲੇ ਹੋ ਗਏ ਸਨ। ਅਜਿਹੀ ਹਾਲਤ ਵਿਚ ਕਲਗੀਆਂ ਵਾਲੇ ਨੇ ਇਹਨਾਂ ਲੋਕਾਂ ਦੀ ਸਾਰ ਆਪਣੇ ਇਕ ਉਚੇ ਸਿੱਖ ਪਰਮ ਮਹਾਂਪੁਰਖ, ਮਹਾਰਾਜ ਬਾਬਾ ਰਾਮ ਸਿੰਘ ਜੀ ਦੀ ਰਾਹੀਂ ਲਈ। ਉਕਤ ਪਿੰਡ ਵਿਚ ਵੀ ਇਹਨਾਂ ਚਰਨ ਪਾਏ। ਮੇਰੇ ਪੜਦਾਦਾ ਜੀ ਉਹਨਾਂ ਵਡਭਾਗਿਆਂ ਵਿਚੋਂ ਸਨ ਜਿਨ੍ਹਾਂ ਇਸ ਪਿੰਡ ਵਿਚੋਂ ਬਾਬਾ ਰਾਮ ਸਿੰਘ ਜੀ ਦੇ ਜਥੇ ਵਿਚੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜ ਕੇ ਜਹਾਜੇ ਚੜ੍ਹੇ। ਉਹਨਾਂ ਦੇ ਪੁੱਤਰ ਪੋਤਰਿਆਂ ਉਤੇ ਵੀ ਮਿਹਰ ਹੋਈ। ਉਧਰੋਂ ਮੇਰੇ ਮਾਤਾ ਪਿਤਾ ਦੇ ਭਰਾਵਾਂ ਨੇ ਇਹਨਾਂ ਹੀ ਮਹਾਂਪੁਰਖਾਂ ਤੋਂ ਅੰਮ੍ਰਿਤਪਾਨ ਕੀਤਾ ਸੀ।"

## ਸ੍ਰ: ਗੁਰਚਰਨ ਸਿੰਘ
ਮਹਰਿੰਦਪੁਰੀ

ਪੰਜਾਂ ਦਰਿਆਵਾਂ ਦੀ ਸੁਭਾਗ ਧਰਤੀ ਸੂਰਬੀਰਾਂ, ਅਵਤਾਰਾਂ ਅਤੇ ਪ੍ਰੇਮੀਆਂ ਦੀ ਧਰਤੀ ਹੈ। ਇਸ ਦਾ ਤਾਜ ਹਿਮਾਲਾ, ਇਸਦੇ ਵਗਦੇ ਦਰਿਆ ਅਤੇ ਨਦੀਆਂ, ਇਸ ਦੀਆਂ ਖੁਲ੍ਹੀਆਂ ਚਰਾਂਦਾਂ, ਜਿਸਦੇ ਵਸਨੀਕਾਂ ਦੇ ਬਲਵਾਨੀ ਸਰਰ ਹਸਮੁੱਖ ਚੇਹਰੇ ਤੇ ਵਿਸ਼ਾਲ ਜਿਗਰੇ ਇਸ ਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੇ ਹਨ। ਇਸ ਧਰਤੀ ਨੂੰ ਮਾਣ ਹੈ ਕਿ ਇਹ ਮਹਾਰਾਜ ਰਾਮ ਸਿੰਘ ਜੀ ਵਰਗੇ ਅਣਮੋਲ ਹੀਰੇ ਦੀ ਜਨਮ ਭੂਮੀ ਹੈ।

ਮਹਾਰਾਜ ਜੀ ਦਾ ਜਨਮ ਸੁਤੰਤ੍ਰ ਪੰਜਾਬ ਵਿਚ ਹੋਇਆ ਸੀ। ਉਹਨਾਂ ਨੇ ਆਪਣੀ ਹੋਸ਼ ਵਿਚ ਸੁਤੰਤ੍ਰ ਦੇਸ ਦੀ ਹਵਾ ਮਾਣੀ ਸੀ ਅਤੇ ਉਹਨਾਂ ਨੇ ਆਪਣੀਆਂ ਅੱਖਾਂ ਨਾਲ ਸਿਖ ਰਾਜ ਦਾ ਔਜ ਵੇਖਿਆ ਸੀ। ਉਹਨਾਂ ਦੇ ਸਾਮ੍ਹਣੇ ਹੀ ਇਹ ਰਾਜ ਮਲੀਆਮੇਟ ਹੋਇਆ ਅਤੇ ਸੋਹਣੇ ਪੰਜਾਬ ਕੀ ਗਲ ਮਨਹੂਸ ਗੁਲਾਮੀ ਦਾ ਤੌਕ ਮੜ੍ਹਿਆ ਗਿਆ। ਇਹ ਗਲ ਵੇਖ ਕੇ ਉਨ੍ਹਾਂ ਦੀ ਖੁਦਦਾਰ ਤਬੀਅਤ ਨੂੰ ਸਟ ਵਜੀ, ਦਿਲ ਟੁਕੜੇ-2 ਹੋ ਗਿਆ।

ਸੰਨ 1857 ਦੀ ਅਜ਼ਾਦੀ ਦੀ ਜੰਗ ਨੇ ਉਨ੍ਹਾਂ ਨੂੰ ਹੋਰ ਵੀ ਪੀੜਤ ਕਰ ਦਿਤਾ ਜਿਥੇ ਸਾਰਾ ਹਿੰਦੁਸਤਾਨ ਦੀ ਅਜ਼ਾਦੀ ਲਈ ਭੜਕ ਉਠਿਆ, ਉਥੇ ਸਿੱਖਾਂ ਨੇ ਵਤਨ ਨਾਲ ਗ਼ਦਾਰੀ ਕੀਤੀ ਅਤੇ ਗੋਰਿਆਂ ਨਾਲ ਮਿਲ ਗਏ! ਆਪਣੇ ਭਰਾਵਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਅਤੇ ਪੰਜਾਬ ਦੇ ਸੁਨਹਿਰੀ ਨਾਂ ਉਤੇ ਕਲੰਕ ਦਾ ਟਿਕਾ ਲਾ ਦਿਤਾ। ਭਾਰਤ ਰੋਂਦਾ ਏ। ਅਜ ਸਿੱਖਾਂ ਦੀ ਕਾਲੀ ਕਰਤੂਤ ਤੇ ਭਾਰਤ ਨੇ ਆਜ਼ਾਦ ਹੋ ਜਾਣਾ ਸੀ—ਮਹਾਰਾਜ ਨੇ ਖੂੰਨ ਦੇ ਅਥਰੂ ਰੋਏ। ਉਹ ਰੋਏ ਸਿੱਖਾਂ ਦੀ ਏਨੀ ਨਿਗਰੀ ਹੋਈ ਅਵਸਥਾ ਨੂੰ ਤਕ ਕੇ। ਉਨ੍ਹਾਂ ਦਾ ਜੋਸ਼ ਜਾਗਿਆ, ਖੂਨ ਖੌਲਿਆ ਅਤੇ ਡੌਲੇ ਫਰਕੇ। ਪਰ ਉਨ੍ਹਾਂ ਦੀ ਦੂਰਬੀਨ ਨਿਗਾਹ ਨੇ ਵੇਖ ਲਿਆ ਕਿ ਨਿਰਾ ਜੋਸ਼ ਕਾਮਯਾਬ ਨਹੀਂ ਹੋ ਸਕਦਾ। ਉਨ੍ਹਾਂ ਅਨੁਭਵ ਕੀਤਾ ਕਿ ਪਹਿਲਾਂ ਦਿਲਾਂ ਦੇ ਸੁਧਾਰ ਦੀ ਲੋੜ ਹੈ, ਪਹਿਲਾਂ ਜਹਿਨੀਅਤ ਬਦਲਣ ਦੀ ਲੋੜ ਹੈ ਅਤੇ ਸਮੁੱਚੀ ਹਾਲਤ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਮੁਲਕ ਦੇ ਰਾਜ ਰੋਗ ਨੂੰ ਲਭ ਲਿਆ ਸੀ। ਉਨ੍ਹਾਂ ਵੇਖਿਆ ਕਿ ਮੁਲਕ ਦਾ ਵਡਾ ਭਾਗ ਕੰਗਾਲੀ ਨਾਲ ਨਪੀੜਿਆ ਪਿਆ ਹੈ। ਸਾਰਾ ਸਾਰਾ ਦਿਨ ਤੇ ਰਾਤ ਕੜਕਦੀਆਂ ਧੁੱਪਾਂ ਤੇ ਬਰਫ ਦੀਆਂ ਠੰਡਾਂ ਵਿਚ ਕੰਮ ਕਰਨ ਵਾਲੇ



Namdhari Elibrary NamdhariElibrary@gmail.com

ਮਜ਼ਦੂਰ ਕਿਸਾਨ ਤਾਂ ਢਿਡੋਂ ਭੁਖੇ ਪਰ ਤੰਨੋ ਨੰਗੇ ਹਨ। ਕੰਗਾਲੀ ਨੇ ਉਹਨਾਂ ਦਾ ਕਚੂਮਰ ਕਢਿਆ ਹੋਇਆ ਏ, ਪਰ ਵੇਹਲੜ ਤੇ ਕੰਮ ਚੋਰ ਗਰੀਬਾਂ ਦੀ ਖ਼ੂਨ ਪਸੀਨਾ ਇਕ ਕਰਕੇ ਕੀਤੀ ਹੋਈ ਕਮਾਈ ਨੂੰ ਐਸ਼ ਇਸ਼ਰਤਾ ਵਿਚ ਉਡਾ ਰਹੇ ਹਨ। ਮੁਲਕ ਦੀਆਂ ਜੋਕਾਂ ਨੇ ਮੁਲਕ ਦੇ ਅਸਲੀ ਵਾਰਸਾਂ ਦਾ ਖ਼ੂਨ ਪੀ ਪੀ ਕੇ ਉਨ੍ਹਾਂ ਨੂੰ ਇਕ ਪਿੰਜਰ ਬਣਾ ਛਡਿਆ ਏ।

ਭੁੱਖੇ ਰੋਟੀ ਦੀ ਸਾਰ ਜਾਣਦੇ ਹਨ ਅਤੇ ਨੰਗੇ ਕਪੜੇ ਦੀ। ਮਖਮਲਾਂ ਅਤੇ ਅਤਲਸਾਂ ਵਿਚ ਲਪੇਟੀਆਂ ਪਲੀਆਂ ਕੋਤਲਾਂ ਬੇ-ਫ਼ਿਕਰ ਹੁੰਦੀਆਂ ਹਨ। ਮਹਾਰਾਜ ਜੀ ਇਹ ਜਾਣ ਗਏ ਸਨ। ਉਨ੍ਹਾਂ ਗਰੀਬ ਮਜ਼ਦੂਰ ਅਤੇ ਕਿਸਾਨਾਂ ਨੂੰ ਇਕ ਜਥੇਬੰਦੀ ਵਿਚ ਪਰੋਣਾ ਚਾਹਿਆ। ਖੁਲ੍ਹਮ ਖੁੱਲ੍ਹਾ ਕੰਮ ਕਰਨਾ ਮੁਸ਼ਕਲ ਸੀ ਇਸ ਲਈ ਉਨ੍ਹਾਂ ਧਾਰਮਿਕ ਸੰਸਥਾ ਹੇਠਾਂ ਲੋਕਾਂ ਨੂੰ ਜਥੇਬੰਦ ਕੀਤਾ। ਮਹਾਰਾਜ ਜੀ ਦੀ ਨਿਸ਼ਕਾਮ ਆਤਮਾ, ਅਸਰ ਭਰਪੂਰ ਉਪਦੇਸ਼ਾਂ ਅਤੇ ਜਲਾਲੀ ਸ਼ਖ਼ਸੀਅਤ ਨੇ ਬਹੁਤ ਲੋਕਾਂ ਨੂੰ ਖਿਚ ਲਿਆ। ਆਪ ਜੀ ਦੇ ਉਪਦੇਸ਼ ਮੁਲਕੀ ਰੰਗਣ ਵਿਚ ਰੰਗੇ ਹੋਏ ਹੁੰਦੇ ਸਨ। ਹਕੂਮਤ ਇਹ ਨਾ ਸਹਾਰ ਸਕੀ। ਆਪ ਉਤੇ ਪਾਬੰਦੀਆਂ ਲਾਈਆਂ ਗਈਆਂ।

ਆਪ ਦਾ ਜੀਵਨ-ਮਨੋਰਥ ਸਪਸ਼ਟ ਹੈ। ਦੇਸ਼ ਨੂੰ ਰਾਜਸੀ ਤੋਰ ਤੇ ਸੁਤੰਤ੍ਰ ਕਰਾਉਣਾ, ਅਮੀਰ ਗਰੀਬ ਦਾ ਭੇਦ ਮਿਟਾ ਕੇ ਇਕ ਪਲੇਟ ਫਾਰਮ ਤੇ ਲਿਆਉਣਾ ਅਰਥਾਤ ਵੇਹਲੜਾਂ ਦੀ ਨਿੱਕਮਤਾ ਅਤੇ ਕਿਰਤੀਆਂ ਦੇ ਕੰਮ ਦੀ ਬਹੁਲਤਾ ਨੂੰ ਦੂਰ ਕਰਕੇ ਸਮਾਨਤ ਪੈਦਾ ਕਰਨਾ। ਆਪ ਇਕ ਵਿਸ਼ਾਲ ਭਾਰਤ ਦਾ ਸੁਫਨਾ ਲੈ ਰਹੇ ਸਨ। ਆਪ ਇਸ ਬਝੇ ਹੋਏ ਸੰਸਾਰ ਨੂੰ ਖੁਲ੍ਹਿਆਂ ਕਰਨ ਦੇ ਜਤਨ ਵਿਚ ਸਨ। ਆਪ ਤਸ਼ਦਦ ਦੇ ਹੱਕ ਵਿਚ ਬਿਲਕੁਲ ਨਹੀਂ ਸਨ। ਮਾਸ ਖਾਣ ਦੀ ਆਪ ਵਲੋਂ ਉੱਕੀ ਮਨਾਹੀ ਸੀ। ਆਪ ਦੇ ਦਿਲ ਦੀ ਕੋਮਲਤਾ ਨੇ ਜੀਵਨ ਰਹੱਸਯ ਨੂੰ ਛੂਹ ਲਿਆ ਸੀ। ਆਪ ਸਮਝਦੇ ਸਨ ਕਿ ਜਿੰਨਾ ਚਿਰ ਛੋਟੇ ਤੋ ਛੋਟੇ ਜੀਵ ਦੀ ਦਿਲ-ਆਜ਼ਾਰੀ ਜਾਇਜ਼ ਸਮਝੀ ਜਾਂਦੀ ਹੈ ਉਤਨਾ ਚਿਰ ਜ਼ੁਲਮ, ਜਬਰ, ਧਕੇ ਸ਼ਾਹੀ ਅਤੇ ਖੂਨੀ ਲੜਾਈਆਂ ਦਾ ਅੰਤ ਨਹੀਂ ਹੁੰਦਾ ਕਿਉਂਕਿ ਇਹ ਖੁਦ ਗਰਜ਼ੀ ਅਤੇ ਕਠੋਰਤਾ ਦੀਆਂ ਸੂਚਕਾਂ ਸਨ। ਆਪ ਨੇ ਕੁਛ ਵੇਖ ਲਿਆ ਸੀ। ਏਸ ਕੁਛ ਨਾਲ ਦੁਨੀਆਂ ਦੇ ਸਥਿਲ ਜੀਵਨ ਨੂੰ ਧੜਕਾਉਣਾ ਚਾਹੁੰਦੇ ਸਨ। ਉਹਨਾਂ ਦੇ ਸਾਹਮਣੇ ਮਨੁੱਖ ਦੀ ਪੂਰਨਤਾ ਸੀ।

ਪਰ ਉਸ ਵੇਲੇ ਆਪ ਨੂੰ ਸਮਝਣ ਵਾਲੇ ਵਿਰਲੇ ਸਨ। ਜਿਨ੍ਹਾਂ ਆਪ ਨੂੰ ਸਮਝ ਲਿਆ। ਉਹਨਾਂ ਆਪਣੇ ਜੀਵਨ ਬਲੀਦਾਨ ਕਰ ਦਿਤੇ। ਆਪ ਦੇ ਪੂਰਨਿਆਂ ਤੇ ਚਲਣ ਵਾਲੇ ਅਜ ਕਿਤਨੇ ਹਨ ? ਆਪ ਦਾ ਮਿਸ਼ਨ ਕਿਸ ਨੇ ਸਮਝਿਆ ਹੈ ? ਕੀ ਕੋਈ ਹੈ ?



Namdhari Elibrary NamdhariElibrary@gmail.com

## ਸ੍ਰੀ ਮੋਹਨ ਸਿੰਘ ਮਤਵਾਲਾ

ਐਡੀਟਰ 'ਕੌਮੀ ਸੰਦੇਸ਼'

ਤਾਜ਼ਾ ਖਾਹੀ ਦਾਸਤਾਨ ਗਰ
ਦਾਗਹਾਏ ਸੀਨਾ ਰਾ।
ਗਾਹੇ ਗਾਹੇ ਯਾਜ਼ ਕੁਨ,
ਈਂ ਕਿਸਾਏ ਪਾਰੀਨਾ ਰਾ।

ਜੇਕਰ ਤੂੰ ਆਪਣੇ ਸੀਨੇ ਦੇ ਦਾਗਾਂ ਨੂੰ ਨਵੇਂ ਨਰੋਏ ਰਖਣਾ ਚਾਹੁੰਦਾ ਹੈਂ, ਤਾਂ ਸਮੇਂ ਸਮੇਂ ਇਨ੍ਹਾਂ ਪੁਰਾਣਿਆਂ ਕਿਸਿਆਂ ਨੂੰ ਪੜ੍ਹਦਾ ਰਿਹਾ ਕਰ। ਕਿਸੇ ਕੌਮ ਜਾਂ ਸ਼ਰੇਣੀ ਦੇ ਇਤਿਹਾਸ ਨੂੰ ਬਾਰ ਬਾਰ ਪੜ੍ਹਨ ਸੁਣਨ ਨਾਲ ਧਰਮ ਭਾਵਨਾ ਦ੍ਰਿੜ੍ਹ ਹੋ ਜਾਂਦੀ ਹੈ ਤੇ ਜੇ ਕਿਸੇ ਸਮੇਂ ਇਨਸਾਨ ਵਿਚ ਢਿੱਲੜਪੁਨਾ ਆ ਵੀ ਜਾਵੇ ਤਾਂ ਯੋਧਿਆਂ, ਦਾਨੀਆਂ ਤੇ ਪਰਉਪਕਾਰੀਆਂ ਅਤੇ ਦੇਸ਼ ਭਗਤਾਂ ਦੇ ਕਾਰਨਾਮੇ ਅੱਖਾਂ ਸਾਹਮਣੇ ਲਿਆਉਣ ਨਾਲ ਉਹ ਨਿਰਬਲਤਾ ਦੂਰ ਹੋ ਜਾਂਦੀ ਹੈ ਤੇ ਇਨਸਾਨ ਫੇਰ ਚੜ੍ਹਦੀਆਂ ਕਲਾ ਵਿਚ ਹੋ ਜਾਂਦਾ ਹੈ। ਨਾਮਧਾਰੀ ਲਹਿਰ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਜੋ ਮਹਾਨ ਕਾਰਨਾਮੇ ਕੀਤੇ ਹਨ, ਉਨ੍ਹਾਂ ਦਾ ਇਤਿਹਾਸ ਵਿਚ ਬੜਾ ਵਿਲੱਖਣ ਹੈ। 1857 ਦੀ ਜੰਗ ਆਜ਼ਾਦੀ ਦਾ ਮੁੱਢ ਮੇਰਠ ਤੋਂ ਬੱਝਾ ਸੀ, ਜਿਥੇ ਕਿ ਸਭ ਤੋਂ ਪਹਿਲਾਂ ਅੰਗਰੇਜ਼ਾਂ ਵਿਰੁਧ ਗੋਲੀ ਚਲਾਈ ਗਈ। ਇਸ ਘਟਨਾ ਤੋਂ ਠੀਕ ਇਕ ਮਹੀਨਾ ਪਹਿਲਾਂ ਨਾਮਧਾਰੀ ਪੰਥ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਸੋਸ਼ਲ ਤੇ ਰਾਜ-ਪੱਥ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਏ ਪੂਰਣਿਆਂ ਉਤੇ ਚੱਲ ਕੇ 14 ਅਪ੍ਰੈਲ 1857 ਨੂੰ ਕਾਇਮ ਕੀਤਾ ਸੀ। ਇਹ ਪੰਥ ਠੀਕ ਉਨ੍ਹਾਂ ਹੀ ਰਵਾਇਤਾਂ ਉਤੇ ਕਾਇਮ ਕੀਤਾ ਗਿਆ ਸੀ, ਜੋ ਕਲਗੀਆਂ ਵਾਲੇ ਪਾਤਸ਼ਾਹ ਨੇ ਕਾਇਮ ਕਰ ਵਿਖਾਈਆਂ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਸਾਜਣ ਤੋਂ ਪਹਿਲਾਂ ਪੰਜਾਬ ਦੇ ਸਿੱਖ ਗੁਰੂ ਗੋਬਿੰਦ ਜੀ ਮਹਾਰਾਜ ਦੀ ਮਰਿਯਾਦਾ ਨੂੰ ਭੁਲ ਚੁਕੇ ਸਨ, ਉਹ ਸੰਸਾਰਕ ਸੁਖਾਂ ਵਿਚ ਪੈ ਕੇ ਧਰਮ ਕਰਮ ਨੂੰ ਛਿੱਕੇ ਉਤੇ ਟੰਗ ਬੈਠੇ ਸਨ। ਉਸ ਸਮੇਂ ਦੇ ਬਾਹਲੇ ਸਿਖ ਦੁਰਾਚਾਰੀ ਸਨ ਤੇ ਸਿੰਘਤਵ ਤੋਂ ਕੋਹਾਂ ਦੂਰ ਸਨ, ਉਨ੍ਹਾਂ ਵਿਚ ਨਿੱਜੀ ਸਵਾਰਥ ਤੇ ਰਾਜ ਭਾਗ ਮਾਨਣੀ ਲਾਲਸਾ ਬਹੁਤ ਵਧ ਚੁਕੀ ਸੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਭਾਵੇਂ ਇਹ ਖਰਾਬੀਆਂ ਬਾਹਲਾ



Namdhari Elibrary NamdhariElibrary@gmail.com

ਸਿਰ ਨਾ ਚੁਕ ਸਕੀਆਂ, ਪਰ ਉਹਨਾਂ ਦੇ ਅੱਖਾਂ ਮੀਟਣ ਤੋਂ ਮਗਰੋਂ ਤਾਂ ਇਹਨਾਂ ਸਾਰੀਆਂ ਖਰਾਬੀਆਂ ਨੇ ਰਲ ਕੇ ਧਾਵਾ ਕਰ ਦਿੱਤਾ ਤੇ ਸਿੱਖ ਰਾਜ ਦਾ ਆਖਰੀ ਮਹਾਰਾਜਾ ਦਲੀਪ ਸਿੰਘ ਆਪਣੇ ਹੀ ਦੇਸ਼ ਵਾਸੀਆਂ ਦੀਆਂ ਸਾਜਸ਼ਾਂ ਦਾ ਸ਼ਿਕਾਰ ਹੋ ਕੇ ਹਮੇਸ਼ਾ ਲਈ ਅੰਗਰੇਜ਼ਾਂ ਦੇ ਵਸ ਪੈ ਗਿਆ।

ਸਤਿਗੁਰੂ ਰਾਮ ਸਿੰਘ ਬੜੇ ਉੱਚੇ ਅਨੁਭਵੀ ਤੇ ਕੋਮਲ ਹਿਰਦੇ ਦੇ ਮਾਲਕ ਸਨ। ਉਨ੍ਹਾਂ ਨੇ ਸਿੱਖ ਪੰਥ ਦੀ ਜਦ ਇਹ ਦੁਰਦਸ਼ਾ ਦੇਖੀ ਤਾਂ ਉਨ੍ਹਾਂ ਕੋਲੋਂ ਰਿਹਾ ਨਾ ਗਿਆ। ਉਹਨਾਂ ਨੇ ਸਿੰਘਾਂ ਵਿਚ ਮੁੜ ਸਿੱਖੀ ਸਪਿਰਟ ਪੈਦਾ ਕਰਨ ਲਈ ਹਮਲਾ ਮਾਰਿਆ ਅਤੇ ਆਪਣੇ ਸੇਵਕਾਂ ਨੂੰ ਅੰਮ੍ਰਿਤ ਛਕਾ ਕੇ ਨਾਮਧਾਰੀ ਸਿਰਲੱਥ ਯੋਧਿਆਂ ਦੀ ਇਕ ਅਜੇਹੀ ਜਮਾਤ ਪੈਦਾ ਕੀਤੀ ਜੋ ਆਪਣੇ ਤਿਆਗ, ਬਲੀਦਾਨ, ਧਰਮ ਭਾਵਨਾ ਤੇ ਦੇਸ਼ ਭਗਤੀ ਵਿਚ ਸਦਾ ਮੂਹਰਲੀਆਂ ਪਾਲਾਂ ਵਿਚ ਰਹੀ।



Namdhari Elibrary NamdhariElibrary@gmail.com

## ਡਾ: ਹਰਿਭਜਨ ਸਿੰਘ

ਸਾਡਾ ਹਰ ਯੁਗ ਸੰਕਟ ਦਾ ਹੈ
ਸੰਕਟ ਵਿਚ ਇਨਸਾਨ
ਸੰਕਟ ਘਿਰੇ ਮਨੁਖਾਂ ਚੋਂ ਹੀ
ਜਨਮ ਲਏ ਭਗਵਾਨ।
ਧਰਤੀ ਸਾਡਾ ਘਰ, ਏਥੇ ਹੈ
ਸਦਾ ਧਰਮ ਦੀ ਹਾਨ
ਸਾਡੇ ਘਰ ਨੂੰ ਸੋਧਣ ਖਾਤਰ
ਰਬ ਹੋਏ ਮਹਿਮਾਨ।
ਇਹ ਰਬ ਸਾਡਾ ਸੱਕਾ ਸਨੇਹੀ
ਸਾਡੀ ਜਾਨ ਦੀ ਜਾਨ
ਕਿੰਨਾ ਅਜਬ ਕਿ ਉਹੀ, ਉਹ ਸਾਥੋਂ
ਹੋਵੇ ਨਾ ਪਹਿਚਾਨ।
ਕਦੀ ਇਹੋ ਰਬ ਸੂਲੀ ਚੜ੍ਹਦਾ
ਵੈਰੀ ਸਕਲ ਜਹਾਨ
ਸੂਲੀ ਚੜ੍ਹਿਆਂ ਤੇ ਵੀ ਪੱਥਰ
ਸੁਟਣ, ਲੋਕ ਨਦਾਨ।
ਕਦੀ ਘਰੋਂ ਬੇਘਰ ਹੋ ਜਾਵੇ
ਅਪਣੇ ਘਰ ਦੀ ਸ਼ਾਨ
ਕਦੀ ਦੇਸ ਚੋਂ ਪੁਟਣ ਲੋਕੀਂ
ਸੁਟਣ ਦੂਰ ਵਿਰਾਨ।
ਦੇਸ ਰਹੇ ਪਰਦੇਸ ਰਹੇ
ਉਹਦਾ ਦੁਖੀਆਂ ਵਿਚ ਧਿਆਨ
ਨਾਸ਼ੁਕਰੇ ਲੋਕਾਂ ਉਤੇ ਵੀ
ਨਿਤ ਉਹਦਾ ਇਹਸਾਨ।
ਰਾਮ ਚੰਦ੍ਰ ਉਹ, ਰਾਮ ਸਿੰਘ ਉਹ
ਉਹੀ ਰਾਮ ਰਹਿਮਾਨ



Namdhari Elibrary NamdhariElibrary@gmail.com

ਲੰਕਾ ਬਰਮਾ ਭੇਜਣ ਵਾਲਿਆ
ਉਸਦਾ ਰੂਪ ਪਛਾਣ।
ਪਰਦੇਸਾਂ ਵਿਚ ਰਹਿਣ ਵਾਲਿਓ
ਲਾਓ ਜ਼ਰਾ ਅਨੁਮਾਨ,
ਕੀ ਬੀਤੀ ਸਤਿਗੁਰ ਤੇ
ਜਿਸ ਤੋਂ ਖੁੱਸਾ ਹਿੰਦੁਸਤਾਨ।
ਉਸ ਤੋਂ ਕਦੇ ਵਿਸਾਹ ਨਾ ਛੱਡੋ
ਉਹ ਹੈ ਸਦਾ ਮਹਾਨ।
ਮੁੜ ਆਵੇਗਾ ਮੁੜ ਆਵੇਗਾ
ਸੁਲਤਾਨਾਂ ਸੁਲਤਾਨ
ਅਜੇ ਉਸਦੇ ਹਥੀਂ ਹੋਣਾ
ਸਾਡਾ ਵਡ ਕਲਿਆਣ।
ਮਹਾ ਹਨੇਰੇ ਜਗ ਮਗ ਜਗ ਮਗ
ਉਸਦਾ ਗੁਰੂ ਗਿਆਨ।
ਬਿਨਸ ਜਾਇਗਾ ਪਾਪ
ਧਰਮ ਮੁੜ ਹੋਵੇਗਾ ਪਰਧਾਨ
ਮੁੜ ਆਵੇਗਾ ਮੁੜ ਆਵੇਗਾ
ਉਹ ਸ਼ਾਨਾਂ ਦੀ ਸ਼ਾਨ।

●

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com